
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 16
July 26 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਗੁਰਦੁਆਰਾ ਅਮ੍ਰਿਤ ਦਰਬਾਰ ਰੋਜ਼ਵਿਲ ਵਿਖੇ ਖਾਲਸਾ ਡਿਜੀਟਲ ਲਾਇਬ੍ਰੇਰੀ ਐਪ ਦਾ ਉਦਘਾਟਨ **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 11 ਅਤੇ 12 'ਤੇ)**



ਬਖਸ਼ੋ ਕੌਰ ਬੀਸਲਾ ਆਪਣੀਆਂ ਸਾਥਣਾਂ ਦੇ ਨਾਲ ਤੀਆਂ ਦੇ ਮੇਲੇ ਦਰਮਿਆਨ
**ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 14 'ਤੇ)**

# ਰਾਮਨਾਥ ਕੋਵਿੰਦ ਬਣੇ ਭਾਰਤ ਦੇ 14ਵੇਂ ਰਾਸ਼ਟਰਪਤੀ

## ਭਾਰਤ ਦੀ ਵੰਨ ਸੁਵੱਨਤਾ ਸਾਡੀ ਸਫ਼ਲਤਾ ਦੀ ਕੁੰਜੀ- ਰਾਸ਼ਟਰਪਤੀ

**ਨਵੀਂ ਦਿੱਲੀ (ਬਿਊਰੋ)-** ਸ੍ਰੀ ਰਾਮ ਨਾਥ ਕੋਵਿੰਦ ਨੇ 25 ਜੁਲਾਈ ਨੂੰ 14ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲ ਲਿਆ। ਉਹ ਦਲਿਤ ਵਰਗ ਵਿਚੋਂ ਭਾਰਤ ਦੇ ਦੂਜੇ ਰਾਸ਼ਟਰਪਤੀ ਬਣ ਗਏ ਹਨ। ਉਨ੍ਹਾਂ ਇਸ ਮੌਕੇ ਸੰਬੋਧਨ ਕਰਦਿਆਂ ਭਾਰਤ ਦੀ ਵੰਨ ਸੁਵੱਨਤਾ ਨੂੰ ਸਫ਼ਲਤਾ ਦੀ ਕੁੰਜੀ ਦੱਸਿਆ। ਸੰਸਦ ਦੇ ਇਤਿਹਾਸਕ ਕੇਂਦਰੀ ਹਾਲ ਵਿੱਚ ਹਲਫ਼ ਲੈਣ ਤੋਂ ਬਾਅਦ ਉਨ੍ਹਾਂ ਕਿਹਾ, "ਇਸ ਧਰਤੀ ਵਿੱਚ ਸਾਨੂੰ ਰਾਜ, ਖਿੱਤੇ, ਧਰਮ, ਭਾਸ਼ਾਵਾਂ, ਸਭਿਆਚਾਰਕ ਅਤੇ ਜੀਵਨ ਸ਼ੈਲੀਆਂ ਦੇ ਨਾਲ ਨਾਲ ਬਹੁਤ ਕੁਝ ਮਿਲਦਾ ਹੈ। ਅਸੀਂ ਬਹੁਤ ਵੱਖਰੇ, ਮਿਲੇਜੁਲੇ ਅਤੇ ਸੰਗਠਿਤ ਹਾਂ।'' ਪ੍ਰਣਬ ਮੁਖਰਜੀ ਤੋਂ ਬਾਅਦ ਦੇਸ਼ ਦਾ ਸਭ ਤੋਂ ਉੱਚਾ ਸੰਵਿਧਾਨਕ ਅਹੁਦਾ ਹਾਸਲ ਕਰਨ ਵਾਲੇ 71 ਸਾਲਾ ਸ੍ਰੀ ਕੋਵਿੰਦ ਰਾਸ਼ਟਰਪਤੀ ਭਵਨ ਤਕ ਪੁੱਜਣ ਵਾਲੇ ਪਹਿਲੇ ਭਾਜਪਾ ਆਗੂ ਅਤੇ ਦਲਿਤ ਵਰਗ ਵਿਚੋਂ ਦੂਜੇ ਹਨ। ਗਰੀਬ ਪਰਿਵਾਰ ਦੇ ਅੰਤਿਮ ਵਿਅਕਤੀ ਅਤੇ ਬਾਲੜੀ ਤਕ ਮੌਕਿਆਂ ਅਤੇ ਪਹੁੰਚ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ, ''ਇਕ ਰਾਸ਼ਟਰ ਵਜੋਂ ਅਸੀਂ ਬਹੁਤ ਕੁਝ ਹਾਸਲ ਕੀਤਾ ਹੈ, ਪਰ ਹਾਲੇ ਬਹੁਤ ਕੁਝ ਕਰਨ ਦੀ ਲੋੜ ਹੈ। ਚੰਗਾ ਕਰਨਾ ਅਤੇ ਬਿਹਤਰ ਕਰਨਾ ਲਗਾਤਾਰ ਜਾਰੀ ਰਹਿਣਾ ਚਾਹੀਦਾ ਹੈ।'' ਬਿਹਾਰ ਦੇ ਸਾਬਕਾ ਰਾਜਪਾਲ ਨੇ ਮਜ਼ਬੂਤ ਉੱਚ ਵਿਕਾਸ ਅਰਥਚਾਰੇ, ਸਿੱਖਿਅਤ, ਨੈਤਿਕ ਅਤੇ ਸਾਂਝੇ ਭਾਈਚਾਰੇ ਦੇ ਨਾਲ ਨਾਲ ਸਮਾਨਤਾਵਾਦੀ ਸਮਾਜ ਘੜਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹੋ ਸੁਪਨਾ ਮਹਾਤਮਾ ਗਾਂਧੀ ਅਤੇ ਭਾਜਪਾ ਵਿਚਾਰਧਾਰਕ **(ਬਾਕੀ ਸਫਾ 8 ਤੇ)**



## ਭਾਰਤੀ ਸਾਫਟਵੇਅਰ ਪੇਸ਼ੇਵਰਾਂ ਲਈ ਐਚ-1ਬੀ ਵੀਜ਼ਿਆਂ ਦੀ ਪ੍ਰਕਿਰਿਆ ਤੇਜ਼ ਹੋਵੇਗੀ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਨੇ ਭਾਰਤੀ ਸਾਫਟਵੇਅਰ ਪੇਸ਼ੇਵਰਾਂ ਦਾ ਮਨਪਸੰਦ ਐਚ1ਬੀ ਕਾਰਜ ਵੀਜ਼ਾ ਪ੍ਰਕਿਰਿਆ 'ਚ ਤੇਜ਼ੀ ਲਿਆਉਣ ਦਾ ਐਲਾਨ ਕੀਤਾ ਹੈ। ਉੱਚ ਹੁਨਰ ਹਾਸਲ ਵਿਦੇਸ਼ੀ ਪੇਸ਼ੇਵਰਾਂ ਨੂੰ ਦਿੱਤੇ ਜਾਣ ਵਾਲੇ ਇਸ ਵੀਜ਼ੇ ਨੂੰ ਕਾਂਗਰਸ 'ਚ ਬਣੇ ਕਾਨੂੰਨ ਦੀ ਹੱਦ ਤੋਂ ਬਾਹਰ ਰੱਖਿਆ ਗਿਆ ਹੈ। ਇਸ ਵੀਜ਼ੇ ਦੀ ਵਰਤੋਂ ਵਧੇਰੇ ਕਰਕੇ ਉੱਚ ਸਿੱਖਿਆ ਹਾਸਲ ਸਿੱਖਿਆ ਸੰਸਥਾਵਾਂ ਜਾਂ ਵਿਗਿਆਨਿਕ ਖੋਜ ਸੰਸਥਾਵਾਂ ਕਰਦੀਆਂ ਹਨ।

ਐਚ-1 ਵੀਜ਼ਾ ਗ਼ੈਰ ਪਰਵਾਸੀ ਵੀਜ਼ਾ ਹੈ ਜਿਸ ਤਹਿਤ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਾਰੋਬਾਰਾਂ ਲਈ ਵਿਦੇਸ਼ੀ ਕਰਮਚਾਰੀਆਂ ਨੂੰ ਰੱਖਣ ਦੀ ਇਜਾਜ਼ਤ ਮਿਲਦੀ ਹੈ ਤੇ ਇਸ 'ਚ ਵਿਸ਼ੇਸ਼ ਖੇਤਰਾਂ 'ਚ ਸਿੱਧਾਂਤਕ ਜਾਂ ਤਕਨੀਕੀ ਮਾਹਰਤਾ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਤਕਨੀਕੀ ਕੰਪਨੀਆਂ ਨੂੰ ਹਰ ਸਾਲ ਅਜਿਹੇ ਕਰਮਚਾਰੀਆਂ ਦੀ ਭਰਤੀ ਲਈ ਇਸ ਵੀਜ਼ੇ 'ਤੇ ਨਿਰਭਰ ਰਹਿਣਾ ਪੈਂਦਾ ਹੈ। ਰਾਸ਼ਟਰਪਤੀ ਚੋਣਾਂ ਦੌਰਾਨ ਆਪਣੇ ਚੋਣ ਪ੍ਰਚਾਰ 'ਚ ਟਰੰਪ ਨੇ ਐਚ-1ਬੀ ਤੇ ਐਲ-1 ਵੀਜ਼ਾ ਪ੍ਰੋਗਰਾਮਾਂ 'ਤੇ ਨਿਗਰਾਨੀ ਵਧਾਉਣ ਦਾ ਵਾਅਦਾ ਕੀਤਾ ਸੀ। ਇੱਕ ਸਰਕਾਰੀ ਬਿਆਨ 'ਚ ਬੀਤੇ ਦਿਨ ਕਿਹਾ ਗਿਆ ਹੈ ਕਿ ਅਮਰੀਕੀ ਨਾਗਰਿਕਤਾ ਤੇ ਇੰਮੀਗਰੇਸ਼ਨ ਸੇਵਾ (ਯੂ ਐਸ ਸੀ ਆਈ ਐਸ) ਤੁਰੰਤ ਪ੍ਰਭਾਵ ਨਾਲ ਕੁਝ ਕੈਪ ਛੋਟ ਵਾਲੀਆਂ ਐਚ-1 ਬੀ ਦੀਆਂ ਅਪੀਲਾਂ 'ਤੇ ਪ੍ਰੀਮੀਅਮ ਪ੍ਰਕਿਰਿਆ ਫਿਰ ਤੋਂ ਸ਼ੁਰੂ ਕਰ ਦੇਵੇਗਾ। ਐਚ-1 ਬੀ ਵੀਜ਼ਾ ਤਹਿਤ ਇੱਕ ਵਿੱਤੀ ਵਰ੍ਹੇ 'ਚ ਵੱਧ ਤੋਂ ਵੱਧ 60 ਹਜ਼ਾਰ ਵੀਜ਼ੇ ਜਾਰੀ ਹੋ ਸਕਦੇ ਹਨ।






MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


ELITE REALTY SERVICES
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax: 916-917-5773
Office: 916-681-5112
shangararam2@gmail.com
7412 Elsie Ave., Sacramento, CA 95828

Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
ELITE REALTY SERVICES
7412 Elsie Avenue Sacramento, CA 95828
Cell : 916-770-9334
Jasvinder.sandhu@yahoo.com

Jasvinder Sandhu

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA MARKET

SWEETS & SPICES

CHAAT PLATE ONLY FOR $2.99

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

**Super Eyebrow Threading Now Open**

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511

Email: IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



# KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram



# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਕੌਸਮਿਕ ਕਿਰਨਾਂ ਦੇ ਅਧਿਐਨ 'ਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੇ ਪ੍ਰੋਫੈਸਰ ਯਸ਼ ਪਾਲ ਦਾ ਦੇਹਾਂਤ

**ਨਵੀਂ ਦਿੱਲੀ–** ਕੌਸਮਿਕ ਕਿਰਨਾਂ ਦੇ ਅਧਿਐਨ 'ਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੇ ਭਾਰਤੀ ਵਿਗਿਆਨੀ ਪ੍ਰੋਫੈਸਰ ਯਸ਼ ਪਾਲ ਦਾ ਬੀਤੀ ਰਾਤ ਦੇਹਾਂਤ ਹੋ ਗਿਆ। ਉਹ 90 ਸਾਲਾਂ ਦੇ ਸਨ। ਉਨ੍ਹਾਂ ਦੇ ਪੁੱਤਰ ਰਾਹੁਲ ਪਾਲ ਨੇ ਦੱਸਿਆ ਕਿ ਉਹ ਉਮਰ ਨਾਲ ਸਬੰਧਤ ਬਿਮਾਰੀਆਂ ਕਾਰਨ ਨੋਇਡਾ ਦੇ ਮੈਕਸ ਹਸਪਤਾਲ ਦਾਖਲ ਸਨ, ਜਿੱਥੇ ਬੀਤੀ ਰਾਤ ਅੱਠ ਵਜੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਰਾਹੁਲ ਪਾਲ ਵੀ ਵਿਗਿਆਨ ਤੇ ਤਕਨੀਕ ਮੰਤਰਾਲੇ ਦੇ ਬਾਇਓਟੈਕਨਾਲੋਜੀ ਵਿਭਾਗ 'ਚ ਵਿਗਿਆਨੀ ਹੈ। ਉਨ੍ਹਾਂ ਦੀ ਮੌਤ 'ਤੇ ਦੁੱਖ ਜ਼ਾਹਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ ਕਿ ਉਨ੍ਹਾਂ ਮਹਾਨ ਵਿਗਿਆਨੀ ਤੇ ਸਿੱਖਿਅਕ ਗੁਆ ਲਿਆ ਹੈ। ਯੂਜੀਸੀ ਦੇ ਸਾਬਕਾ ਚੇਅਰਮੈਨ ਰਹੇ ਯਸ਼ ਪਾਲ ਨੇ ਆਪਣਾ ਖੋਜ ਜੀਵਨ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰੀਸਰਚ ਨਾਲ ਸ਼ੁਰੂ ਕੀਤਾ ਸੀ ਤੇ ਉਨ੍ਹਾਂ ਨੂੰ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ ਸੀ।

ਇਸੇ ਤਰ੍ਹਾਂ ਕਾਂਗਰਸ ਆਗੂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੇ ਵੀ ਯਸ਼ ਪਾਲ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਵਿਗਿਆਨ ਤੇ ਤਕਨੀਕ ਤੇ ਭੂ ਵਿਗਿਆਨ ਮੰਤਰੀ ਹਰਸ਼ ਵਰਧਨ, ਤੇ ਬਾਇਓਟੈਕਨਾਲੋਜੀ ਵਿਭਾਗ ਦੇ ਸਕੱਤਰ ਵਿਜੈ ਰਾਘਵਨ ਨੇ ਵੀ ਦੁੱਖ ਜ਼ਾਹਰ ਕੀਤਾ ਹੈ।

ਦੇਸ਼ ਦੇ ਮੋਹਰੀ ਵਿਗਿਆਨੀ ਤੇ ਸਿੱਖਿਆ ਸ਼ਾਸਤਰੀ ਯਸ਼ ਪਾਲ ਸਿੰਘ ਦਾ ਜਨਮ 26 ਨਵੰਬਰ 1926 ਨੂੰ ਝੰਗ 'ਚ (ਹੁਣ ਪਾਕਿਸਤਾਨ 'ਚ) ਹੋਇਆ ਤੇ ਉਹ ਵੱਡੇ ਕੈਥਲ (ਹਰਿਆਣਾ) 'ਚ ਹੋਏ। ਪ੍ਰੋਫੈਸਰ ਯਸ਼ ਪਾਲ ਨਾਸਤਿਕ ਸਨ ਤੇ ਉਹ ਹਰ ਤਰ੍ਹਾਂ



ਦੇ ਪਾਖੰਡ ਦੇ ਖਿਲਾਫ ਰਹੇ। ਉਹ ਦੇਵੀ ਦੇਵਤਿਆਂ, ਜੋਤਿਸ਼, ਧਰਮ ਤੇ ਰਸਮ ਰਿਵਾਜ਼ ਨੂੰ ਗੈਰ-ਵਿਗਿਆਨਿਕ ਮੰਨਦੇ ਸਨ।

ਉਨ੍ਹਾਂ ਭੌਤਿਕ ਵਿਗਿਆਨ ਦੀ ਐਮਏ 1949 'ਚ ਪੰਜਾਬ ਯੂਨੀਵਰਸਿਟੀ ਤੋਂ ਕੀਤੀ ਤੇ ਪੀਐਚਡੀ ਮੈਸਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ 1958 'ਚ ਕੀਤੀ। ਉਨ੍ਹਾਂ ਆਪਣੇ ਕਿੱਤੇ ਦੀ ਸ਼ੁਰੂਆਤ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰੀਸਰਚ (ਟੀਆਈਐਫਆਰ), ਬੌਬੇ ਤੋਂ ਕੌਸਮਿਕ ਕਿਰਨਾਂ ਗਰੁੱਪ ਦੇ ਮੈਂਬਰ ਵਜੋਂ ਕੀਤੀ। ਉਹ 1973 'ਚ ਯਸ਼ ਪਾਲ ਅਹਿਮਦਾਬਾਦ ਸਥਿਤ ਪੁਲਾੜ ਕੇਂਦਰ ਦੇ ਪਹਿਲੇ ਨਿਰਦੇਸ਼ਕ ਲਾਏ ਗਏ। ਉਨ੍ਹਾਂ ਨੂੰ 1981-82 'ਚ ਪੁਲਾੜ ਬਾਰੇ ਦੂਜੀ ਸੰਯੁਕਤ ਰਾਸ਼ਟਰ ਕਾਨਫਰੰਸ ਦਾ ਸਕੱਤਰ ਜਨਰਲ ਚੁਣਿਆ ਗਿਆ। 1983-84 ਤੱਕ ਉਹ ਯੋਜਨਾ ਕਮਿਸ਼ਨਰ ਦੇ ਮੁੱਖ ਸਲਾਹਕਾਰ ਤੇ 1984-86 ਤੱਕ ਉਹ ਵਿਗਿਆਨ ਤੇ ਤਕਨੀਕ ਵਿਭਾਗ ਦੇ ਸਕੱਤਰ ਰਹੇ। 1986 ਤੋਂ 91 ਤੱਕ ਉਨ੍ਹਾਂ ਯੂਨੀਵਰਸਿਟੀ ਗਰਾਂਟ ਕਮਿਸ਼ਨ ਦੇ ਚੇਅਰਮੈਨ ਵਜੋਂ ਸੇਵਾਵਾਂ ਨਿਭਾਈਆਂ। ਯਸ਼ ਪਾਲ ਦੂਰਦਰਸ਼ਨ 'ਤੇ ਵਿਗਿਆਨ ਪ੍ਰੋਗਰਾਮ 'ਟਰਨਿੰਗ ਪੁਆਇੰਟ' 'ਚ ਲਗਾਤਾਰ ਆਉਣ ਕਰਕੇ ਜਾਣੇ ਜਾਂਦੇ ਸਨ, ਜਿਸ 'ਚ ਉਹ ਸਾਧਾਰਨ ਭਾਸ਼ਾ 'ਚ ਵਿਗਿਆਨ ਦੇ ਨੁਕਤੇ ਸਮਝਾਉਂਦੇ ਸਨ। ਉਹ ਨਾਲ ਵਿਗਿਆਨ ਨਾਲ ਸਬੰਧਤ ਸਵਾਲਾਂ ਦੇ ਜਵਾਬ ਦੇਣ ਲਈ ਰੋਜ਼ਾਨਾ ਅੰਗਰੇਜ਼ੀ 'ਦਿ ਟ੍ਰਿਬਿਊਨ' ਲਈ ਵੀ ਲਿਖਦੇ ਰਹੇ। ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਨ (1976), ਪਦਮ ਵਿਭੂਸ਼ਨ (2013), ਵਿਗਿਆਨ ਦੇ ਪ੍ਰਚਾਰ ਲਈ ਇੰਦਰਾ ਗਾਂਧੀ ਪੁਰਸਕਾਰ (2000) ਅਤੇ ਮੇਘਨਾਦ ਸਾਹਾ ਮੈਡਲ (2006) 'ਚ ਦਿੱਤਾ ਗਿਆ।

# ਪੰਜ ਤੱਤਾਂ ਵਿੱਚ ਵਿਲੀਨ ਹੋਏ ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਆਖਰੀ ਮਹਾਰਾਣੀ ਮਾਤਾ ਮਹਿੰਦਰ ਕੌਰ

**ਪਟਿਆਲਾ–** ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਆਖਰੀ ਮਹਾਰਾਣੀ ਸ੍ਰੀਮਤੀ ਮਹਿੰਦਰ ਕੌਰ (ਰਾਜ ਮਾਤਾ) ਪੰਜ ਤੱਤਾਂ ਵਿੱਚ ਵਿਲੀਨ ਹੋ ਗਏ। ਸਥਾਨਕ 'ਸ਼ਾਹੀ ਸਮਾਧਾਂ' ਵਿੱਚ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਨ੍ਹਾਂ ਦੇ ਪੁੱਤਰਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਰਾਜਾ ਮਾਲਵਿੰਦਰ ਸਿੰਘ ਨੇ ਚਿਖਾ ਨੂੰ ਅਗਨੀ ਵਿਖਾਈ। ਪੋਤਰਾ ਰਣਇੰਦਰ ਸਿੰਘ ਟਿੱਕੂ ਵੀ ਇਸ ਮੌਕੇ ਉਨ੍ਹਾਂ ਦੇ ਨਾਲ ਸੀ। ਅੰਤਿਮ ਰਸਮਾਂ ਮੌਕੇ ਵੱਡੀ ਗਿਣਤੀ ਆਮ ਲੋਕਾਂ ਸਮੇਤ ਰਾਜਪਾਲ, ਮੰਤਰੀ, ਵਿਧਾਇਕ ਤੇ ਅਫ਼ਸਰਸ਼ਾਹ ਆਦਿ ਹਾਜ਼ਰ ਸਨ। ਇਸ ਤੋਂ ਪਹਿਲਾਂ ਰਾਜਮਾਤਾ ਦੀ ਅੰਤਿਮ ਯਾਤਰਾ ਮੋਤੀ ਮਹਿਲ ਤੋਂ ਸ਼ੁਰੂ ਹੋ ਕੇ ਵੱਖ ਵੱਖ ਬਾਜ਼ਾਰਾਂ ਵਿੱਚੋਂ ਹੁੰਦੀ ਹੋਈ ਸ਼ਾਹੀ ਸਮਾਧਾਂ ਤੱਕ ਪੁੱਜੀ। ਲੋਕਾਂ ਨੇ ਰਸਤੇ 'ਚ ਥਾਂ ਥਾਂ ਫੁੱਲਾਂ ਦੀ ਵਰਖਾ ਕੀਤੀ। ਇਸ ਮੌਕੇ ਪਰਨੀਤ ਕੌਰ, ਹਰਪ੍ਰਿਯਾ ਕੌਰ, ਬੀਬਾ ਜੈ ਇੰਦਰ ਕੌਰ, ਗੁਰਪਾਲ ਸਿੰਘ, ਹੇਮਇੰਦਰ ਕੌਰ, ਰੁਪਿੰਦਰ ਕੌਰ, ਕੰਵਰ ਨਟਵਰ ਸਿੰਘ, ਮੇਜਰ ਕੰਵਲਜੀਤ ਸਿੰਘ ਢਿੱਲੋਂ, ਇੰਦਰਜੀਤ ਸਿੰਘ ਜੇਜੀ, ਗੁਰਸ਼ਰਨ ਸਿੰਘ ਜੇਜੀ, ਸਿਮਰਨਜੀਤ ਸਿੰਘ ਮਾਨ ਸਮੇਤ ਇਨਾਇਤਇੰਦਰ ਕੌਰ ਆਦਿ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਮੌਜੂਦ ਸਨ।

ਇਸ ਤੋਂ ਇਲਾਵਾ ਪੰਜਾਬ ਦੇ ਰਾਜਪਾਲ ਵੀ.ਪੀ ਸਿੰਘ ਬਦਨੌਰ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਡੀ.ਜੀ.ਪੀ. ਸੁਰੇਸ਼ ਅਰੋੜਾ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਤੇ ਭੁਪਿੰਦਰ ਸਿੰਘ ਹੁੱਡਾ ਕਾਂਗਰਸੀ ਆਗੂ ਲਾਲ ਸਿੰਘ ਅਤੇ ਉਨ੍ਹਾਂ ਦਾ ਵਿਧਾਇਕ ਪੁੱਤਰ ਰਜਿੰਦਰ ਸਿੰਘ, ਕਾਂਗਰਸ ਪ੍ਰਧਾਨ ਸੁਨੀਲ ਜਾਖੜ, ਅਕਾਲੀ ਦਲ ਤੋਂ ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਕੋਹਲੀ, ਐਨ.ਕੇ.



ਸ਼ਰਮਾ, ਹਰਵਿੰਦਰ ਹਰਪਾਲਪੁਰ, ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ ਸਿੰਘ, ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਮੰਤਰੀ ਬ੍ਰਹਮ ਮਹਿੰਦਰਾ, ਨਵਜੋਤ ਸਿੱਧੂ, ਮਨਪ੍ਰੀਤ ਬਾਦਲ, ਰਾਣਾ ਗੁਰਜੀਤ ਸਿੰਘ ਆਦਿ ਆਗੂਆਂ ਨੇ ਵੀ ਸ਼ਰਧਾਂਜਲੀਆਂ ਭੇਟ ਕੀਤੀਆਂ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਵੇਂ ਅੰਤਿਮ ਰਸਮਾਂ ਵਿੱਚ ਸ਼ਾਮਲ ਨਾ ਹੋ ਸਕੇ, ਪਰ ਉਨ੍ਹਾਂ ਸ਼ਾਮ ਸਮੇਂ ਨਿਊ ਮੋਤੀ ਬਾਗ ਪੈਲੇਸ ਵਿੱਚ ਜਾ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਸਮੇਤ ਹੋਰਨਾਂ ਪਰਿਵਾਰਕ ਮੈਂਬਰਾਂ ਨਾਲ ਦੁੱਖ ਵੰਡਾਇਆ। ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ, ਸੁਰਜੀਤ ਸਿੰਘ ਰੱਖੜਾ, ਤੋਤਾ ਸਿੰਘ, ਖਾਦੀ ਬੋਰਡ ਦੇ ਸੀ.ਵਾਈਸ ਚੇਅਰਮੈਨ ਹਰਵਿੰਦਰ ਸਿੰਘ ਹਰਪਾਲਪੁਰ ਅਤੇ ਯੂਥ ਵਿੰਗ ਦੇ ਮਾਲਵਾ ਜ਼ੋਨ ਦੇ ਪ੍ਰਧਾਨ ਹਰਪਾਲ ਜੁਨੇਜਾ ਆਦਿ ਮੌਜੂਦ ਸਨ।

# ਚੀਨੀ ਵਿਦੇਸ਼ ਮੰਤਰੀ ਨੇ ਭਾਰਤੀ ਫ਼ੌਜਾਂ ਵਾਪਸ ਬੁਲਾਏ ਜਾਣ ਦੀ ਮੰਗ ਦੁਹਰਾਈ

**ਪੇਈਚਿੰਗ–** ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਸਰਹੱਦੀ ਵਿਵਾਦ ਲਈ ਭਾਰਤ ਨੂੰ ਜ਼ਿੰਮੇਵਾਰ ਆਖਦਿਆਂ ਇਸ ਨੂੰ ਡੋਕਲਾਮ 'ਚੋਂ ਆਪਣੇ ਫ਼ੌਜੀ ਵਾਪਸ ਬੁਲਾਉਣ ਲਈ ਕਿਹਾ ਹੈ। ਇਹ ਪਹਿਲੀ ਵਾਰ ਹੈ ਕਿ ਚੀਨ ਦੇ ਇੱਕ ਉੱਚ ਸਰਕਾਰੀ ਅਧਿਕਾਰੀ ਨੇ ਸਿੱਕਮ ਵਿੱਚ ਚੱਲ ਰਹੇ ਸਰਹੱਦੀ ਵਿਵਾਦ ਸਬੰਧੀ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ, "ਸਹੀ ਅਤੇ ਗਲਤ ਸਪਸ਼ਟ ਹੈ। ਇੱਥੋਂ ਤਕ ਕਿ ਸੀਨੀਅਰ ਭਾਰਤੀ ਅਧਿਕਾਰੀਆਂ ਨੇ ਸ਼ਰ੍ਹੇਆਮ ਕਿਹਾ ਹੈ ਕਿ ਚੀਨ ਦੀਆਂ ਫ਼ੌਜਾਂ ਭਾਰਤੀ ਇਲਾਕੇ ਵਿੱਚ ਦਾਖ਼ਲ ਨਹੀਂ ਹੋਈਆਂ ਹਨ। ਇੰਜ, ਭਾਰਤ ਨੇ ਇਹ ਮੰਨ ਲਿਆ ਹੈ ਕਿ ਇਹ ਚੀਨ ਦੇ ਇਲਾਕੇ ਵਿੱਚ ਦਾਖ਼ਲ ਹੋਇਆ ਹੈ। ਇਸ ਦਾ ਹੱਲ ਬਹੁਤ ਆਸਾਨ ਹੈ। ਭਾਰਤ ਨੂੰ ਆਪਣੀਆਂ ਫ਼ੌਜਾਂ ਨੂੰ ਇਮਾਨਦਾਰੀ ਨਾਲ ਵਾਪਸ ਬੁਲਾ ਲੈਣਾ ਚਾਹੀਦਾ ਹੈ।"

ਜ਼ਿਕਰਯੋਗ ਹੈ ਕਿ ਭਾਰਤ ਵੱਲੋਂ ਚੀਨ ਦੀ ਫ਼ੌਜ ਨੂੰ ਵਿਵਾਦਤ ਇਲਾਕੇ ਵਿੱਚ ਸੜਕ ਉਸਾਰੀ ਤੋਂ ਰੋਕਣ ਤੋਂ ਬਾਅਦ ਹੀ ਚੀਨੀ ਅਤੇ ਭਾਰਤੀ ਫ਼ੌਜੀ ਡੋਕਲਾਮ ਵਿੱਚ ਆਹਮੋ-ਸਾਹਮਣੇ ਹਨ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਬੀਤੇ ਵੀਰਵਾਰ ਨੂੰ ਸੰਸਦ ਵਿੱਚ ਦੱਸਿਆ ਸੀ ਕਿ ਕਿਸੇ ਵੀ ਕਿਸਮ ਦੀ ਗੱਲਬਾਤ ਲਈ ਦੋਵਾਂ ਮੁਲਕਾਂ ਨੂੰ ਆਪਣੀਆਂ ਫ਼ੌਜਾਂ ਵਾਪਸ ਬੁਲਾ ਲੈਣੀਆਂ ਚਾਹੀਦੀਆਂ ਹਨ ਤਾਂ ਕਿ ਸਰਹੱਦੀ ਵਿਵਾਦ ਦਾ ਸ਼ਾਂਤਮਈ ਹੱਲ ਕੱਢਿਆ ਜਾ ਸਕੇ। 'ਬ੍ਰਿਕਸ' ਮੁਲਕਾਂ ਦੇ ਕੌਮੀ ਸੁਰੱਖਿਆ ਸਲਾਹਕਾਰਾਂ ਦੀ 27-28 ਜੁਲਾਈ ਨੂੰ ਹੋਣ ਵਾਲੀ ਮੀਟਿੰਗ ਲਈ ਪੇਈਚਿੰਗ ਪੁੱਜ ਰਹੇ ਭਾਰਤੀ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਫੇਰੀ ਦੌਰਾਨ ਡੋਕਲਾਮ ਵਿਸ਼ੇ 'ਤੇ ਗੱਲਬਾਤ ਹੋਣ ਦੀ ਸੰਭਾਵਨਾ ਹੈ।

**ਚੀਨ ਦਾ ਮੀਡੀਆ ਦੋ ਹਿੱਸਿਆਂ 'ਚ ਵੰਡਿਆ**

ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਦੋਵਾਲ ਦੀ ਫੇਰੀ ਤੋਂ ਪਹਿਲਾਂ ਚੀਨ ਦਾ ਸਰਕਾਰੀ ਮੀਡੀਆ ਦੋ ਹਿੱਸਿਆਂ ਵਿੱਚ ਵੰਡਿਆ ਨਜ਼ਰ ਆ ਰਿਹਾ ਹੈ। ਜਿੱਥੇ 'ਚਾਈਨਾ ਡੇਲੀ' ਨੂੰ ਭਾਰਤ ਨਾਲ ਇਸ ਵਿਵਾਦ ਦੇ ਸ਼ਾਂਤਮਈ ਹੱਲ ਦੀ ਉਮੀਦ ਹੈ, ਉੱਥੇ 'ਗਲੋਬਲ ਟਾਈਮਜ਼' ਦਾ ਕਹਿਣਾ ਹੈ ਕਿ ਦੋਵਾਲ ਦੀ ਫੇਰੀ ਨਾਲ ਚੀਨ ਪ੍ਰਭਾਵਿਤ ਨਹੀਂ ਹੋਵੇਗਾ। 'ਚਾਈਨਾ ਡੇਲੀ' ਨੇ ਆਪਣੀ ਸੰਪਾਦਕੀ ਵਿੱਚ ਲਿਖਿਆ ਹੈ ਕਿ 'ਭਾਰਤ ਲਈ ਆਪਣਾ ਰਸਤਾ ਸੁਧਾਰਨ 'ਚ ਕੋਈ ਦੇਰੀ ਨਹੀਂ ਹੋਈ ਹੈ। ਇਸ ਨੇ ਟਕਰਾਅ ਤੋਂ ਬਚਾਅ ਲਈ ਤਰੀਕੇ ਲੱਭਣ 'ਤੇ ਜ਼ੋਰ ਦਿੱਤਾ ਹੈ।' 'ਗਲੋਬਲ ਟਾਈਮਜ਼' ਨੇ ਆਪਣੇ ਸੰਪਾਦਕੀ ਵਿੱਚ ਲਿਖਿਆ ਹੈ ਕਿ ਇਸ ਫੇਰੀ ਨਾਲ ਵਿਵਾਦ ਸਬੰਧੀ ਚੀਨ ਦਾ ਰੁਖ ਨਹੀਂ ਬਦਲੇਗਾ। ਜਦੋਂ ਤਕ ਭਾਰਤੀ ਫ਼ੌਜੀ ਵਾਪਸ ਨਹੀਂ ਬੁਲਾਏ ਜਾਂਦੇ, ਚੀਨ ਗੱਲਬਾਤ ਨਹੀਂ ਕਰੇਗਾ।

ਸਿੱਕਮ ਵਿੱਚ ਭਾਰਤ ਨਾਲ ਟਕਰਾਅ ਦੌਰਾਨ ਅੱਜ ਚੀਨ ਨੇ ਕਿਹਾ ਕਿ ਉਹ ਆਪਣੇ ਸੁਰੱਖਿਆ ਹਿੱਤਾਂ ਦੀ 'ਹਰ ਕੀਮਤ' ਉੱਤੇ ਰਾਖੀ ਕਰੇਗਾ ਅਤੇ ਉਸ ਦੀ ਪ੍ਰਭੂਸੱਤਾ 'ਅਜਿੱਤ' ਹੈ। ਇਸ ਟਕਰਾਅ ਦੇ ਹੱਲ ਲਈ ਕੌਮੀ ਸੁਰੱਖਿਆ ਸਲਾਹਕਾਰਾਂ (ਐਨਐਸਏ) ਦਰਮਿਆਨ ਇਸ ਹਫ਼ਤੇ ਹੋਣ ਵਾਲੀ ਗੱਲਬਾਤ ਤੋਂ ਪਹਿਲਾਂ ਚੀਨ ਦੇ ਰੱਖਿਆ ਮੰਤਰਾਲੇ ਦੇ ਤਰਜਮਾਨ ਵੂ ਕਿਆਨ ਦਾ ਇਹ ਬਿਆਨ ਆਇਆ ਹੈ।

ਚੀਨ ਦੇ ਸਖ਼ਤ ਸਟੈਂਡ ਨੂੰ ਦੁਹਰਾਉਂਦਿਆਂ ਤਰ-ਜਮਾਨ ਨੇ ਕਿਹਾ ਕਿ ਚੀਨ ਦੀ ਆਪਣੀ ਪ੍ਰਭੂਤਾ ਦੀ ਰੱਖਿਆ ਕਰਨ ਦੀ ਇੱਛਾ ਸ਼ਕਤੀ 'ਅਜਿੱਤ' ਹੈ।

ਪੀਪਲਜ਼ ਲਿਬਰੇਸ਼ਨ ਆਰਮੀ (ਪੀਐਲਏ) ਦੀ 90ਵੀਂ ਵਰ੍ਹੇਗੰਢ ਤੋਂ ਪਹਿਲਾਂ ਉਨ੍ਹਾਂ ਕਿਹਾ, 'ਚੀਨ ਆਪਣੇ ਸੁਰੱਖਿਆ ਹਿੱਤਾਂ ਦੀ ਹਰ ਕੀਮਤ 'ਤੇ ਹਿਫ਼ਾਜ਼ਤ ਕਰੇਗਾ। ਭਾਰਤ ਨੂੰ ਚੀਜ਼ਾਂ ਨੂੰ ਕਿਸਮਤ 'ਤੇ ਨਹੀਂ ਛੱਡਣਾ ਚਾਹੀਦਾ ਅਤੇ ਸਚਾਈ ਤੋਂ ਦੂਰੇਡੇ ਭਰਮ ਨਹੀਂ ਪਾਲਣੇ ਚਾਹੀਦੇ।' ਸਿੱਕਮ ਸੈਕਟਰ ਦੇ ਡੋਕਲਾਮ ਇਲਾਕੇ ਵਿੱਚ ਦੋਵੇਂ ਮੁਲਕਾਂ ਦੇ ਫ਼ੌਜੀਆਂ ਵਿਚਾਲੇ ਟਕਰਾਅ ਬਾਰੇ ਉਨ੍ਹਾਂ ਨੇ ਭਾਰਤ ਨੂੰ 'ਆਪਣੀ ਗਲਤੀ ਸੁਧਾਰਨ' ਦੀ ਅਪੀਲ ਕੀਤੀ।

ਪੀਐਲਏ ਵੱਲੋਂ ਇਸ ਖੇਤਰ ਵਿੱਚ ਹੰਗਾਮੀ ਹਾਲਤ ਵਿੱਚ ਕੀਤੇ ਪ੍ਰਬੰਧਾਂ ਅਤੇ ਫ਼ੌਜੀਆਂ ਦੀ ਤਾਇਨਾਤੀ ਵਧਾਉਣੀ ਜਾਰੀ ਰੱਖਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ, 'ਅਸੀਂ ਭਾਰਤ ਨੂੰ ਆਪਣੀ ਗਲਤੀ ਸੁਧਾਰਨ ਲਈ ਅਸਲਵਾਦੀ ਕਦਮ ਚੁੱਕਣ, ਭੜਕਾਹਟ ਰੋਕਣ ਅਤੇ ਇਸ ਸਰਹੱਦੀ ਖੇਤਰ ਦੀ ਸ਼ਾਂਤੀ ਤੇ ਰਾਖੀ ਲਈ ਚੀਨ ਨਾਲ ਹੱਥ ਮਿਲਾਉਣ ਲਈ ਜ਼ੋਰਦਾਰ ਅਪੀਲ ਕਰਦੇ ਹਾਂ।'

# ਹਰਜੀਤ ਮਸੀਹ ਵੱਲੋਂ 39 ਭਾਰਤੀਆਂ ਦੇ ਜ਼ਿੰਦਾ ਨਾ ਹੋਣ ਦਾ ਮੁੜ ਦਾਅਵਾ

**ਬਟਾਲਾ–** ਇਰਾਕ 'ਚੋਂ ਬਚ ਕੇ ਆਏ ਹਰਜੀਤ ਮਸੀਹ ਨੇ ਅੱਜ ਮੁੜ ਦਾਅਵਾ ਕੀਤਾ ਹੈ ਕਿ ਇਸਲਾਮਿਕ ਸਟੇਟ ਨੇ 39 ਭਾਰਤੀਆਂ ਨੂੰ ਉਸ ਦੀਆਂ ਅੱਖਾਂ ਸਾਹਮਣੇ ਖਤਮ ਕਰ ਦਿੱਤਾ ਸੀ। ਉਸ ਨੇ ਭਾਰਤ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਨੂੰ 'ਸੱਚ' ਬੋਲਣ ਦੀ ਸਜ਼ਾ ਦਿੱਤੀ ਗਈ ਹੈ। ਉਸ 'ਤੇ ਝੂਠਾ ਕੇਸ ਦਰਜ ਕਰ ਕੇ ਜਿੱਥੇ ਪੰਜ ਮਹੀਨੇ ਜੇਲ੍ਹ 'ਚ ਰੱਖਿਆ, ਉੱਥੇ ਤਸ਼ੱਦਦ ਵੀ ਕੀਤਾ। ਹਰਜੀਤ ਮਸੀਹ ਅੱਜ-ਕੱਲ੍ਹ ਜ਼ਮਾਨਤ 'ਤੇ ਆਇਆ ਹੋਇਆ ਹੈ। ਉਧਰ, ਇਰਾਕ ਦੇ ਵਿਦੇਸ਼ ਮੰਤਰੀ ਵੱਲੋਂ 39 ਭਾਰਤੀਆਂ ਦੇ ਜ਼ਿੰਦਾ ਹੋਣ ਬਾਰੇ ਕੋਈ ਜਾਣਕਾਰੀ ਨਾ ਹੋਣ ਦੇ ਬਿਆਨ ਨੇ ਸਬੰਧਤ ਪੰਜਾਬੀ ਪਰਿਵਾਰਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ।

ਬਟਾਲਾ ਨੇੜਲੇ ਪਿੰਡ ਕਾਲਾ ਅਫ਼ਗਾਨਾ ਦੇ ਰਹਿਣ ਵਾਲੇ ਹਰਜੀਤ ਮਸੀਹ ਨੇ ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਅੱਜ ਵੀ ਆਪਣੇ ਬਿਆਨਾਂ 'ਤੇ ਕਾਇਮ ਹੈ। ਮਸੀਹ ਨੇ ਕਿਹਾ ਕਿ ਉਸ ਨੂੰ 'ਸੱਚ' ਬੋਲਣ ਦੀ ਭਾਰੀ ਕੀਮਤ ਚੁਕਾਉਣੀ ਪਈ ਹੈ। ਉਸ ਨੇ ਦਾਅਵਾ ਕੀਤਾ ਕਿ ਇਸਲਾਮਿਕ ਸਟੇਟ ਦੇ ਜਹਾਦੀਆਂ ਨੇ ਉਸ ਦੀਆਂ ਅੱਖਾਂ ਸਾਹਮਣੇ ਸਾਰੇ ਭਾਰਤੀਆਂ ਨੂੰ ਖਤਮ ਕਰ ਦਿੱਤਾ ਸੀ। ਉਸ ਨੇ ਦੱਸਿਆ ਕਿ ਉਹ ਜਦੋਂ ਇਰਾਕ ਤੋਂ ਭਾਰਤ ਆਇਆ ਤਾਂ ਉਸ ਨੂੰ ਸਾਲ ਭਰ ਦਿੱਲੀ, ਗੁੜਗਾਉਂ ਤੇ ਨੋਇਡਾ ਵਿੱਚ ਰੱਖਿਆ ਗਿਆ। ਉਸ ਸਮੇਂ ਵੱਖ ਵੱਖ ਏਜੰਸੀਆਂ ਨੇ ਉਸ ਕੋਲੋਂ ਪੁੱਛ-ਪੜਤਾਲ ਕੀਤੀ ਤੇ ਉਸ ਨੂੰ ਸੱਚ ਬੋਲਣ ਦੀ ਸਜ਼ਾ ਦਿੱਤੀ ਗਈ।

# ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਵੱਲੋਂ 29 ਜੁਲਾਈ ਨੂੰ ਹੋਣ ਵਾਲੇ ਨੌਵੇਂ ਅੰਤਰ-ਰਾਸ਼ਟਰੀ ਯੁਵਕ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਵਿਦੇਸ਼ਾ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆ ਨੂੰ ਉਸ ਨਾਲ ਜੋੜਨ ਲਈ ਜੀ. ਐਚ. ਜੀ. ਸੰਗੀਤ ਅਤੇ ਡਾਂਸ ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਵਾਗ ਇਸ ਸਾਲ ਸਲਾਨਾ ਗਿੱਧਾ, ਭੰਗੜਾ ਅਤੇ ਸੰਗੀਤ ਆਦਿਕ ਪੰਜਾਬੀ ਸੱਭਿਆਚਾਰਕ ਸਿਖਲਾਈ ਕੈਂਪ 14 ਜੁਲਾਈ ਤੋਂ 28 ਜੁਲਾਈ ਤੱਕ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਬੜੀ ਸਫਲਤਾ ਨਾਲ ਚਲ ਰਿਹਾ ਹੈ। ਇਸ ਕੈਂਪ ਵਿੱਚ 500 ਤੋਂ ਵਧੀਕ ਬੱਚੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿਕ ਗਤੀਵਿਧੀਆਂ ਦੀ ਸਿੱਖਿਆ ਸੁੱਚੇ ਮਾਹਰਾ ਤੋਂ ਪ੍ਰਾਪਤ ਕਰ ਰਹੇ ਹਨ। ਬੱਚਿਆ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਰਿਹਾ ਅਤੇ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾ ਰਹੇ ਹਨ। ਇਸ ਤੋਂ ਇਲਾਵਾ ਪਰਿਵਾਰਕ ਮੈਂਬਰ ਅਤੇ ਬਜ਼ੁਰਗ ਵੀ ਆਪਸੀ ਮਿਲ ਸਾਂਝਾ ਸਮਾਂ ਬਤੀਤ ਕਰ ਖੁਸ਼ੀ ਮਹਿਸੂਸ ਕਰ ਰਹੇ ਹਨ।

ਕੈਂਪ ਦੀ ਸਮਾਪਤੀ ਦੇ ਆਖਰੀ ਦਿਨ 29 ਜੁਲਾਈ ਦਿਨ ਸ਼ਨੀਵਾਰ ਨੂੰ ਨੌਵਾਂ ਅੰਤਰ-ਰਾਸਟਰੀ ਪੱਧਰ ਤੇ ਯੁਵਕ ਮੇਲਾ ਕਰਵਾਇਆ ਜਾਵੇਗਾ।

ਜੋ 'ਸੈਂਟਰਲ ਹਾਈ ਸਕੂਲ' ਫਰਿਜ਼ਨੋ ਵਿਖੇ ਹੋਵੇਗਾ। ਜਿਸ ਦਾ ਪਤਾ 3535 N. Cornelia Ave, Fresno, CA-93722 ਹੈ। ਜਿਸ ਵਿੱਚ ਸਥਾਨਿਕ ਬੱਚਿਆ ਦੀਆਂ ਵੱਖ ਉਮਰ ਵਾਲੀਆਂ ਟੀਮਾ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾ ਸ਼ਿਰਕਤ ਕਰਨਗੀਆਂ। ਜਿੰਨ੍ਹਾਂ ਦੁਆਰਾ ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਹੋਣਗੇ। ਮੇਲੇ ਵਿੱਚ ਹਿੱਸਾ ਲੈਣ ਵਾਲੀਆਂ ਟੀਮਾਂ ਦੀ ਗਿਣਤੀ ਜਿਆਦਾ ਹੋਣ ਕਰਕੇ ਠੀਕ ਸਵੇਰੇ 10:00 ਵਜੇ ਸ਼ੁਰੂ ਹੋ ਜਾਵੇਗਾ। ਸਮੂੰਹ ਭਾਈਚਾਰੇ ਨੂੰ ਪਰਿਵਾਰਾ ਸਮੇਤ ਸਮੇਂ ਸਿਰ ਪਹੁੰਚਣ ਦੀ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾ ਵਿੱਚ ਉਦੈਦੀਪ ਸਿੰਘ ਸਿੱਧੂ (559) 355-4065 ਜਾਂ ਪਰਮਜੀਤ ਸਿੰਘ ਧਾਲੀਵਾਲ (559) 351-9465 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸਾਂਝੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਸਮੁੱਚੀ ਜੀ. ਐਚ. ਜੀ. ਟੀਮ ਦਾ ਸਲਾਘਾਯੋਗ ਉੱਦਮ ਹੈ।

# ਅਗਲੇ 20 ਸਾਲਾਂ ਵਿੱਚ ਪਵੇਗੀ ਸਾਢੇ ਛੇ ਲੱਖ ਨਵੇਂ ਪਾਇਲਟਾਂ ਦੀ ਲੋੜ

**ਨਿਊਯਾਰਕ–** 'ਬੋਇੰਗ' ਵੱਲੋਂ ਜਾਰੀ ਸਾਲਾਨਾ ਰਿਪੋਰਟ ਮੁਤਾਬਕ ਆਲਮੀ ਪੱਧਰ 'ਤੇ ਵਧ ਰਹੀ ਮੰਗ ਮੁਤਾਬਕ ਹਵਾਈ ਕੰਪਨੀਆਂ ਨੂੰ ਅਗਲੇ 20 ਸਾਲਾਂ ਵਿੱਚ 6,37,000 ਨਵੇਂ ਪਾਇਲਟਾਂ ਦੀ ਲੋੜ ਪਵੇਗੀ। ਪਿਛਲੇ ਸਾਲ ਦੀ ਰਿਪੋਰਟ ਦੇ ਮੁਕਾਬਲੇ ਇਸ ਸਾਲ ਦੇ ਤਾਜ਼ਾ ਅੰਦਾਜ਼ੇ ਮੁਤਾਬਕ ਪਾਇਲਟਾਂ ਦੀ ਲੋੜ ਵਿੱਚ 3.6 ਫ਼ੀਸਦੀ ਦਾ ਵਾਧਾ ਦਰਜ ਕੀਤਾ



ਗਿਆ ਹੈ। ਇਕੱਲੇ ਏਸ਼ੀਆ-ਪੈਸੇਫਿਕ ਖ਼ਿੱਤੇ ਵਿੱਚ 2,53,000 ਨਵੇਂ ਪਾਇਲਟਾਂ ਦੀ ਲੋੜ ਪਵੇਗੀ, ਜੋ ਕੁੱਲ ਮੰਗ ਦਾ ਇੱਕ-ਤਿਹਾਈ ਹਿੱਸਾ ਹੈ। ਇਹ ਰਿਪੋਰਟ 'ਬੋਇੰਗ' ਦੀ 'ਗਲੋਬਲ ਸਰਵਿਸਿਜ਼ ਡਿਵੀਜ਼ਨ' ਵੱਲੋਂ ਤਿਆਰ ਕੀਤੀ ਗਈ ਹੈ। ਰਿਪੋਰਟ ਮੁਤਾਬਕ ਸਾਲ 2017 ਤੋਂ 2036 ਤਕ ਉੱਤਰੀ ਅਮਰੀਕਾ ਲਈ 1,17,000 ਜਦਕਿ ਯੂਰਪ ਲਈ 1,06,000 ਨਵੇਂ ਪਾਇਲਟਾਂ ਦੀ ਲੋੜ ਪਵੇਗੀ।

SACRAMENTO Area FUNDRAISER

JULY 29TH 2017
6:30PM - 10:30PM

Sahaita The helping hand

MAIDU COMMUNITY CENTER
1550 Maidu Drive
Roseville, CA 95661

Come see Sahaita shed light on its projects and learn how you can help us grow!

Adult $50
Senior (65+) $40
Children (5-14) $25
Under 5 FREE
Online at sahaita.yapsody.com
Additional $5 at the door

Dinner: MEHFIL Indian Restaurant
Entertainment: DJ Desi Tigerz

Hosted by Shakti Manak

SPECIAL THANKS TO OUR SPONSORS:

Platinum: World Financial Group (Elk Grove)
Gold: Bergen Academies, South Asian Club
Silver: Jaswant Pandher, Anoop Sandhu
Bronze: Rajdeep Sandhu, Gulinder Gill, Ranvir Saini, Ajaypal Singh Batth, Charnjiv Singh Virk, American Truck Sales, Garcha & Gill, Kenny Virk, Ranjit Singh

Contact info@sahaita.org for your sponsorship package

# ਸਹਾਇਤਾ ਵੱਲੋਂ ਪੰਜਾਬ ਅੰਦਰ ਪੀੜਤ ਕਿਸਾਨਾਂ ਦੀ ਮਦਦ ਲਈ ਚੱਲ ਰਹੀ ਮੁਹਿੰਮ ਸਬੰਧੀ ਜਾਣਕਾਰੀ ਦੇਣ ਸਮੇਂ ਤੀਸਰਾ ਸਲਾਨਾਂ ਫੰਡ ਰੇਜ਼ਰ 29 ਜੁਲਾਈ ਨੂੰ ਸੈਕਰਾਮੈਂਟੋ ਏਰੀਏ ਵਿੱਚ ਹੋਣ ਜਾ ਰਿਹਾ ਹੈ

**ਸੈਕਰਾਮੈਂਟੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਸਹਾਇਤਾ ਸੰਸਥਾ ਬਣਾਉਣਾ ਡਾ. ਹਰਕੇਸ਼ ਸੰਧੂ ਦਾ ਮਨੁੱਖਤਾ ਦੀ ਸੇਵਾ ਕਰਨ ਦਾ ਇੱਕ ਸੁਪਨਾ ਸੀ, ਇਹ ਸੰਸਥਾਂ ਪਿਛਲੇ ਬਾਰਾਂ ਸਾਲਾਂ ਤੋਂ ਪੂਰੇ ਭਾਰਤ ਅੰਦਰ ਬੇਸਹਾਰਾ ਬਜ਼ੁਰਗ ਅਤੇ ਬੱਚਿਆਂ ਨੂੰ ਆਸਰਾ ਦਿੰਦੀ ਆ ਰਹੀ ਹੈ।

ਪਿਛਲੇ ਦੋ ਸਾਲਾਂ ਦੇ ਸਫਲ ਤਜ਼ਰਬੇ ਪਿਛੋਂ ਐਤਕੀਂ ਫੇਰ ਸਹਾਇਤਾ ਸੰਸਥਾ ਸੈਕਰਾਮੈਂਟੋ ਏਰੀਏ ਵਿੱਚ ਤੀਸਰਾ ਸਲਾਨਾਂ ਫੰਡ ਰੇਜ਼ਰ 29 ਜੁਲਾਈ ਨੂੰ ਸਥਾਨਕ ਮਾਇਡੂ ਕਮਿਉਂਨਟੀ ਸੈਂਟਰ ਰੋਜ਼ਵਿੱਲ ਵਿੱਚ ਕਰਨ ਜਾ ਰਹੀ ਹੈ। ਇਹੋ ਜਿਹੇ ਮੌਕੇ ਸਹਾਇਤਾ ਸੰਸਥਾਂ ਆਪਣੇ ਚੱਲ ਰਹੇ ਪ੍ਰੋਜੈਕਟਾਂ ਸਬੰਧੀ ਜਾਣਕਾਰੀ ਵੀ ਸਾਝੀ ਕਰਦੀ ਹੈ ਅਤੇ ਲੋਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਵੀ ਕਰਦੀ ਹੈ ਕਿ ਕਿਵੇਂ ਪਿਛਲੇ ਬਾਰਾਂ ਸਾਲਾਂ ਤੋਂ ਸਹਾਇਤਾ ਸੰਸਥਾ ਬਿਨਾਂ ਕਿਸੇ ਕਾਂਮੇ ਨੂੰ ਤਨਖਾਹ ਦਿਤਿਆਂ ਵਲੰਟੀਅਰਾਂ ਦੇ ਸਿਰ ਤੇ ਸਫਲਤਾ ਪੂਰਵਕ ਮਨੁੱਖਤਾ ਦੀ ਸੇਵਾ ਕਰਦੀ ਆ ਰਹੀ ਹੈ, "ਤੇ ਯਕੀਨੀ ਬਣਾਉਦੀ ਹੈ ਕਿ ਤੁਹਾਡੇ ਵਲੋਂ ਭੇਂਟ ਕੀਤੀ ਪਾਈ ਪਾਈ ਸਹੀ ਥਾਂ ਤੇ ਪਹੁੰਚਾਈ ਜਾਵੇ।

ਇਸ ਫੰਡ ਰੇਜ਼ਰ ਦੌਰਾਂਨ ਸਹਾਇਤਾ ਸੰਸਥਾ ਆਪਣੇ ਪਿਛਲੇ ਸਾਲ ਤੋਂ ਚੱਲ ਰਹੇ ਨਵੇਂ ਪ੍ਰੋਜੈਕਟ ਜਿਸ ਵਿੱਚ ਪੰਜਾਬ ਅੰਦਰ ਕਿਸਾਨ–ਮਜਦੂਰ ਖੁਦਕੁਸ਼ੀਆਂ ਤੋਂ ਪੀੜਤ ਪਰਿਵਾਰਾ ਦੇ ਜੀਅ ਅਤੇ ਬੱਚਿਆਂ ਦੀ ਸਾਂਭ ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਵੀ ਹਾਜ਼ਰੀਨ ਨਾਲ ਜਾਣਕਾਰੀ ਸਾਝੀ ਕਰੇਗੀ। ਇਸ ਪ੍ਰੋਜੈਕਟ ਤਹਿਤ ਸਹਾਇਤਾ ਪੀੜਤ ਬੱਚਿਆਂ ਨੂੰ ਵਰਦੀਆਂ, ਕਿਤਾਬਾ ਅਤੇ ਰੋਜ਼ਮਰਾ ਦੀ ਜਿੰਦਗੀ ਵਿੱਚ ਕੰਮ ਆਉਣ ਵਾਲੀਆ ਵਸਤਾ ਮੁਹੱਈਆ ਕਰਵਾ ਰਹੀ ਹੈ। ਹੁਣ ਤੱਕ 100 ਪੀੜਤ ਪਰਿਵਾਰ ਇਸ ਸਹਾਇਤਾ ਸਕੀਮ ਦਾ ਫਾਇਦਾ ਲੈ ਚੁੱਕੇ ਹਨ।

ਇਸ ਮੌਕੇ ਸਹਾਇਤਾ ਸੰਸਥਾਂ ਆਪਣੇ ਚੱਲ ਰਹੇ ਪ੍ਰੋਜੈਕਟਾਂ ਜਿਨ੍ਹਾਂ ਵਿੱਚ ਬਾਲ ਭਵਨ ਜਿਹੜਾ ਕਿ ਬੱਚਿਆਂ ਦੀ ਦੇਖ–ਭਾਲ ਲਈ ਲੁਧਿਆਣਾ ਰਿੱਡ ਕਰਾਸ ਦੀ ਇਮਾਰਤ ਵਿੱਚ ਚੱਲ ਰਿਹਾ ਹੈ, ਇਸੇ ਤਰਾਂ ਬਾਲ–ਘਰ ਸੰਤ ਕਬੀਰ ਅਕੈਡਮੀਂ ਤਲਵੰਡੀ ਧਾਂਮ ਵਿੱਖੇ ਸਹਾਇਤਾ ਦੀ ਦੇਖ–ਰੇਖ ਹੇਠ ਚੱਲ ਰਿਹਾ ਹੈ ਅਤੇ ਕੁਝ ਹੋਰ ਸੈਂਟਰ ਪੰਜਾਬ ਅੰਦਰ ਸਹਾਇਤਾ ਸੰਸਥਾ ਸਥਾਪਿਤ ਕਰਨ ਜਾ ਰਹੀ ਹੈ, ਜਿਨ੍ਹਾਂ ਵਿੱਚ ਏ ਸੀ ਕਮਰਿਆਂ ਦੀ ਸਹੂਲਤ ਹੋਵੇਗੀ ਤੇ ਇਥੇ ਬੇਸਹਾਰਾ ਨਵਜੰਮੇ ਬੱਚਿਆਂ ਨੂੰ ਰੋਗ–ਰਹਿਤ ਮਹੌਲ ਵਿੱਚ ਰੱਖਿਆ ਜਾਵੇਗਾ। ਇਸੇ ਸਾਲ ਸਹਾਇਤਾ ਸੰਸਥਾ ਵੱਲੋਂ ਬਾਲ–ਘਰ ਵਿਖੇ ਅਨੰਦਘਰ ਸੰਪੂਰਨ ਹੋਣ ਜਾ ਰਿਹਾ ਹੈ। ਇਹ ਸੈਂਟਰ ਅਮੈਰਕਿਨ ਡਿਸਅਬਿਲਟੀ ਸੈਂਟਰ ਦੀ ਤਰਜ਼ ਤੇ ਕੰਮ ਕਰੇਗਾ ਤੇ ਇਥੇ ਖਾਸ ਤਰੀਕੇ ਦੇ ਅੰਗਹੀਣ ਜਾਂ ਮੰਦ–ਬੁੱਧੀ ਬਚਿਆਂ ਨੂੰ ਰੱਖਿਆ ਜਾਵੇਗਾ। ਦਾਨੀ ਸੱਜਣਾ ਤੋਂ ਇਹਨਾਂ ਪ੍ਰੋਜੈਕਟਾਂ ਸਬੰਧੀ ਵੀ ਫੰਡ ਰੇਜ਼ ਕੀਤਾ ਜਾਵੇਗਾ। ਇਹ ਫੰਡ ਰੇਜ਼ਰ ਰੋਜ਼ਵਿੱਲ ਵਿੱਚ ਇਸ ਕਰਕੇ ਰੱਖਿਆ ਗਿਆ ਤਾਂ ਜੋ ਗਰੇਟਰ ਸੈਕਰਾਮੈਂਟੋ ਏਰੀਏ ਵਿੱਚ ਵਲੰਟੀਅਰ ਤਾਕਤ ਨੂੰ ਵਧਾਇਆ ਜਾ ਸਕੇ।

ਸਮੂਹ ਦਾਂਨੀ ਸੱਜਣਾਂ ਨੂੰ ਸਹਾਇਤਾ ਸੰਸਥਾ ਵੱਲੋਂ 29 ਜੁਲਾਈ ਦਿਨ ਸਨੀਵਾਰ ਸ਼ਾਮੀਂ 7 ਤੋਂ 11 ਵਜੇ ਦਰਮਿਆਨ ਇਸ ਫੰਡ ਰੇਜ਼ਰ ਵਿੱਚ ਪਹੁੰਚਣ ਦਾ ਹਾਰਦਿੱਕ ਸੱਦਾ ਦਿੱਤਾ ਗਿਆ ਹੈ। ਇਹ ਫੰਡ ਰੇਜ਼ਰ ਮਾਇਡੂ ਕਮਿਉਂਨਟੀ ਸੈਂਟਰ 1550 ਮਾਇਡੂ ਡਰਾਈਵ ਰੋਜ਼ਵਿੱਲ, ਕੈਲੇਫੋਰਨੀਆਂ 95661 ਵਿਖੇ ਹੋਣ ਜਾ ਰਿਹਾ ਹੈ। ਇਸ ਈਵੈਂਟ ਦੀਆਂ ਟਿਕਟਾ ਖਰੀਦਣ ਲਈ : https://sahaita.yapsody.com/ ਤੇ ਕਲਿੱਕ ਕਰੋ। ਪ੍ਰਬੰਧਕਾ ਨੇ ਪੱਤਰਕਾਰਾ ਨਾਲ ਗੱਲ ਬਾਤ ਦੌਰਾਨ ਦੱਸਿਆ ਕਿ ਸਾਨੂੰ ਇਸ ਪ੍ਰੋਗਰਾਮ ਦੀ ਸਫਲਤਾ ਲਈ ਸਪਾਂਸਰ ਸੱਜਣਾ ਦੀ ਵੀ ਜਰੂਰਤ ਹੈ ਤਾਂ ਜੋ ਇਸ ਈਵੈਂਟ ਦੇ ਖਰਚਿਆਂ ਨੂੰ ਸਮੇਟਿਆ ਜਾ ਸਕੇ, ਇਸ ਸਬੰਧੀ ਸਾਨੂੰ ਈਮੇਲ ਕਰੋ commitee@sahaita.org ਅਗਰ ਤੁਹਾਨੂੰ ਇਸ ਫੰਡ ਰੇਜ਼ਰ ਸਬੰਧੀ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਈਮੇਲ ਪਤਾ info@sahaita.org.

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ ! ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES: (Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us

# ਕੇਂਦਰੀ ਕੈਲੀਫੋਰਨੀਆ ਵਿਚ ਨਾਸਾ ਦੀ ਖੋਜਕਰਤਾ ਨੂੰ ਨਸਲੀ ਅਪਰਾਧ ਦਾ ਨਿਸ਼ਾਨਾ ਬਣਾਇਆ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)**-ਕੇਂਦਰੀ ਕੈਲੀਫੋਰਨੀਆ ਵਿਚ ਨਾਸਾ ਦੀ ਇਕ ਖੋਜਕਰਤਾ ਭਾਰਤੀ ਅਮਰੀਕੀ ਨੂੰ ਨਸਲੀ ਅਪਰਾਧ ਦਾ ਨਿਸ਼ਾਨਾ ਬਣਾਇਆ ਗਿਆ ਜਦੋਂ ਉਹ ਤੜਕੇ ਆਪਣੇ ਕੰਮ ਲਈ ਜਾ ਰਹੀ ਸੀ। ਨਸਲੀ ਹਮਲੇ ਦਾ ਸ਼ਿਕਾਰ ਹੋਈ ਸਿਮਰਨਜੀਤ ਗਰੇਵਾਲ ਆਪਣੇ ਡੈਨਏਅਰ ਸਥਿਤ ਘਰੋਂ ਕਾਰ 'ਤੇ ਕੰਮ 'ਤੇ ਜਾ ਰਹੀ ਸੀ ਕਿ ਕਿਸੇ ਅਣਪਛਾਤੇ ਵਿਅਕਤੀ, ਜੋ ਕਿ ਪੈਦਲ ਚਲ ਰਿਹਾ ਸੀ, ਨੇ ਗਰੇਵਾਲ ਦੀ ਕਾਰ 'ਤੇ ਪੱਥਰ ਮਾਰਿਆ ਜਿਸ ਨਾਲ ਉਸ ਦੇ ਦੂਜੀ ਸਾਈਡ ਵਾਲਾ ਸ਼ੀਸ਼ਾ ਟੁੱਟ ਗਿਆ। ਪੱਥਰ ਗਰੇਵਾਲ ਦੀ ਲੱਤ 'ਤੇ ਲਗਾ ਜਿਸ ਨਾਲ ਲਾਲ ਨਿਸ਼ਾਨ ਬਣ ਗਿਆ। ਗਰੇਵਾਲ ਅਨੁਸਾਰ ਪੱਥਰ ਮਾਰਨ ਲਗਿਆ ਉਕਤ ਵਿਅਕਤੀ ਨੇ ਉਚੀ ਆਵਾਜ਼ ਵਿਚ ਕਿਹਾ ਆਪਣੇ ਦੇਸ਼ ਵਾਪਸ ਜਾਓ। ਜਦੋਂ ਗਰੇਵਾਲ ਨੇ ਕਾਰ ਰੋਕੀ ਤਾਂ ਉਹ ਵਿਅਕਤੀ ਉਥੋਂ ਭੱਜ ਗਿਆ। ਉਹ ਦੇਖਣ ਨੂੰ ਪੰਜ ਫੁੱਟ 10 ਇੰਚ ਲੰਮਾ ਸੀ ਭਾਰਾ ਜਿਹਾ ਤੇ ਭੂਰੇ ਵਾਲਾਂ ਵਾਲਾ ਸੀ। ਉਸ ਨੇ ਦਸਿਆ ਕਿ ਉਸ ਨੇ ਉਸ ਵਿਅਕਤੀ ਨੂੰ ਪਹਿਲਾਂ ਕਦੀ ਨੇ ਦੇਖਿਆ ਪਰ ਲਗਦਾ ਕਿ ਉਸ ਨੇ ਉਸ ਨੂੰ ਵੇਖਕੇ ਨਿਸ਼ਾਨਾ ਬਣਾਇਆ। ਕਿਉਂਕਿ ਉਹ ਹਰ ਸਵੇਰ ਉਸੇ



ਰੋਡ ਤੋਂ ਜਾਇਆ ਕਰਦੀ ਅਤੇ ਵਾਪਸੀ ਸ਼ਾਮ ਵੇਲੇ ਵੀ ਇਥੋਂ ਲੰਘਦੀ ਹੁੰਦੀ। ਗਰੇਵਾਲ ਨੇ ਕਿਹਾ ਕਿ ਮੈਨੂੰ ਬਹੁਤ ਸਦਮਾ ਲਗਾ ਕਿ ਇਕ ਮਨੁੱਖ ਹੋਕੇ ਦੂਜੇ ਮਨੁੱਖ 'ਤੇ ਹਮਲਾ ਕਰ ਰਿਹਾ। ਗਰੇਵਾਲ ਦਾ ਕਹਿਣਾ ਹੈ ਕਿ ਉਸ ਨੂੰ ਵਿਸ਼ਵਾਸ ਹੈ ਕਿ ਉਸ ਨੂੰ ਨਸਲੀ ਹਿੰਸਾ ਦਾ ਨਿਸ਼ਾਨਾ ਬਣਾਇਆ । ਸ਼ੀਸ਼ਾ ਇਨਾ ਜ਼ੋਰ ਨਾਲ ਟੁੱਟਾ ਸੀ ਕਿ ਉਸ ਦੀ ਸ਼ੀਸ਼ੇ ਗਰੇਵਾਲ ਦੇ ਸਿਰ ਅਤੇ ਸਰੀਰ 'ਤੇ ਲਗ ਗਏ। 26 ਸਾਲਾ ਪੀ ਐਚ ਡੀ ਦੀ ਵਿਦਿਆਰਥੀ ਨੇ ਦਸਿਆ ਕਿ ਉਹ 911 'ਤੇ ਫੋਨ ਕਰ ਰਹੀ ਸੀ ਤੇ ਨਾਲੇ ਆਪਣੇ ਸਰੀਰ 'ਤੇ ਲੱਗੇ ਸ਼ੀਸ਼ੇ ਲਾਹ ਰਹੀ ਸੀ। 911 ਵਾਲੇ ਨੇ ਅੱਗਿਓਂ ਗਰੇਵਾਲ ਨੂੰ ਕਿਹਾ ਕਿ ਘਟਨਾ ਵਾਲੀ ਜਗਾਹ 'ਤੇ ਪਹੁੰਚਣ ਲਈ ਇਕ ਅਫਸਰ ਨੂੰ ਇਕ ਘੰਟਾ ਲਗੇਗਾ ਇਸ ਲਈ ਤੁਸੀ ਆਪਣੀ ਕਾਰ ਨਾਲ ਉਥੇ ਹੀ ਰਹੋ। ਇਹ ਸੁਣਕੇ ਗਰੇਵਾਲ ਬਹੁਤ ਡਰ ਗਈ। ਉਸ ਦਾ ਕਹਿਣਾ ਸੀ ਕਿ ਇਸ ਦੇਸ਼ ਵਿਚ ਕਈ ਲੋਕਾਂ ਕੋਲ ਆਮ ਹੀ ਪਿਸਤੌਲਾਂ ਹਨ। ਜਦੋਂ ਉਸ ਵਿਅਕਤੀ ਨੇ ਸ਼ਾਸ਼ਾ ਤੋੜਿਆ ਤਾਂ ਮੈਨੂੰ ਇਕ ਵਾਰ ਲੱਗਾ ਕਿ ਉਹ ਮੇਰੇ ਕੋਲ ਆਵੇਗਾ ਤੇ ਮੈਨੂੰ ਗੋਲੀ ਮਾਰ ਦੇਵੇਗਾ। ਹੱਦ ਤਾਂ ਉਦੋਂ ਹੋ ਗਈ ਜਦੋਂ ਗਰੇਵਾਲ ਵਲੋਂ ਇਕ ਘੰਟਾ ਉਡੀਕ ਕਰਨ ਦੇ ਬਾਵਜੂਦ ਕੋਈ ਪੁਲਿਸ ਵਾਲਾ ਨਹੀਂ ਪਹੁੰਚਿਆ ਜਿਸ 'ਤੇ ਗਰੇਵਾਲ ਨੇ ਫਿਰ 911 'ਤੇ ਫੋਨ ਕੀਤਾ ਤੇ ਫਿਰ ਉਹ ਜਵਾਬ ਮਿਲਿਆ ਕਿ ਅਫਸਰ ਨੂੰ ਪਹੁੰਚਣ ਲਈ ਇਕ ਹੋਰ ਘੰਟਾ ਲਗੇਗਾ ਕਿਉਂਕਿ ਸਾਰੇ ਅਫਸਰ ਇਕ ਵੱਡੇ ਸੜਕ ਹਾਦਸੇ ਵਾਲੀ ਥਾਂ 'ਤੇ ਗਏ ਹੋਏ ਹਨ।

ਉਸ ਨੇ ਦੱਸਿਆ ਕਿ ਮੇਰੀ ਮਦਦ ਕਰਨ ਲਈ ਕੋਈ ਨਹੀਂ ਬਹੁੜਿਆ। ਆਖਿਰ ਮੈਨੂੰ ਦਸਿਆ ਗਿਆ ਕਿ ਤੁਸੀ ਘਰ ਜਾਓ 'ਤੇ ਕਾਉਂਟੀ ਸ਼ੈਰਿਫ ਵਿਭਾਗ ਕੋਲ ਆਨਲਾਈਨ ਰਿਪੋਰਟ ਦਾਇਰ ਕਰੋ ਜਿਸ ਦਾ ਜਵਾਬ ਆਇਆ ਕਿ ਤੁਹਾਨੂੰ 3 ਦਿਨ ਵਿਚ ਜਵਾਬ ਮਿਲੇਗਾ।

# ਖਲਿਸਤਾਨੀ ਸੰਘਰਸ਼ ਦੇ ਆਗੂ ਡਾ.ਗੁਰਮੀਤ ਸਿੰਘ ਔਲਖ ਦੀ ਯਾਦ ਵਿੱਚ ਹੋਇਆ ਸਮਾਗਮ

## ਗੁਰਦੁਆਰਾ ਸਾਹਿਬ ਦੀ ਗੈਲਰੀ ਵਿਖੇ ਡਾ. ਔਲਖ ਦੀ ਤਸਵੀਰ ਕੀਤੀ ਗਈ ਸਥਾਪਤ

**ਵਰਜੀਨੀਆ (ਹੁਸਨ ਲੜੋਆ ਬੰਗਾ)** 1984 ਤੋਂ ਬਾਅਦ ਸ਼ੁਰੂ ਹੋਏ ਸਿੱਖ ਸੰਘਰਸ਼ ਨੂੰ ਅਮਰੀਕਾ ਦੀ ਕਾਂਗਰਸ ਅਤੇ ਸੈਨੇਟ ਦੇ ਗਲਿਆਰਿਆਂ ਤੱਕ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਕੌਂਸਲ ਆਫ ਖਾਲਿਸਤਾਨ ਦੇ ਪ੍ਰਧਾਨ ਡਾ.ਗੁਰਮੀਤ ਸਿੰਘ ਔਲਖ ਪਿਛਲੀ 21 ਜੂਨ ਨੂੰ ਅਕਾਲ ਚਲਾਣਾ ਕਰ ਗਏ ਸਨ। ਜਿੱਥੇ ਉਹਨਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਸਿੱਖ ਸੈਂਟਰ ਆਫ ਵਰਜੀਨੀਆ ਵਿਖੇ ਕੀਤੀ ਗਈ ਉੱਥੇ ਟਰਾਈਸਟੇਟ ਦੀਆਂ ਸਮੂਹ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਵੱਲੋਂ ਉਹਨਾਂ ਦੀ ਯਾਦ ਵਿੱਚ ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪੰਥਕ ਸਖਸ਼ੀਅਤਾਂ ਨੇ ਡਾ.ਔਲਖ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਿਰਕਤ ਕੀਤੀ। ਅਮਰੀਕਾ ਵਿੱਚ ਖਾਲਿਸਤਾਨੀ ਸੰਘਰਸ਼ ਦਾ ਥੰਮ ਰਹੇ ਡਾ.ਔਲਖ ਦੇ ਦ੍ਰਿੜ ਇਰਾਦੇ ਨੂੰ ਸਿਜਦਾ ਕਰਦਿਆਂ ਖਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ.ਅਮਰਜੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਡਾ.ਔਲਖ ਉਸੇ ਲੜੀ ਦਾ ਹਿੱਸਾ ਸਨ ਜਿੰਨਾਂ ਨੇ ਭਾਰਤ ਵਿਚ ਸਿੱਖਾਂ ਦੀ ਹੋਈ ਨਸਲਕੁਸ਼ੀ ਅਤੇ ਹੋ ਰਹੇ ਤਸ਼ੱਦਦ ਖਿਲਾਫ ਅਵਾਜ਼ ਬੁਲੰਦ ਕੀਤੀ ਅਤੇ ਹੁਕੂਮਤ ਦਾ ਸਿੱਖ ਵਿਰੋਧੀ ਚਿਹਰਾ ਦੁਨੀਆ ਸਾਹਮਣੇ ਲਿਆਂਦਾ। ਸਿੱਖਸ ਫਾਰ ਜਸਟਿਸ ਤੋਂ ਡਾ.ਬਖਸ਼ੀਸ਼ ਸਿੰਘ ਸੰਧੂ ਨੇ ਕਿਹਾ ਕਿ ਡਾ.ਔਲਖ ਵੱਲੋਂ ਅਮਰੀਕੀ ਕਾਂਗਰਸ ਵਿੱਚ ਕੀਤੀ ਲਾਮਬੰਦੀ ਅੱਜ ਦੋ ਕਿਤਾਬਾਂ ਦੇ ਰੂਪ ਵਿੱਚ ਉਪਲਬਦ ਹੈ ਜੋ ਅਜੋਕੇ ਇਤਿਹਾਸ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਸਹਾਈ ਹੋਵੇਗੀ।



ਅਕਾਲੀ ਦਲ (ਅ) ਦੇ ਕਨਵੀਨਰ ਬੂਟਾ ਸਿੰਘ ਖੜੌਂਦ ਨੇ ਕਿਹਾ ਕਿ ਡਾ.ਔਲਖ ਨੇ ਸਿੱਖ ਸੰਘਰਸ਼ ਨੂੰ ਸਿੱਖ ਨੁਕਤਾਨਿਗਾ ਤੋਂ ਦੁਨੀਆ ਸਾਹਮਣੇ ਪੇਸ਼ ਕਰਨ ਵਿੱਚ ਆਪਣਾ ਯੋਗਦਾਨ ਪਾਇਆ ਅਤੇ ਅਸੀਂ ਉਹਨਾਂ ਵੱਲੋਂ ਕੀਤੇ ਕੰਮਾਂ ਨੂੰ ਅੱਗੇ ਤੋਰਨ ਦਾ ਅਹਿਦ ਕਰਦੇ ਹਾਂ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਕੁਲਦੀਪ ਸਿੰਘ ਢਿੱਲੋਂ ਨੇ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਤੱਕ ਜੰਗ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟਾਈ।

ਢਾਡੀ ਸਿੰਘਾਂ ਵੱਲੋਂ ਸੰਗਤ ਨੂੰ ਵਾਰਾਂ ਰਾਹੀਂ ਸਿੱਖ ਇਤਿਹਾਸ ਨਾਲ ਜੋੜਿਆ ਗਿਆ। ਭਾਈ ਕੁਲਦੀਪ ਸਿੰਘ ਵੜੈਚ ਵੱਲੋਂ ਸਟੇਜ ਸਕੱਤਰ ਦੀ ਸੇਵਾ ਸੁਚੱਜੇ ਢੰਗ ਨਾਲ ਨਿਭਾਈ ਗਈ। ਸਮਾਗਮ ਦੇ ਅਖੀਰ ਵਿੱਚ ਖਾਲਿਸਤਾਨੀ ਨਾਅਰਿਆਂ ਦੀ ਗੂੰਜ ਵਿੱਚ ਡਾ.ਔਲਖ ਦੀ ਇੱਕ ਯਾਦਗਾਰੀ ਤਸਵੀਰ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ 'ਚ ਸਥਿਤ ਗੈਲਰੀ ਵਿਖੇ ਸਥਾਪਤ ਕੀਤੀ ਗਈ। ਇਹ ਸਮਾਗਮ ਟੀ.ਵੀ 84 ਵੱਲੋਂ ਕਵਰ ਕੀਤਾ ਗਿਆ। ਸਮਾਗਮ ਦੌਰਾਨ ਅਕਾਲੀ ਦਲ (ਅ) ਦੇ ਅਮਰੀਕਾ ਯੂਨਿਟ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਗੁਰਦੇਵ ਸਿੰਘ ਕੰਗ, ਸਿੱਖਸ ਫਾਰ ਜਸਟਿਸ ਤੋਂ ਅਵਤਾਰ ਸਿੰਘ ਪੰਨੂ, ਸਿੱਖ ਯੂਥ ਆਫ ਅਮਰੀਕਾ ਤੋਂ ਜਸਬੀਰ ਸਿੰਘ, ਮਾਸਟਰ ਹਰਦੇਵ ਸਿੰਘ ਸਮੇਤ ਹੋਰ ਬੁਲਾਰਿਆਂ ਨੇ ਸੰਗਤ ਨੂੰ ਸੰਬੋਧਨ ਕੀਤਾ।


# City of Pittsburg's Teeyan da Celebration

**Sponsored by DESIROOT ORG & Punjabi Multi-cultural Society**
**Special Guest Dr. Neeta Bijoor & Author Manpreet Komal**





Desi Plates $6.00
Special guest performances:
BRATs of Wilson's Dance Studio
Hip-Hop Natyam
Kariktan Dance Company

**August 26, 2017**

**Location: 2301 Range Rd. Pittsburg, CA 94565**

**Time: 1:00 - 4:00**



** DOORS OPEN @ 12:40 **SHOW STARTS ON TIME @ 1:00
Giddha Bhangra Hip-Hop and more
Raffle Prizes ... Dance floor opens up to Desi style dancing
Entry $5 Kids 5 and under Free
Ladies and children event only






Contact Organizer for additional informat on (booths/performance interest)

**Ruby Raju @ 925/550-1088 or Kashmir @ 925/329-9835**

ਦੇਸ਼ ਦੁਆਬਾ

## ਸ੍ਰੀ ਕੋਵਿੰਦ ਭਾਰਤ ਦੇ 14ਵੇਂ ਰਾਸ਼ਟਰਪਤੀ

ਭਾਰਤੀ ਜਨਤਾ ਪਾਰਟੀ ਆਪਣੀ ਕੱਟੜ ਹਿੰਦੂਤਵੀ ਵਿਚਾਰਧਾਰਾ ਦੇ ਕਾਰਨ ਵਿਰੋਧੀ ਪਾਰਟੀਆਂ ਦੇ ਅਕਸਰ ਨਿਸ਼ਾਨੇ ਤੇ ਰਹਿੰਦੀ ਹੈ। ਇਸ ਪਾਰਟੀ ਦੀ ਹੁਣ ਭਾਰਤ ਵਿਚ ਪੂਰਨ ਬਹੁਮਤ ਪ੍ਰਾਪਤ ਸਰਕਾਰ ਹੈ ਅਤੇ ਇਸ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਭਾਰਤ ਵਿਚ ਦਲਿਤ ਅਤੇ ਘੱਟ ਗਿਣਤੀ ਭਾਈਚਾਰਿਆਂ 'ਤੇ ਵਧਦੇ ਹਿੰਸਕ ਹਮਲੇ ਇਸ ਦੀ ਸਾਖ ਨੂੰ ਬੁਰੀ ਤਰ੍ਹਾਂ ਖਰਾਬ ਕਰ ਰਹੇ ਹਨ। ਕਦੀ ਗਊ ਰੱਖਿਆ ਅਤੇ ਕਦੀ ਮੰਦਰਾਂ ਦੀ ਰੱਖਿਆ ਦੇ ਨਾਂ ਤੇ ਇਸ ਪਾਰਟੀ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕਾਂ ਨੇ ਦਹਿਸ਼ਤ ਭਰਿਆ ਮਾਹੌਲ ਬਣਾ ਦਿੱਤਾ ਹੈ। ਇਸ ਕਾਰਨ ਵਿਰੋਧੀ ਪਾਰਟੀਆਂ ਵੀ ਲਗਾਤਾਰ ਇਸ ਪਾਰਟੀ ਦੀਆਂ ਨੀਤੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਆ ਰਹੀਆਂ ਹਨ ਅਤੇ ਇਸ ਵਿਰੋਧ ਕਾਰਨ ਇਸ ਪਾਰਟੀ ਨਾਲੋਂ ਦਲਿਤ ਅਤੇ ਘੱਟ ਗਿਣਤੀ ਭਾਈਚਾਰਾ ਦੂਰ ਹੁੰਦਾ ਜਾ ਰਿਹਾ ਹੈ। ਪਰ ਸਿਆਸਤ ਵਿਚ ਟਿਕੇ ਰਹਿਣ ਅਤੇ ਸੱਤਾ ਵਿਚ ਆਉਣ ਲਈ ਦਲਿਤ ਭਾਈਚਾਰੇ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਦਲਿਤ ਭਾਈਚਾਰੇ ਦੇ ਨਾਂ ਤੇ ਰਾਜਨੀਤੀ ਨੂੰ ਸਭ ਤੋਂ ਪਹਿਲਾਂ ਅਹਿਮੀਅਤ ਦੇਣ ਲੱਗੀਆਂ ਹਨ।

ਭਾਜਪਾ ਦੀ ਵਧਦੀ ਬਦਨਾਮੀ ਦੇ ਕਾਰਨ ਇਸ ਪਾਰਟੀ ਨੂੰ ਵੀ ਦਲਿਤ ਵੋਟ ਬੈਂਕ ਦੇ ਸੰਗਠਿਤ ਹੋ ਕੇ ਦੂਜੇ ਪਾਸੇ ਚਲੇ ਜਾਣ ਦਾ ਡਰ ਸਤਾ ਰਿਹਾ ਹੈ। ਇਸ ਬਦਨਾਮੀ ਤੋਂ ਆਪਣੇ ਆਪ ਨੂੰ ਪਾਕ-ਸਾਫ ਦਰਸਾਉਣ ਲਈ ਭਾਜਪਾ ਨੇ ਇਸ ਵਾਰ ਇਕ ਦਲਿਤ ਵਰਗ ਵਿਚੋਂ ਸ੍ਰੀ ਰਾਮਨਾਥ ਕੋਵਿੰਦ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਾਇਆ। ਹਾਲਾਂਕਿ ਵਿਰੋਧੀ ਧਿਰਾਂ ਨੇ ਵੀ ਦਲਿਤਾਂ ’ਤੇ ਰਾਜਨੀਤੀ ਦਾ ਆਪਣਾ ਏਜੰਡਾ ਨਹੀਂ ਛੱਡਿਆ ਅਤੇ ਮੀਰਾ ਕੁਮਾਰ ਨੂੰ ਉਹਨਾਂ ਦੇ ਮੁਕਾਬਲੇ ਖੜ੍ਹਾ ਕਰ ਦਿੱਤਾ ਪਰ ਸਵਾਲ ਤਾਂ ਦਲਿਤਾਂ ਦੇ ਕਲਿਆਣ ਬਨਾਮ ਦਲਿਤਾਂ ’ਤੇ ਰਾਜਨੀਤੀ ਦਾ ਹੈ। ਇਹ ਮਸਲਾ ਭਾਰਤ ਵਿਚ ਬਹੁਤ ਗੰਭੀਰ ਹੈ ਅਤੇ ਸਦੀਆਂ ਤੋਂ ਚਲਿਆ ਆ ਰਿਹਾ ਇਕ ਸਮਾਜਿਕ ਮਸਲਾ ਹੈ। ਇਸ ਦਾ ਹੱਲ 1950 ਵਿਚ ਭਾਰਤੀ ਸੰਵਿਧਾਨ ਦੇ ਜ਼ਰੀਏ ਕੱਟਣ ਦੀ ਕੋਸ਼ਿਸ਼ ਕੀਤੀ ਗਈ ਪਰ ਜ਼ਿਆਦਾ ਸਫਲਤਾ ਨਹੀਂ ਮਿਲ ਸਕੀ, ਬਲਕਿ ਹੁਣ ਤਾਂ ਰਿਜ਼ਰਵੇਸ਼ਨ ਵਰਗੇ ਮੁੱਦੇ ਵੀ ਨਫਰਤ ਦਾ ਸਬੱਬ ਬਣਦੇ ਜਾ ਰਹੇ ਹਨ। ਭਾਜਪਾ ਇਸ ਸਮਾਜਿਕ ਨਫਰਤ ਨੂੰ ਰਾਜਨੀਤਿਕ ਹਥਿਆਰ ਵਜੋਂ ਵਰਤ ਰਹੀ ਹੈ। ਇਹੀ ਕਾਰਨ ਹੈ ਕਿ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਰਾਜਸਥਾਨ ਵਿਚ ਇਕ ਦਲਿਤ ਵਰਗ ਦੇ ਵਰਕਰ ਦੇ ਘਰ ਖਾਣਾ ਖਾਣ ਜਾਂਦੇ ਹਨ ਅਤੇ ਦਲਿਤਾਂ ਨਾਲ ਮੋਹ ਦਾ ਪ੍ਰਗਟਾਵਾ ਕਰਦੇ ਹਨ ਪਰ ਇਸ ਮਸਲੇ ਨੂੰ ਰਾਜਨੀਤੀ ਤੋਂ ਦੂਰ ਇਕ ਸਮਾਜਿਕ ਮਸਲੇ ਵਜੋਂ ਨਹੀਂ ਦੇਖਿਆ ਜਾ ਰਿਹਾ। ਸ੍ਰੀ ਕੋਵਿੰਦ ਦਲਿਤ ਵਰਗ 'ਚੋਂ ਦੂਜੇ ਭਾਰਤ ਦੇ 14ਵੇਂ ਰਾਸ਼ਟਰਪਤੀ ਬਣੇ ਹਨ, ਇਸ ਲਈ ਉਹ ਵਧਾਈ ਦੇ ਪਾਤਰ ਹਨ ਪਰ ਭਾਰਤ ਵਿਚ ਰਾਸ਼ਟਰਪਤੀ ਦੀ ਭੂਮਿਕਾ ਬਹੁਤ ਸੀਮਤ ਹੁੰਦੀ ਹੈ ਅਤੇ ਕਾਰਜਪਾਲਿਕਾ ਹੀ ਜ਼ਿਆਦਾ ਕੰਮ ਕਰਦੀ ਹੈ। ਇਸ ਕਰਕੇ ਰਾਸ਼ਟਰਪਤੀ ਕੋਵਿੰਦ ਦਲਿਤਾਂ ਲਈ ਕਿੰਨਾ ਕੁ ਕੁਝ ਕਰ ਸਕਦੇ ਹਨ, ਇਹ ਹੁਣ ਉਹਨਾਂ ਤੇ ਨਿਰਭਰ ਕਰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਇਰੋੜ ਵੈਂਕਟਪਾ ਰਾਮਾਸਾਮੀ ਪੇਰੀਅਰ ਅਤੇ ਬੁੱਧ



ਹਰਦੀਪ ਸਿੰਘ ਚੁੰਬਰ
91-94636-01616

ਇਰੋੜ ਵੈਂਕਟਪਾ ਰਾਮਾਸਾਮੀ ਪੇਰੀਅਰ ਜੀ ਦਾ ਜਨਮ 17 ਸਤੰਬਰ 1978 ਇਰੋੜ, ਮਦਰਾਸ ਪ੍ਰੈਜੀਡੈਂਸੀ, ਬ੍ਰਿਟਿਸ਼ ਇੰਡੀਆ ਵਿੱਚ ਹੋਇਆ। ਉਨਾਂ ਦਾ ਪੂਰਾ ਨਾਂ ਇਰੋੜ ਵੈਂਕਟਪਾ ਰਾਮਾਸਾਮੀ ਪੇਰੀਅਰ ਅਤੇ ਈ. ਵੀ. ਆਰ. ਪੇਰੀਅਰ ਅਤੇ ਵਾਈਕੈਮ ਵੀਰਾੜ ਨਾਲ ਲੋਕੀ ਝਾਣਦੇ ਹਨ । ਉਹਨਾਂ ਦੀ ਮੌਤ 24 ਦਿਸੰਬਰ 1973 (94 ਸਾਲ) ਵਲਿਰ, ਤਾਮਿਲਨਾਡੂ ਭਾਰਤ ਵਿਖੇ ਹੋਈ । ਉਹਨਾਂ ਨੇ ਪਹਿਲਾਂ ਸਿਆਸੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ 1919 ਤੋਂ 1925 ਤਕ ਵਿੱਚ ਕੰਮ ਕੀਤਾ। ਫਿਰ 1939 ਨਵੀਂ ਸਿਆਸੀ ਪਾਰਟੀ ਜਸਟਿਸ ਪਾਰਟੀ ਬਣਾ ਲਈ ਅਤੇ ਬਾਅਦ ਵਿੱਚ 1944 ਵਿਚ ਇਸ ਦਾ ਨਾਂ ਬਦਲ ਕੇ (ਡੀ. ਐਮ. ਕੇ) ਦਰਾਵੜ ਮੁਨੇਤਰਮ ਕੜਾਗਮ ਰੱਖ ਲਿਆ। ਉਹਨਾਂ ਵਿਦੇਸ਼ ਯਾਤਰਾ 1929 ਤੋਂ 1932 ਵਿਚਕਾਰ ਬ੍ਰਿਟਿਸ, ਮਲਾਇਆ, ਯੂਰਪ ਅਤੇ ਰੂਸ ਆਦਿ ਦੇਸ਼ਾਂ ਦੀਆਂ ਕੀਤੀਆਂ। ਉਹਨਾਂ ਦੀ ਜੀਵਨ ਦੀ ਸਾਥੀ ਪਹਿਲੀ ਪਤਨੀ ਨਾਗਮਾਮੀ 1933 ਚ ਮੌਤ ਹੋ ਗਈ ਸੀ, ਅਤੇ ਦੂਜੀ ਪਤਨੀ ਮਨਯਮਾਈ 1948 ਵਿਚ ਜਨਮੀ ਅਤੇ 1973 ਵਿਚ ਉਹਨਾਂ ਦੀ ਮੌਤ ਹੋਈ । ਉਹਨਾਂ ਨੂੰ ਮਾਨਵਤਾਵਾਦੀ ਸੇਵਾਵਾਂ ਲਈ ਯੂਨੈਸਕੋ ਵਲੋਂ (UNEÈCO) 1970 ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਮਦਰਾਸ, ਤਾਮਿਲਨਾਡੂ ਵਿਚ ਪੈਦਾ ਹੋਏ ਈ. ਵੀ ਰਾਮਾਸਾਮੀ ਪੇਰੀਅਰ ਬੜੇ ਜੁੱਝਾਰੂ ਨੇਤਾ ਵਜੋਂ ਜਾਣੇ ਜਾਂਦੇ ਹਨ। ਉਹ ਬੜੇ ਖੁੱਲੇ ਸੁੱਭਾ ਦੇ ਮਾਲਿਕ ਅਤੇ ਮਾਨਵਤਾਵਾਦੀ, ਬੁੱਧਵਾਦੀ ਵਿਚਾਰਾਂ ਵਾਲੇ ਵਿਅਕਤੀ ਸਨ। ਇਕ ਵਾਰ ਉਹਨਾਂ ਆਪਵੇ ਵਿਚਾਰ ਪ੍ਰਗਟ ਕਰਦੇ ਹੋਏ ਸਵਾਲ ਵੀ ਕੀਤਾ ਅਤੇ ਦਸਿਆ ਕਿ “ਅਸੀਂ ਬੁੱਧਾ ਦਾ ਜਨਮ ਦਿਨ ਕਿਉਂ ਮਨਾਉਂਦੇ ਹਾਂ? ਬੁੱਧਾ ਜੈਅੰਤੀ ਮਨਾਣ ਦਾ ਮਤਲਵ ਇਹ ਨਹੀਂ ਕਿ ਬੁੱਧ ਦੀ ਪੂਜਾ, ਖਾਣਿਆਂ ਜਾਂ ਉਹਨਾਂ ਦੀ ਨਾਰੀਅਲ ਨਾਲ ਪੂਜਾ ਕਰਕੇ ਕੀਤੀ ਜਾਵੇ, ਬਲਕਿ ਇਸ ਦਾ ਭਾਵ ਫੈਸਲਾ ਇਹ ਕੀਤਾ ਜਾਵੇ ਕਿ ਬੁੱਧ ਦੀਆਂ ਸਿਖਿਆਵਾਂ ਤੋਂ ਕੁੱਝ ਸਿੱਖਿਆ ਜਾਵੇ। ਉਹਨਾਂ ਕਿਹਾ ਕਿ ਮੈਨੂੰ ਇਕ ਨਾਸਤਿਕ ਤੌਰ ਤੇ ਲਿਆ ਜਾਂਦਾ ਹੈ। ਨਾਸਿਤਕ ਦਾ ਅਰਥ ਹੈ ਜੋ ਵੇਦ, ਸ਼ਾਸਤਰਾਂ (ਪੁਰਣੀਆਂ ਸਿੱਖਿਆਵਾਂ) ਅਤੇ ਪੁਰਾਣਾਂ (ਮਿਥਿਹਾਸ) ਦੀ ਨਿੰਦਿਆ ਕਰਦਾ ਹੋਵੇ, ਬਿਨਾ ਸ਼ੱਕ ਮੈਂ ਹਾਂ। ਮੇਰਾ ਮੰਨਣਾ ਹੈ ਕਿ ਕਿਸੇ ਵੀ ਵਿਅਕਤੀ ਵਲੋ ਬੁੱਧਾ ਵਾਰੇ ਬੋਲਣਾ ਉਸ ਦੀ ਆਪਣੀ ਵਿਅਕਤੀਗਤ ਸੋਚ ਤੇ ਨਿਰਭਰ ਹੈ।ਇਕ ਵਿਅਕਤੀ ਜਿਹੜਾ ਵੇਦਾਂ, ਪੁਰਾਣਾਂ, ਸ਼ਾਸਤਰਾਂ ਵਿਚ ਵਿਸਵਾਸ਼ ਰਖਦਾ ਹੈ, ਇਸ ਤਰਾਂ ਨਾਲ ਬੋਲਣ ਵਾਲਾ ਉਹ ਵਿਅਕਤੀ ਹੁਸਿਆਰ ਹੋਣਾ ਚਾਹੀਦਾ ਹੈ ਕਿ ਉਸ ਨੂੰ ਲੋਕਾਂ ਨੂੰ ਧੋਖਾ ਦੇਣ ਦੀ ਸਿੱਖਲਾਈ ਚੰਗੀ ਤਰਾਂ ਦਿਤੀ ਗਈ ਹੋਵੇ।ਉਹ ਵਿਅਕਤੀ ਆਪਣੇ ਆਪ ਵਿੱਚ ਪੱਖੰਡੀ ਹੋਵੇ । ਬੁੱਧ ਕੋਈ ਮੁੱਹਤਵ ਨਹੀਂ ਰੱਖਦਾ, ਜਾ ਕਿ ਉਹ ਇੱਸ ਮਹਾਨ ਵਿੱਅਕਤੀ ਦਾ ਸਤਿਕਾਰ ਕਰਦਾ ਹੋਵੇ।

**ਬੁੱਧ ਨਾ ਰਿਸ਼ੀ ਅਤੇ ਨਾ ਹੀ ਮਹਾਤਮਾ ਸਨ:-** ਬੁੱਧ ਨਾਂ ਰਿਸ਼ੀ ਸਨ ਅਤੇ ਨਾਂ ਹੀ ਕੋਈ ਮਹਾਤਮਾ (ਮਹਾਨ ਆਤਮਾ) ਸਨ । ਉਹ ਹੀ ਇੱਕ ਇੰਨਸਾਨ ਸਨ ਜੋ ਹਿੰਦੂ ਸੰਤਾਂ (ਰਿਸ਼ੀਆਂ) ਦਾ ਵਿਰੋਧ ਕਰਦੇ ਸਨ ਅਤੇ ਇੱਹੀ ਵਜਾਹ ਹੈ ਕਿ ਅਸੀ ਉਹਨਾਂ ਦਾ ਜਨਮ ਦਿਨ ਮਨਾਓਂਦੇ ਹਾਂ। ਸਿਰਫ ਇਸ ਲਈ ਕਿ ਨਾਂ ਬੁੱਧ ਸੰਤ ਸਨ ਅਤੇ ਨਾਂ ਹੀ ਮਹਾਤਮਾ। ਇਸ ਲਈ ਬੁੱਧਵਾਦ ਨੂੰ ਇਕ ਧਰਮ ਦੇ ਤੌਰ ਤੇ ਪ੍ਰਮਾਣਿਤ ਨਹੀ ਮੰਨਿਆ ਗਿਆ। ਬਹੁਤ ਸਾਰੇ ਲੋਕੀ ਗਲਤੀ ਨਾਲ ਬੁੱਧਵਾਦ ਨੂੰ ਇੱਕ ਧਰਮ ਦੇ ਤੌਰ ਤੇ ਮਾਣ ਦਿੰਦੇ ਹਨ। ਧਰਮ ਦੇ ਕੇਂਦਰ ਵਿੱਚ ਇਕ ਰੱਬ ਦਾ ਹੋਣਾ ਜਰੂਰੀ ਹੁੰਦਾ ਹੈ। ਇਸ ਵਿੱਚ ਜਰੂਰੀ ਹੁੰਦਾ ਹੈ ਕਿ ਸਵੱਰਗ, ਨਰਕ, ਆਤਮਾ ਅਤੇ ਪਾਪ, ਪੁੰਨ ਹੋਣ। ਇੱਕ ਮਹਾਨ ਧਰਮ ਲਈ ਇੱਕ ਹੀ ਰੱਬ ਕਾਫੀ ਨਹੀ ਉਹਨਾਂ ਵਿਚ ਹੋਰ ਵੀ ਬਹੁਤ ਕੁਝ ਜਰੂਰੀ ਹਨ ਕਿ ਰੱਬ ਦੀਆਂ ਪਤਨੀਆਂ ਹੋਣ ਰਖੇਲਾਂ ਇਕ ਰਿਸਤੇ ਵਿਚ ਬੱਝਣ ਵਾਲੇ ਹੋਣ । ਪ੍ਰਚਲਿਤ ਭਾਰਤ ਦੇ ਲੋਕ ਇਸ ਤਰਾਂ ਦੇ ਧਰਮ ਦੀ ਹੀ ਜਾਣਕਾਰੀ ਰਖੱਦੇ ਹਨ ।

**ਤਰਕਸ਼ੀਲ ਸੋਚ ਹੀ ਸਭ ਤੋ ਵੱਡੀ ਵਿਸ਼ੇਸ਼ਤਾ:-** ਗੱਲ ਸੁਰੂ ਕਰਨ ਲਈ ਇਹ ਦਸੱਣਾ ਜਰੂਰੀ ਹੈ ਕਿ, ਬੁੱਧਾ ਨੇ ਐਲਾਨ ਕੀਤਾ ਕਿ ਮਨੁੱਖ ਨੂੰ ਜਰੂਰੀ ਨਹੀ ਕਿ ਉਹ ਆਪਣੇ ਆਪ ਨੂੰ ਪ੍ਰਮਾਤਮਾਂ ਨਾਲ ਜੋੜੇ। ਉਹ ਚਾਹੁੰਦੇ ਸੀ ਕਿ ਲੋਕੀ ਕੇਵਲ ਮਨੁੱਖ ਦੀ ਹੀ ਪਰਵਾਹ ਕਰਨ । ਉਹਨਾਂ ਸੱਵਰਗ ਨਰਕ ਵਾਰੇ ਕੁੱਝ ਨਹੀ ਕਿਹਾ । ਉਹਨਾਂ ਨੇ ਮਨੁੱਖ ਦੇ ਚਰਿੱਤਰ ਅਤੇ ਠੀਕ ਵਰਤਾਵ ਉੱਤੇ ਜੋਰ ਦਿਤਾ । ਉਨ੍ਹਾਂ ਕਿਹਾ ਕਿ ਤਰਕਸ਼ੀਲ ਸੋਚ ਅਤੇ ਬੁੱਧੀਮਾਨੀ ਮਨੁੱਖ ਦਾ ਸਭ ਤੋਂ ਵੱਡਾ ਗੁਣ ਹੈ। ਕੋਈ ਵੀ ਚੀਜ ਇਸ ਲਈ ਨਹੀ ਮਨ ਲੈਣੀ ਚਾਹੀਦੀ ਕਿ ਕਿਸੇ ਰਿਸ਼ੀ ਨੇ ਕਹੀ ਜਾਂ ਮਹਾਤਮਾ ਨੇ ਲਿਖੀ ਹੈ । ਇਹ ਹਰ ਇੱਕ ਬੁੱਧੀਮਾਨ ਵਿਅਕਤੀ ਲਈ ਜਰੂਰੀ ਹੈ ਕਿ ਉਹ ਆਪਣੀ ਬੁੱਧੀ ਵਿੱਵੇਕ ਨਾਲ ਸੱਚ ਦੀ ਪਰਖ ਕਰ ਅਤੇ ਸੱਚ ਉਪਰ ਆਪਣੇ ਆਪ ਪਹੁੰਚੇ।

ਬੁੱਧਵਾਦ ਕੋਈ ਧਰਮ ਨਹੀ ਹੈ, ਇਸ ਲਈ ਸਾਨੂੰ ਖੁੱਸ਼ੀ ਹੁੰਦੀ ਹੈ ਕਿ ਅਸੀ ਉਹਨਾਂ ਦੇ ਜਨਮ ਦਿਨ ਵਿੱਚ ਸਾਮਲ ਹੁੰਦੇ ਹਾਂ । ਬੁੱਧ ਦੀ ਤਰਕਸੀਲਤਾ ਨੇ ਤਿੱਖੀ ਵਿਰੋਧੀ ਪ੍ਰਤੀਕਿਰਿਆ ਨੂੰ ਵੰਗਾਰਿਆ ਹੈ ।ਕੋਈ 2500 ਸਾਲ ਪਹਿਲਾਂ ਉਹ ਉਸ ਸਮੇ ਪੈਦਾ ਹੋਏ ਜਦੋਂ ਧਾਰਮਿਕ ਕੱਟੜਤਾ ਦਾ ਭਾਰਤ ਵਿਚ ਪੂੱਰਾ ਜੋਰ ਸੀ। ਉਹ ਬੜੀ ਦਲੇਰੀ ਦੇ ਨਾਲ ਉਸ ਸਮੇ ਦੇ ਧਰਮ ਦੇ ਖਿਲਾਫ ਖੜੇ ਹੋਏ ਅਤੇ ਵਿਰੋਧੀਆਂ ਨੂੰ ਆਪਣੀਆਂ ਸਿੱਖਿਆਵਾਂ ਅਤੇ ਸਬੂਤਾਂ ਨਾਲ ਆਪਣੇ ਸਬਦਾਂ ਦੀ ਸ਼ਕਤੀ ਨਾਲ ਬੁੱਧ ਨੇ ਮਹਾਨਤਾ ਸਾਬਤ ਕੀਤੀ।

ਉਹਨਾਂ ਤੋਂ ਬਾਅਦ ਉਹ ਲੋਕੀ ਜਿਹੜੇ ਲਿੱਖਕੇ ਅਤੇ ਬੋਲਕੇ ਤਰਕਸ਼ੀਲਤਾ ਦੇ ਸਥਾਨ ਨੂੰ ਖਤਮ ਕਰਨਾ ਚਾਹੁੰਦੇ ਸਨ ਉਹੱਨਾ ਨੂੰ ਲੋਕਾਂ ਵਿਚ ਨਵੀਆਂ ਇਹ ਕਹਾਣੀਆਂ ਘੜ ਕੇ ਪ੍ਰਚਾਰਿਤ ਕਰਨ ਦੀ ਲੋੜ ਪਈ ਅਤੇ ਉਹਨਾ ਨੇ ਅਮਾਨਵਤਾਵਾਦੀ ਹਿੰਦੂ ਧਰਮ ਨੂੰ ਮੁੜ ਤੋਂ ਸਰਜੀਤ ਕਰਨ ਕੋਸਿਸ਼ ਕੀਤੀ।



**ਬੁੱਧਾ ਵਾਰੇ ਰਮਾਇਣ ਵਿਚ ਹਵਾਲਾ:-**ਰਮਾਇਣ ਵਿੱਚ ਬੁੱਧ ਧਰਮ ਵਾਰੇ ਗਲਤ ਲਿਖਿਆ ਗਿਆ । ਰਮਾਇਣ ਨੂੰ ਬੁੱਧ ਦੀਆਂ ਸਿੱਖਿਆਵਾ ਦਾ ਵਿਰੋਧ ਕਰਨ ਲਈ ਦੁਬਾਰਾ ਲਿਖਿਆ ਗਿਆ ਸੀ ।ਰਮਾਇਣ ਇੱਕ ਛੋਟੀ ਨਾਮਾਤਰ ਜਿਹੀ ਕਹਾਣੀ ਸੀ। ਇਹ ਕਹਾਣੀ ਬੁੱਧ ਤੋਂ ਪਹਿਲਾਂ ਵੀ ਚਲਦੀ ਸੀ। ਵੈਸਨਵਵਾਦੀ ਨਲਾਇਰਾ ਪ੍ਰਬੰਧਮ ਅਤੇ ਸੈਵਤੇ ਥਾਵਰਮ ਆਦਿ ਨੇ ਆਪਣੀਆਂ ਲਿੱਖਤਾਂ ਵਿੱਚ ਨੇ ਬੁੱਧਾ ਨੂੰ ਛੋਟਾ ਦਿਖਾਣ ਦੀਆਂ ਕੋਸਿਸ਼ਾਂ ਦੇ ਕੰਮ ਕੀਤੇ। ਉਹਨਾਂ ਵਲੋਂ ਬੋਧੀਆਂ ਨੂੰ ਜੈਨੀਆਂ ਨੂੰ ਲੁਟੇਰੇ, ਹਤਿਆਰੇ ਅਤੇ ਵੈਦਿਕ ਬਲੀਦਾਨੀਆਂ ਦੇ ਦੁਸ਼ਮਣ ਦਿਖਾਇਆ ਗਿਆ। ਸ਼ਿਵ ਭਗਤ (ਸ਼ਿਵ ਦੇ ਸਰਧਾਲੂ) ਇਹੋ ਜਿਹੀਆਂ ਘਟੀਆ ਸੋਚ ਨਾਲ ਪ੍ਰਾਰਥਨਾਵਾਂ ਕਰਦੇ ਕਿ ਉਹਨਾਂ ਨੂੰ ਬੋਧੀਆਂ ਦੀਆਂ ਪਤਨੀਆਂ ਨੂੰ ਛੇੜਛਾੜ ਕਰਨ ਦੀ ਤਾਕਤ ਦਿਤੀ ਜਾਵੇ, ਤਾਂ ਕਿ ਉਹਨਾਂ ਨੂੰ ਮਨਿਸਿਕ ਅਤੇ ਸਰੀਰਕ ਤੌਰ ਤੇ ਤੋੜ ਕੇ ਖਤਮ ਕੀਤਾ ਜਾਵੇ ।

**ਨਾਸਤਿਕਤਾ ਦਾ ਮਤਲਵ:-** ਬੁੱਧ ਨੂੰ ਇੱਕ ਆਮ ਆਦਮੀ ਦੇ ਸੰਦਰਵ ਵਿਚ ਲਿਆ ਗਿਆ ਹੈ। ਬੁੱਧ ਦਾ ਮਤਲਵ ਹੈ ਬੁੱਧੀ ਜਾਂ ਸਿਆਣਪ (intelligence)। ਜੋ ਵੀ ਵਿਅਕਤੀ ਆਪਣੀ ਸਮਝ (intelligence) ਤੋ ਕੰਮ ਲੈਂਦਾ ਹੈ ਉਹ ਬੁੱਧ ਹੈ । ਉਹ ਸਾਰੇ ਵਿਅਕਤੀ ਸਮਝਦਾਰ ਹਨ ਜੋ ਆਪਣੀ ਸਿਆਣਪ (intelligence) ਨੂੰ ਰੋਜਾਨਾਂ ਦੀ ਜਿੰਦਗੀ ਵਿੱਚ ਵਰਤਦੇ ਹਨ। ਉਹ ਹੀ ਬੁੱਧ ਹਨ। ਬੁੱਧ ਦਾ ਮਤਲਵ ਸਿਆਣਪ (intelligence) ਹੈ । ਸਿੱਧ ਜਾਂ ਸਿੱਧਾ ਦਾ ਅਰਥ ਵੀ ਇਕੋ ਹੀ ਹੈ। ਸਿੱਧਾ ਦਾ ਅਰਥ ਹੈ ਜੋ ਆਪਣੀ ਸੋਚ ਸਮਝ ਉਤੇ ਕੰਟਰੋਲ ਰਖਦਾ ਹੈ। (ਬੋਧੀ ਸਥਾਪਨਾ ਅਤੇ ਬੁੱਧ ਸਾਧਨਾਂ ਨੂੰ ਚੁਣੌਤੀ ਦੇਣ ਲਈ ਸਮੇਂ ਸਮੇਂ ਤੇ ਲਹਿਰਾਂ ਉਤਪਨ ਹੁੰਦੀਆਂ ਰਹੀਆਂ । ਇਸ ਤਰਾਂ 4ਵੀਂ ਸਦੀ ਵਿੱਚ ਬੰਗਾਲ ਵਿੱਚ ਸਹਜ-ਸਿੱਧ ਨਾਂ ਦਾ ਅੰਦੋਲਨ ਵਿਸਿਤ ਕੀਤਾ ਗਿਆ। ਲੰਮੇ ਕਾਲੇ ਵਾਲਾਂ ਵਿੱਚ ਭਟਕ ਰਹੇ ਸਾਧੂਆਂ ਨੂੰ ਮਹਾਂਸਿੱਧ ਜਾਂ ਸਿੱਧ ਕਿਹਾ ਜਾਂਦਾ ਸੀ। ਗੋਰਖਨਾਥ ਦਾ ਨਾਂ ਇਹਨਾਂ ਵਿੱਚ ਕਾਫੀ ਮਸਹੂਰ ਹੈ।) ਭਗਵਾਨ ਵਿਸ਼ਨੂੰ ਵੈਸ਼ਨਵਵਾਦ ਦਾ ਕੇਂਦਰ ਹੈ । ਬੁੱਧਵਾਦ ਦੇ ਲਈ ਬੁੱਧੀ (intelligence) ਹੀ ਇਸ ਦਾ ਕੇਂਦਰ ਬਿੰਦੂ ਹੈ । ਅੱਜ ਇਕ ਸ਼ਬਦ ਹੈ ਨਾਸਤਿਕ ਜੋ ਕਿ ਰੱਬ ਦੀ ਹੋਂਦ ਤੋਂ ਇਨਕਾਰੀ ਹੁੰਦਾ ਹੈ । ਪਰ ਅਸਲ ਵਿਚ ਜੋ ਲੋਕੀ ਰੱਬ ਦੀ ਹੋਂਦ ਨੂੰ ਮੁਨੱਕਰ ਹਨ ਅਤੇ ਆਪਣੀ ਸਿਆਣਪ ਅਤੇ ਤਰਕਸੀਲ ਨਾਲ ਦਲੀਲ (intellect And logicAlly) ਨੂੰ ਪੇਸ਼ ਕਰਦੇ ਹਨ ਉਹਨਾਂ ਨੂੰ ਨਾਸਿਤਕ ਕਿਹਾ ਜਾ ਸਕਦਾ ਹੈ। ਉਹ ਲੋਕੀ ਜੋ ਬ੍ਰਾਹਮਣਵਾਦ ਨੂੰ ਨਹੀਂ ਮੰਨਦੇ ਉਹਨਾਂ ਨੂੰ ਵੀ ਨਾਸਤਿਕ ਕਿਹਾ ਜਾ ਸਕਦਾ ਹੈ।

**ਦੁੱਖਦਾਇਕ ਅਰਥਾਂ ਵਿਚ ਤੋੜ ਮਰੋੜ:-** ਕੁੱਝ ਸਮਾਂ ਪਹਿਲਾਂ ਇਰੋਡ ਵਿੱਖੇ ਇੱਕ ਬੋਧੀ ਸਮੇਲਨ ਕਰਵਾਇਆ ਗਿਆ ਸੀ। ਵਿਸਵ ਬੋਧੀ ਸੋਸਾਇਟੀ ਦੇ ਮੁੱਖੀ ਸ੍ਰੀ ਮਲਾਲਾ ਸੇਖਾਰਾ ਨੇ ਬੜੇ ਵਧੀਆਂ ਢੰਗ ਨਾਲ ਆਪਣੇ ਉਧਘਾਟਨੀ ਭਾਸਨ ਵਿਚ ਕਿਹਾ ਸੀ ਕਿ ਅਸੀ ਸਾਰੇ ਬੋਧੀ ਇਕੱਠੇ ਹੋਏ ਹਾਂ।

ਐਨਸਾਈਕਲੋਪੀਡੀਆ ਬ੍ਰਿਟੈਨਕਾ ਨੇ ਲਿਆਕਤ ਅਤੇ ਬੁੱਧੀ ਨੂੰ ਵਰਤਣ ਬੁੱਧਵਾਦ ਕਿਹਾ ਹੈ। ਜਿਹੜਾ ਕਿ ਅੰਧਵਿਸਵਾਸ ਦੀ ਨਿੰਦਾ ਕਰਦਾ ਹੈ। (ਐਨਸਾਈਕਲੋਪੀਡੀਆ ਬ੍ਰਿਟੈਨਕਾ ਇਕ ਅੰਗਰਜੀ ਭਾਸ਼ਾ ਵਿਚ ਇਕੱਠੀ ਕੀਤੀ ਜਾਣਕਾਰੀ ਹੈ ਇਸ ਲਿਖਤ ਦੇ ਹਿਸਿਆਂ ਨੂੰ 100 ਤੋਂ ਵੱਧ ਐਡੀਟਰਾਂ ਨੇ ਅਤੇ 4000 ਤੋਂ ਵੱਧ ਲੇਖਿਕਾਂ ਦੇ 110 ਨੋਬਲ ਪ੍ਰੁਸਕਾਰ ਪ੍ਰਾਪਤ ਵਿਅਕਤੀਆਂ ਨੇ ਅਤੇ 5 ਅਮਰੀਕੀ ਰਾਸ਼ਟਰ-ਪਤੀਆਂ ਦੇ ਯੋਗਦਾਨ ਨਾਲ ਪਹਿਲੀ ਵਾਰੀ 1768 ਅਤੇ 1771 ਵਿਚ ਏਡਨਬਰਗ ਦੀ ਰਾਜਧਾਨੀ ਸਕੌਟਿਸ਼ ਵਿਚ ਪ੍ਰਕਾਸ਼ਿਤ ਕੀਤਾ। 2010 ਵਿਚ ਇਸ ਦਾ ਆਖਰੀ ਐਡੀਸਨ 32 ਖੰਡਾਂ ਵਿਚ 32640 ਸਫਿਆਂ ਵਿਚ ਪ੍ਰਕਾਸ਼ਿਤ ਹੋਇਆ।

ਅੱਜ ਕਲ ਅੱਕਲ (intellect) ਨੂੰ ਬਹੁਤਾ ਮਹਤਵ ਨਹੀਂ ਦਿਤਾ ਜਾਂਦਾ । ਸਕੂਲਾਂ ਅਤੇ ਕਾਲਜਾਂ ਵਿੱਚ ਲੋਕਾਂ ਨੂੰ ਦਿਮਾਗੀ ਇਸਤੇਮਾਲ ਦੇ ਸਵਾਲ ਨਹੀ ਕੀਤੇ ਜਾਂਦੇ , ਸਗੋਂ ਪ੍ਰੰਪਰਾਗਤ ਅੰਧ-ਵਸਵਾਸਾਂ ਉਪਰ ਸਵਾਲ ਕੀਤੇ ਜਾਂਦੇ ਹਨ । ਜੇ ਕਰ ਕੁੱਝ ਕੂ ਆਪਣੀ ਸੂਝ (intellect) ਦੀ ਵਰਤੋ ਕਰਦੇ ਜਵਾਬ ਦੇਣ ਦੀ ਕੋਸ਼ਿਸ ਕਰਦੇ ਹਨ ਤਾਂ ਉਸੇ ਸਮੇ ਉਨਾਂ ਨੂੰ ਨਾਸਤਿਕਾਂ ਦਾ ਦਰਜਾ ਦਿਤਾ ਦੇ ਜਾਂਦਾ ਹੈ।

ਜਦੋਂ ਕਿ ਇਸ ਦਾ ਕੋਈ ਵੀ ਮਤਲਵ ਨਹੀ ਬਣਦਾ। ਤਰਕਸੀਲਾਂ (Rationalist) ਲਈ ਅਕਸਰ ਹੀ ਇਹ ਦਿੱਕਤ ਹੁੰਦੀ ਹੈ ਕਿ ਉਹ ਨਾਸਤਿਕ ਨਹੀਂ, ਸਗੋਂ ਅੰਧਵਿਸ਼ਵਾਸ ਦੇ ਤੋੜ ਲਈ ਤਰਕਸ਼ੀਲ ਉੱਤਰ ਵਜੋਂ ਪੇਸ਼ ਕਰਤਾ ਹੁੰਦੇ ਹਨ। ਇਹ ਨਾਸਤਿਕ ਸ਼ਬਦ ਆਮ ਲੋਕਾਂ ਨੂੰ ਇਕ ਦੁੱਖਦਾਇਕ ਮਤਲਵਾਂ ਦੀ ਘੁੱਮਣਘੇਰੀ ਵਿਚ ਹੀ ਪਾਉਂਦੇ ਹਨ।

ਫਿਰ ਵੀ ਬੁੱਧ ਨੇ ਇਹ ਨਹੀਂ ਕਿਹਾ ਕਿ ਅੱਖਾਂ ਬੰਦ ਕਰਕੇ ਉਸ ਤੇ ਵਿਸਵਾਸ ਕਰੋ ਜੋ ਉਸ ਨੇ ਕਿਹਾ ਹੈ। ਉਸ ਨੇ ਕਿਹਾ ਸ਼ਬਦਾਂ ਦੇ ਵਿੱਚ ਵੱਜਨ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸ਼ਬਦਾਂ ਨੂੰ ਆਪਣੀ ਸਮਝ (intelligence) ਮੁਤਾਬਿਕ ਸਹੀ ਬਦਲਾਉ ਦਿਉ ਅਤੇ ਆਪਣੀ ਸਮਝ ਮੁਤਬਿੱਕ ਸਿਰਫ ਉਸ ਦਾ ਉਨਾਂ ਹੀ ਹਿਸਾ ਮੰਨੋ ਨੂੰ ਜੋ ਤੁਹਾਨੂੰ ਲਗਦਾ ਹੈ ਕਿ ਇੱਹ ਜਾਇਜ਼ ਹੈ।

**ਸਵਰਗ ਨੂੰ ਨੰਗੀਆਂ ਅੱਖਾਂ ਨਾਲ ਦੇਖੋ:-** ਗੌਤਮ ਬੁੱਧ ਨੇ 2500 ਸਾਲ ਪਹਿਲਾਂ ਲੋਕਾਂ ਲਈ ਵਿੱਚ ਆਪਣੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਸੀ ਤਾਂ ਕਿ ਉਹਨਾਂ ਦੀ ਅਨਪੱੜਤਾ ਦਾ ਢੁੱਕਵਾਂ ਹੱਲ ਕੀਤਾ ਜਾ ਸਕੇ। ਲੋਕਾਂ ਦੀ ਸਮਝ (fisdom) ਦੀ ਵੀ ਇੱਕ ਹੱਦ ਹੁੰਦੀ ਹੈ ਕਿ ਜੋ ਉਸ ਸਮੇਂ ਕਿਹਾ ਗਿਆ ਹੈ ਸਤ ਪ੍ਰਤੀਸਤ ਅੱਜ ਵੀ ਸੱਚ ਨਹੀ ਅਤੇ ਨਾ ਹੀ ਅੱਜ ਵੀ ਪੂਰਨ ਤੌਰ ਉਤੇ ਲਾਗੂ ਹੁੰਦਾ ਹੈ।

ਬੁੱਧ ਦੇ ਸ਼ਬਦਾਂ ਨੂੰ ਜੇ ਅੱਜ ਦੇ ਸ਼ਬਦਾਂ ਮੁਤਾਬਿਕ ਲਈਏ ਤਾਂ ਮੇਰੇ ਦਿਮਾਗ ਮੁਤਾਬਿਕ ਨਾਸਤਿਕਤਾ ਦਾ ਹੋਰ ਰੂਪ ਦਿਖਾਈ ਦਿੰਦੇ ਹਨ । ਲੋਕ ਕੇਵਲ ਨੰਗੀਆਂ ਅੱਖਾਂ ਨਾਲ ਅਸਮਾਨ ਵੱਲ ਨਜ਼ਰ ਮਾਰਦੇ ਹਨ ਅਤੇ ਉਸ ਦੇ ਬਹੁਤ ਵੱਡੇ ਅਕਾਰ ਨੂੰ ਹੀ ਦੇਖ ਅਤੇ ਜਾਣ ਸਕਦੇ ਹਨ।

ਪਰ ਅੱਜ ਅਸੀ ਤਾਕਤਵਰ ਦੂਰਬੀਨ ਦੁਆਰਾ ਸੂਰਜ ਉਪਰ ਕਾਲੇ ਧੱਬੇ ਵੀ ਦੇਖ ਸਕਦੇ ਹਾਂ। ਇਸ ਲਈ ਇੱਹ ਮਨਣ ਲਈ ਕਾਫੀ ਹੈ ਕਿ ਪੁਰਾਤਨ ਸਮੇ ਵਿਚ ਵੀ ਅਤੇ ਅੱਜ ਵੀ ਮੱਨੁਖ ਦੇ ਸਮਝ ਦੀ ਇੱਕ ਹੱਦ ਹੈ। ਜਿਸ ਸਮਝ ਨੂੰ ਹੋਰ ਅਗੇ ਵਧਾ ਕੇ ਮਨੁੱਖ ਨੇ ਆਪਣੀ ਰਚਨਾਤਿਮਕ ਸਮਝ ਨਾਲ ਉਦੇਸ਼ਪੂਰਨ ਤਰੱਕੀ ਕੀਤੀ ਹੈ।

(ਬਾਕੀ ਅਗਲੇ ਅੰਕ ਵਿਚ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਫਰੈਂਕਫਰਟ ਵਿਖੇ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ

**ਫਰੈਂਕਫਰਟ (ਜਰਮਨੀ)–** ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਉਪਰ ਰੂਸਲ ਫਰੈਂਕਫਰਟ ਵਿਖੇ ਪ੍ਰਬੰਧਕਾਂ ਵੱਲੋਂ ਇਕ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਭਾਰਤ ਤੋਂ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਪ੍ਰਧਾਨ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਖੰਨਾ) ਅਤੇ ਡਾ. ਚਾਂਦਨੀ ਸਿੱਧੂ ਬਾਇਓ ਟੈਕਨਾਲੌਜੀ ਵਿਸ਼ੇਸ਼ ਤੌਰ ਤੇ ਪਹੁੰਚੇ। ਗੁਰੂ ਘਰ ਦੇ ਪਾਠੀ ਲਖਵਿੰਦਰ ਸਿੰਘ, ਮਹਿੰਦਰ ਭੱਟੀ ਅਤੇ ਸੁਮਨ ਨੇ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਰਵਿਦਾਸ ਅਤੇ ਡਾ. ਅੰਬੇਡਕਰ ਦੇ ਮਿਸ਼ਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਉਪਰੰਤ ਜਸਵੰਤ ਸਿੰਘ ਮਿੱਤਰ ਨੂੰ ਮੈਂਬਰਾਂ ਨੇ ਸੰਬੋਧਨ ਕਰਨ ਲਈ ਕਿਹਾ। ਉਹਨਾਂ ਕਿਹਾ ਕਿ ਗੁਰੂ ਰਵਿਦਾਸ ਜੀ ਇਕ ਕ੍ਰਾਂਤੀਕਾਰੀ ਅਤੇ ਯੁੱਗ ਪਲਟਾਊ ਵਿਅਕਤੀ ਸਨ, ਜਿਹਨਾਂ ਨੇ ਬ੍ਰਾਹਮਣਵਾਦੀ, ਮਨੂੰਵਾਦੀ, ਪ੍ਰੋਹਿਤਵਾਦ ਨੂੰ ਜੜ੍ਹੋਂ ਉਖਾੜਨ ਅਤੇ ਜਾਤਪਾਤ, ਕਰਮਕਾਂਡ ਅਤੇ ਕਰਮਕਾਂਡੀ ਅਤੇ ਪਾਖੰਡਵਾਦ ਦੀ ਆਲੋਚਨਾ ਕੀਤੀ। ਉਹਨਾਂ ਮਾਨਵਵਾਦੀ ਸੋਚ ਅਤੇ ਬੇਗਮਪੁਰਾ ਦੇ ਸੰਕਲਪ ਦੀ ਸਥਾਪਨਾ ਦੀ ਭਰਪੂਰ ਪ੍ਰਸੰਸਾ ਕੀਤੀ। ਮਿੱਤਰ ਨੇ ਭਾਰਤ ਅਤੇ ਖਾਸ ਕਰਕੇ ਸਹਾਰਨਪੁਰ ਦੇ ਪਿੰਡ ਕਬੀਰਪੁਰ ਅਤੇ ਆਰ. ਐਸ. ਐਸ. ਦੇ ਮੈਂਬਰਾਂ ਵੱਲੋਂ ਕੀਤੇ ਅੱਤਿਆਚਾਰ ਦੀ ਕਹਾਣੀ ਸੁਣਾਈ ਅਤੇ ਮੈਂਬਰਾਂ ਨੂੰ ਤਿੱਖੇ ਘੋਲ ਲਈ ਤਿਆਰ ਰਹਿਣ ਦੀ ਅਪੀਲ ਕੀਤੀ। ਮਿੱਤਰ ਵੱਲੋਂ ਡਾ. ਅੰਬੇਡਕਰ ਮਿਸ਼ਨ ਪੰਜਾਬ (ਖੰਨਾ) ਵੱਲੋਂ ਕੀਤੇ ਜਾਂਦੇ ਕਾਰਜਾਂ ਦੀ ਵੀ ਜਾਣਕਾਰੀ ਦਿੱਤੀ। ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਯੋਗਾ ਦੇ ਕੌਮੀ ਪ੍ਰਧਾਨ ਸ੍ਰੀ ਸੋਹਣ ਲਾਲ ਸਾਂਪਲਾ ਨੇ ਵੀ ਸਭਾ ਨੂੰ ਸੰਬੋਧਨ ਕੀਤਾ। ਡਾ. ਚਾਂਦਨੀ ਸਿੱਧੂ ਨੇ ਕਿਹਾ ਕਿ ਉਸਨੇ ਜੋ ਪੀ. ਐਚ. ਡੀ. ਕੀਤੀ ਹੈ, ਉਸ ਵਿਚ ਡਾ. ਅੰਬੇਡਕਰ ਸਾਹਿਬ ਦਾ ਅਤੇ ਕੇਂਦਰ ਸਰਕਾਰ ਦਾ ਭਾਰੀ ਸਹਿਯੋਗ ਹੈ। ਦੇਸ ਰਾਜ ਚੌਹਾਨ, ਸਟੇਜ ਸੈਕਟਰੀ ਨੇ ਕਿਹਾ ਕਿ ਉਹਨਾਂ ਦੇ ਗੁਰਦੁਆਰੇ ਵੱਲੋਂ ਸਹਾਰਨਪੁਰ ਦੇ ਪੀੜਤ ਪਰਿਵਾਰਾਂ ਲਈ ਭਾਰੀ ਮਦਦ ਕੀਤੀ ਹੈ। ਗੁਰੂ ਘਰ ਦੇ ਸਮੂਹ ਮੈਂਬਰਾਂ ਵੱਲੋਂ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਅਤੇ ਡਾ. ਚਾਂਦਨੀ ਸਿੱਧੂ ਨੂੰ ਇਕ ਇਕ ਕਿਤਾਬਾਂ ਦਾ ਸੈਟ ਅਤੇ ਪ੍ਰਪੋਟੋਜ਼ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਵਿੱਪਲ ਸੋਲਾਕੀ, ਹਰਮੇਸ਼ ਲਾਲ, ਮਨਦੀਪ ਥਿੰਦ ਸਮੇਤ ਪਰਿਵਾਰ, ਬਲਵੀਰ ਕੌਰ ਸੁੰਮਨ, ਕ੍ਰਿਸ਼ਨ ਸਾਂਪਲਾ, ਬਿੰਦਰ ਸਾਂਪਲਾ, ਪ੍ਰਕਾਸ਼ ਕੌਰ, ਜਿਆ, ਜਾਨਵੀ ਸਾਂਪਲਾ, ਜੱਖੂ ਪਰਿਵਾਰ ਅਤੇ ਭਾਰੀ ਗਿਣਤੀ ਵਿਚ ਸ਼ਰਧਾਲੂ ਸ਼ਾਮਲ ਸਨ।



**ਰਿਪੋਰਟ– ਸੋਹਣ ਲਾਲ ਸਾਂਪਲਾ, ਜਰਮਨ**

# ਗੁਰੂ ਘਰ ਵੱਲੋਂ ਅਮਰੀਕੀ ਫੌਜ ਵਿਚ ਭਰਤੀ ਹੋਣ ਜਾ ਰਹੇ ਗੁਰਸਿੱਖ ਸੈਨਿਕ ਦਾ ਸਨਮਾਨ



**ਯੂਬਾ ਸਿਟੀ–** ਸਿੱਖ ਟੈਂਪਲ ਗੁਰਦੁਆਰਾ ਟਾਇਰਾ ਬੁਆਇਨਾ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਬਲਬੀਰ ਸਿੰਘ ਸੋਹਲ ਦੇ ਯਤਨਾਂ ਨਾਲ ਆਪਣੇ ਪੰਜਾਬੀ ਸਕੂਲ ਦੇ ਵਲੰਟੀਅਰ ਟੀਚਰ, ਨੌਜਵਾਨ ਜਸਪ੍ਰੀਤ ਸਿੰਘ ਗਿੱਲ ਨੂੰ ਅਮਰੀਕੀ ਫੌਜ ਵਿਚ ਸਿੱਖ ਸਰੂਪ ਵਿਚ 5ਵਾਂ ਸਿੱਖ ਸੈਕਿ ਬਣਨ ਤੇ ਉਸ ਦੀਆਂ ਪੰਜਾਬੀ ਸਕੂਲ ਲਈ ਸਵੈਇਛੱਕ ਸੇਵਾਵਾਂ ਨੂੰ ਮੁੱਖ ਰੱਖ ਕੇ ਤੇ ਦੇਸ਼ ਕੌਮ ਦੀ ਆਨ ਸ਼ਾਨ ਵਧਾਉਣ ਲਈ ਭਰਤੀ ਹੋਣ ਜਾਣ ਉਤੇ 16 ਜੁਲਾਈ 2017 ਦਿਨ ਐਤਵਾਰ ਨੂੰ ਸੰਗਤ ਦੇ ਰੂਬਰੂ ਇਕ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਬਿ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ। ਸੰਗਤ ਨੇ ਉਸ ਦੀ ਚੜ੍ਹਦੀ ਕਲਾ, ਤਰੱਕੀ ਤੇ ਤੰਦਰੁਸਤੀ ਲਈ ਅਰਦਾਸ ਕੀਤੀ ਅਤੇ ਖੁਸ਼. ਦਾ ਇਜ਼ਹਾਰ ਕਰਦਿਆਂ ਜੈਕਾਰਾ ਗੁੰਜਾਇਆ।

# ਕ੍ਰਿਕਟ ਟੂਰਨਾਮੈਂਟ ਵਿਚ ਸਲੇਰਨ ਕਮੇਟੀ ਦੀ ਟੀਮ ਦਾ ਕਬਜ਼ਾ

**ਹੁਸ਼ਿਆਰਪੁਰ–** ਸਵਾਮੀ ਈਸ਼ਵਰਦਾਸ ਜੀ ਦੇ 117ਵੇਂ ਜਨਮ ਦਿਹਾੜੇ ਨੂੰ ਸਮਰਪਿਤ ਪਹਿਲਾ ਕ੍ਰਿਕਟ ਟੂਰਨਾਮੈਂਟ ਪਿੰਡ ਸਲੇਰਨ ਵਿਚ ਕਰਵਾਇਆ ਗਿਆ। ਜਿਸ ਵਿਚ ਸ਼ਹਿਰਾਂ ਅਤੇ ਪਿੰਡਾਂ ਦੀਆਂ ਵੱਖ–ਵੱਖ ਟੀਮਾਂ ਨੇ ਭਾਗ ਲਿਆ। ਇਸ ਦੌਰਾਨ ਫਾਈਨਲ ਵਿਚ ਪਹੁੰਚੀਆਂ ਦੋ ਟੀਮਾਂ ਸਲੇਰਨ ਕਮੇਟੀ ਟੀਮ ਅਤੇ ਦਸਮੇਸ਼ ਕਲੱਬ ਸਲੇਰਨ ਵਿਚ ਫਾਈਨਲ ਮੈਚ ਹੋਇਆ ਜੋ ਸਲੇਰਨ ਦੀ ਕਮੇਟੀ ਟੀਮ ਨੇ ਜਿੱਤਿਆ। ਇਸ ਮੌਕੇ ਤੇ ਮਨੋਜ ਗੁਪਤਾ ਮੁੱਖ ਮਹਿਮਾਨ, ਸਤੀਸ਼ ਮਹਾਜਨ, ਰਮਨ ਘਈ ਅਤੇ ਨਵਜਿੰਦਰ ਸਿੰਘ ਬੇਦੀ ਸਰਪੰਚ ਸਲੇਰਨ ਅਤੇ ਕਮੇਟੀ ਪ੍ਰਧਾਨ ਸ਼ਿਵ ਦਿਆਲ, ਜਤਿੰਦਰ ਕੁਮਾਰ, ਵਰੁਣ ਕੁਮਾਰ, ਸਵਿੰਦਰ ਪਾਲ, ਕਸ਼ਮੀਰ ਚੰਦ, ਪ੍ਰੇਮ ਅੱਛਰਚੰਦ ਨੇ ਜੇਤੂ ਟੀਮ ਨੂੰ ਟ੍ਰਾਫੀ ਅਤੇ 6100 ਰੁਪਏ ਦਾ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਵੱਲੋਂ ਗੈਰ ਜਿੰਮੇਵਾਰਾਨਾ ਰਵੱਈਏ ਕਾਰਨ ਕਮਿਸਨ ਵਲੋ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ ਤਲਬ

ਚੰਡੀਗੜ੍ਹ– ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਨੇ ਸ੍ਰੀਮਤੀ ਬਲਵੀਰ ਕੋਰ, ਪਤਨੀ ਸ੍ਰੀ ਅਮਰੀਕ ਸਿੰਘ, ਵਾਸੀ ਨਿਹਾਲ ਕੇ, ਜਿਲ੍ਹਾ ਫਿਰੋਜ਼ਪੁਰ ਦੀ ਸਿਕਾਇਤ ਤੇ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਮਿਤੀ 10-08-2017 ਨੂੰ ਨਿੱਜੀ ਪੱਧਰ ਤੇ ਕਮਿਸਨ ਸਾਹਮਣੇ ਰਿਪੋਰਟ ਪੇਸ਼ ਹੋਣ ਦੇ ਆਦੇਸ ਜਾਰੀ ਕੀਤੇ ਹਨ।



ਇਸ ਗੱਲ ਦੀ ਜਾਣਕਾਰੀ ਦਿੰਦਿਆਂ ਅੱਜ ਇਥੇ ਪੰਜਾਬ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਦੇ ਚੇਅਰਮੈਨ ਸ੍ਰੀ ਰਾਜੇਸ ਬਾਘਾ ਨੇ ਦੱਸਿਆ ਕਿ ਸਿਕਾਇਤ ਕਰਤਾ ਵਲੋਂ ਕਮਿਸਨ ਨੂੰ ਦੱਸਿਆ ਗਿਆ ਕਿ ਉਸ ਦੇ ਸਿਰ ਵਿੱਚ ਰਸੋਲੀ ਹੋਣ ਕਾਰਨ ਉਸ ਨੂੰ ਸਿਵਲ ਹਸਪਤਾਲ ਜਲੰਧਰ ਵਿੱਚ 7 ਸਤੰਬਰ, 2016 ਤੋਂ 20 ਸਤੰਬਰ, 2016 ਤੱਕ ਰੱਖਿਆ ਗਿਆ। ਸਿਕਾਇਤ ਕਰਤਾ ਕੋਲ ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮਾ ਦਾ ਕਾਰਡ ਹੋਣ ਦੇ ਬਾਵਜੂਦ ਹਸਪਤਾਲ ਵਲੋਂ 30,000 ਰੁਪਏ ਇਲਾਜ ਅਤੇ 5,000 ਰੁਪਏ ਦਵਾਈਆਂ ਵਾਸਤੇ ਵਸੂਲ ਕੀਤੇ ਗਏ। ਇਸ ਸਬੰਧ ਵਿੱਚ ਕਮਿਸ਼ਨ ਵਲੋ' 13 ਜੁਲਾਈ ਤੱਕ ਜਿੰਮੇਵਾਰ ਅਧਿਕਾਰੀ ਰਾਹੀ' ਰਿਪੋਰਟ ਮੰਗੀ ਸੀ ਪ੍ਰੰਤੂ ਵਾਰ ਵਾਰ ਯਾਦ ਪੱਤਰ ਭੇਜਣ ਦੇ ਬਾਵਜੂਦ ਡਾਇਰੈਕਟਰ, ਸਿਹਤ ਦਾ ਕੋਈ ਨੁਮਾਇੰਦਾ ਪੇਸ਼ ਨਹੀ ਹੋਇਆ ਅਤੇ ਨਾ ਹੀ ਰਿਪੋਰਟ ਪ੍ਰਾਪਤ ਹੋਈ ਜੋ ਕਿ ਡਾਇਰੈਕਟਰ, ਸਿਹਤ ਦਾ ਕਮਿਸ਼ਨ ਪ੍ਰਤੀ ਗੈਰ ਜਿੰਮੇਵਾਰਾਨਾ ਰਵੱਈਆ ਹੈ।

ਉਨਾਂ ਦੱਸਿਆ ਕਿ ਇਸ ਸ਼ਿਕਾਇਤ ਦੀ ਅਗਲੀ ਸੁਣਵਾਈ 10 ਅਗਸਤ, 2017 ਨੂੰ ਰੱਖੀ ਗਈ ਹੈ ਅਤੇ ਇਸ ਦੇ ਲਈ ਡਾਇਰੈਕਟਰ, ਸਿਹਤ ਨੂੰ ਨਿੱਜੀ ਤੌਰ ਤੇ ਕਮਿਸ਼ਨ ਅੱਗੇ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ।

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ
ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ
ਅਮਰ ਕੋਰਸ®
ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ
ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ
ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲ੍ਹਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ
ਤੁਰੰਤ ਪੁੱਛਣ ਲਈ +91-98140-29888 +91-98141-29888 +91-98763-39888
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Services



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ) ਦੀ ਮੀਟਿੰਗ 29 ਜੁਲਾਈ ਨੂੰ

**ਫਗਵਾੜਾ–** ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ) ਦੀ ਮੀਟਿੰਗ 29 ਜੁਲਾਈ 2017 ਦਿਨ ਸ਼ਨਿਚਰਵਾਰ ਨੂੰ ਸਵੇਰੇ ਗਿਆਰਾਂ ਵਜੇ ਬਲੱਡ ਬੈਂਕ, ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਰੱਖੀ ਗਈ ਹੈ। ਮੰਚ ਦੇ ਕਨਵੀਨਰ ਗੁਰਮੀਤ ਪਲਾਹੀ ਨੇ ਸਭ ਪੱਤਰਕਾਰੀ ਪ੍ਰੇਮੀਆਂ ਨੂੰ ਇਸ ਮੌਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਸੰਸਥਾ ਦਾ ਸੰਵਿਧਾਨ ਪ੍ਰਵਾਨ ਕੀਤਾ ਜਾਵੇਗਾ, ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ, ਸਕੱਤਰ, ਖਜਾਨਚੀ ਅਤੇ ਕਾਰਜਕਾਰੀ ਦੇ 6 ਹੋਰ ਮੈਂਬਰਾਂ ਦੀ ਚੋਣ ਹੋਵੇਗੀ। ਸੰਸਥਾ ਦੇ ਮੈਂਬਰਾਂ ਦੀ ਫੀਸ 500 ਰੁਪਏ ਨੀਅਤ ਕਰਨ ਦਾ ਏਜੰਡਾ ਰੱਖਿਆ ਜਾਵੇਗਾ ਅਤੇ ਮੈਂਬਰਾਂ ਨੂੰ ਪਹਿਚਾਣ ਪੱਤਰ ਜਾਰੀ ਕਰਨ ਬਾਰੇ ਵੀ ਵਿਚਾਰ ਕੀਤਾ ਜਾਵੇਗਾ।

# ਕੁਦਰਤ ਮਾਰੇ-ਕੁਦਰਤ ਜੀਵਾਵੇ
## ਭੇਡਾਂ ਦੀ ਸਵਾਰੀ ਕਰਕੇ ਖਰਗੋਸ਼ਾਂ ਬਚਾਈ ਜਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਕੁਦਰਤ ਦਾ ਪਸਾਰਾ ਐਨਾ ਹੈ ਕਿ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ। ਬਹੁਤ ਵਾਰੀ ਕੁਦਰਤੀ ਆਫ਼ਤਾਂ ਜੀਵਾਂ ਨੂੰ ਮਾਰਨ ਤੱਕ ਜਾਂਦੀਆਂ ਹਨ ਅਤੇ ਕਦੇ ਉਸੀ ਸਮੇਂ ਕਿਸੇ ਨੂੰ ਜੀਵਤ ਰੱਖਣ ਲਈ ਵੀ ਵਿਧੀ ਵੀ ਕੁਦਰਤ ਆਪ ਹੀ ਬਣਾ ਦਿੰਦੀ ਹੈ। ਅਜਿਹਾ ਹੀ ਵਾਕਿਆ ਹੋਇਆ ਨਿਊਜ਼ੀਲੈਂਡ ਦੇ ਸ਼ਹਿਰ ਓਟਾਗੋ ਲਾਗੇ। ਬੀਤੇ ਦਿਨੀਂ ਜਦੋਂ ਇਥੇ ਭਾਰੀ ਹੜ੍ਹਾਂ ਨਾਲ ਜਨ-ਜੀਵਨ ਵਿਅਸਤ ਹੋ ਗਿਆ ਤਾਂ ਉਥੇ ਵਸਦੇ ਜਾਨਵਰ ਅਤੇ ਪਾਲਤੂ ਪਸ਼ੂ ਵੀ



ਇਸਦੀ ਮਾਰ ਹੇਠ ਆਏ। ਇਸ ਦੌਰਾਨ ਇਕ ਕਿਸਾਨ ਨੇ ਸਵੇਰੇ ਉਠ ਕੇ ਵੇਖਿਆ ਕਿ ਉਸਦੇ ਇਕ ਗੁਆਂਢੀ ਮਿੱਤਰ ਦੀਆਂ ਭੇਡਾਂ ਬੜੀ ਤਰਸਯੋਗ ਹਾਲਤ ਵਿਚ ਹਨ। ਉਹ ਕੀ ਵੇਖਦਾ ਕਿ ਭੇਡਾਂ ਦੇ ਉਪਰ ਉਸਨੂੰ ਇੰਝ ਲੱਗਿਆ ਜਿਵੇਂ ਉਹ ਡੂੰਘੇ ਪਾਣੀ ਵਿਚੋਂ ਨਿਕਲ ਕੇ ਬਚੀਆਂ ਹੋਣ ਅਤੇ ਉਨ੍ਹਾਂ ਦੇ ਸਰੀਰ ਉਤੇ ਕੱਖ-ਕੰਡੇ ਲੱਗੇ ਹੋਣ। ਜਦੋਂ ਉਸਨੇ ਨੇੜੇ ਹੋ ਕੇ ਵੇਖਿਆ ਤਾਂ ਪਾਇਆ ਕਿ ਤਿੰਨ ਖਰਗੋਸ਼ ਭੇਡਾਂ ਦੀ ਪਿੱਠ ਉਤੇ ਬੈਠੇ ਹੋਏ ਸਨ। ਕਿਸਾਨੀ ਦੇ ਵਿਚ ਖਰਗੋਸ਼ਾਂ ਨੂੰ ਇਥੇ ਫਸਲਾਂ ਲਈ ਨੁਕਸਾਨਦਾਇਕ ਮੰਨਿਆ ਜਾਂਦੇ ਹੋਣ ਦੇ ਬਾਵਜੂਦ ਇਸ ਕਿਸਾਨ ਨੇ ਇਨ੍ਹਾਂ ਉਤੇ ਤਰਸ ਕਰਦਿਆਂ ਇਨ੍ਹਾਂ ਨੂੰ ਜੀਵਤ ਰੱਖਣ ਲਈ ਮਨ ਬਣਾਇਆ। ਸੋ 'ਕੁਦਰਤ ਮਾਰੇ-ਕੁਦਰਤ ਜੀਵਾਵੇ'

# ਖੇਤਾਂ ਦੇ ਪੁੱਤ ਪਾਸ਼ ਦੀ ਕਵਿਤਾ ਨੂੰ ਪੁਸਤਕ ਵਿੱਚੋਂ ਹਟਾਉਣ ਦੀ ਸਿਫ਼ਾਰਸ਼

**ਚੰਡੀਗੜ੍ਹ–** 19 ਵਰ੍ਹਿਆਂ ਦੀ ਉਮਰ ਵਿੱਚ ਜਦੋਂ ਪਾਸ਼ ਨੇ ਪੰਜਾਬੀ ਕਵਿਤਾ ਦੇ ਮੌਜੂਦਾ ਸੋਹਜਵਾਦੀ ਸਰੂਪ ਉਤੇ ਉਂਗਲ ਚੁੱਕੀ ਤਾਂ ਇਕ ਸਥਾਪਤ ਕਵੀ ਨੇ ਉਸ ਦੀ ਕਵਿਤਾ ਨੂੰ "ਸਿਰਫ਼ ਲਾਲ ਟਾਕੀ'' ਆਖ ਕੇ ਰੱਦ ਕੀਤਾ ਪਰ ਇਸ ਨੌਜਵਾਨ ਕਵੀ ਦਾ ਹੁੰਗਾਰਾ ਕਾਵਿਕ ਸੀ: ''ਮੈਥੋਂ ਇਹ ਆਸ ਨਾ ਰੱਖਿਓ ਕਿ ਮੈਂ ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।'' ਹੁਣ ਕਿਸੇ ਨੂੰ ਇਹ ਸਮਝ ਨਹੀ ਆ ਰਹੀ ਕਿ ਆਰਐਸਐਸ ਵਿਚਾਰਧਾਰਕ ਦੀਨਾਨਾਥ ਬੱਤਰਾ ਦੇ ਉਸ ਸੁਝਾਅ ਬਾਰੇ ਕੀ ਪ੍ਰਤੀਕਰਮ ਦੇਵੇ, ਜਿਸ ਵਿੱਚ ਐਨ ਸੀ ਈ ਆਰ ਟੀ ਦੀ ਪਾਠ ਪੁਸਤਕ ਵਿੱਚੋਂ ਪਾਸ਼ ਦੀ ਕਵਿਤਾ ਹਟਾਉਣ ਲਈ ਕਿਹਾ ਗਿਆ ਹੈ।



ਸਾਲ 2006 ਵਿੱਚ ਪਾਸ਼ ਦੀ ਮਸ਼ਹੂਰ ਕਵਿਤਾ 'ਸਭ ਤੋਂ ਖ਼ਤਰਨਾਕ' ਦੇ ਹਿੰਦੀ ਅਨੁਵਾਦ ਨੂੰ ਗਿਆਰਵੀਂ ਹਿੰਦੀ ਦੇ ਪਾਠਕ੍ਰਮ ਦਾ ਭਾਗ ਬਣਾਇਆ ਗਿਆ। ਉਹ ਇਕੋ ਇਕ ਪੰਜਾਬੀ ਕਵੀ ਹੈ, ਜਿਸ ਦੀ ਕਵਿਤਾ ਨੂੰ ਐਨ ਸੀ ਈ ਆਰ ਟੀ ਦੀ ਪਾਠ ਪੁਸਤਕ ਵਿੱਚ ਥਾਂ ਮਿਲੀ। ਬੱਤਰਾ ਨੇ ਪਾਸ਼ ਤੋਂ ਇਲਾਵਾ ਰਾਬਿੰਦਰਨਾਥ ਟੈਗੋਰ ਦੇ ਵਿਚਾਰਾਂ, ਮਿਰਜ਼ਾ ਗਾਲਿਬ ਦੀ ਇਕ ਕਵਿਤਾ ਅਤੇ ਐਮ.ਐਫ. ਹੁਸੈਨ ਦੀ ਸਵੈ ਜੀਵਨੀ ਦੀਆਂ ਟੂਕਾਂ ਨੂੰ ਹਟਾਉਣ ਲਈ ਐਨਸੀਈਆਰਟੀ ਨੂੰ ਆਖਿਆ ਹੈ। ਹਾਲਾਂਕਿ ਬੱਤਰਾ ਦੇ ਇਸ ਕਦਮ ਨੂੰ ਐਨ ਸੀ ਈ ਆਰ ਦੀਆਂ ਕਿਤਾਬਾਂ ਦੇ ਪ੍ਰਕਾਸ਼ਨ ਤੇ ਖੋਜ ਨਾਲ ਸਬੰਧਤ ਰਹੇ ਸਿੱਖਿਆ ਸ਼ਾਸਤਰੀਆਂ ਨੇ ਗ਼ੈਰ ਅਕਾਦਮਿਕ ਦੱਸਿਆ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਹਿੰਦੀ ਸਾਹਿਤ ਦੇ ਸਾਬਕਾ ਪ੍ਰੋਫੈਸਰ ਅਤੇ ਐਨ ਸੀ ਈ ਆਰ ਟੀ ਦੀ ਹਿੰਦੀ ਪਾਠ ਪੁਸਤਕ ਕਮੇਟੀ ਦੇ ਕਨਵੀਨਰ ਰਹੇ ਪੁਰਸ਼ੋਤਮ ਅਗਰਵਾਲ ਦਾ ਮੰਨਣਾ ਹੈ ਕਿ ਬੱਤਰਾ ਦਾ ਵਿਚਾਰ ਘਟੀਆ ਹੈ ਅਤੇ ਇਸ ਦਾ ਅਕਾਦਮਿਸ਼ਨ ਨਾਲ ਕੋਈ ਸਬੰਧ ਨਹੀਂ ਹੈ।

ਪਾਸ਼ ਦੀ ਕਵਿਤਾ ਨੂੰ ਹਿੰਦੀ ਪਾਠ ਪੁਸਤਕਾਂ ਵਿੱਚ ਸ਼ਾਮਲ ਕਰਨ ਦੇ ਵਿਚਾਰ ਬਾਰੇ ਉਨ੍ਹਾਂ ਕਿਹਾ ਕਿ ਇਸ ਦਾ ਕਾਰਨ ਵਿਦਿਆਰਥੀਆਂ ਨੂੰ ਹੋਰ ਭਾਰਤੀ ਭਾਸ਼ਾਵਾਂ ਦੇ ਸਾਹਿਤਕ ਰੁਝਾਨਾਂ ਤੋਂ ਜਾਣੂ ਕਰਵਾਉਣਾ ਸੀ। ਸਾਡਾ ਵਿਚਾਰ ਸੀ ਕਿ ਵਿਦਿਆਰਥੀਆਂ ਦਾ ਮਨ ਵੱਖ ਵੱਖ ਵਿਚਾਰਾਂ ਪ੍ਰਤੀ ਜਿਗਿਆਸੂ ਬਣੇ ਅਤੇ ਉਹ ਇਨ੍ਹਾਂ ਵਿਚਾਰਾਂ ਬਾਰੇ ਆਪਣਾ ਸਿੱਟਾ ਕੱਢ ਸਕਣ।

# ਗ਼ਦਰੀ ਸ਼ਹੀਦ ਜਵੰਧ ਸਿੰਘ ਨੰਗਲ ਕਲਾਂ ਦਾ ਸ਼ਤਾਬਦੀ ਸਮਾਗਮ ਮਨਾਇਆ ਗਿਆ

**ਹੁਸ਼ਿਆਰਪੁਰ–** ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨੰਗਲ ਕਲਾਂ ਵਿੱਚ ਗ਼ਦਰ ਲਹਿਰ ਦੇ ਮਹਾਨ ਸ਼ਹੀਦ ਭਾਈ ਜਵੰਧ ਸਿੰਘ ਦੀ ਸ਼ਹਾਦਤ ਦੇ ਸ਼ਤਾਬਦੀ ਸਮਾਗਮ, ਸਮੂਹ ਨਗਰ ਨਿਵਾਸੀਆਂ ਵਲੋਂ ਬੜੇ ਜੋਸ਼-ਖਰੋਸ਼ ਨਾਲ 17 ਜੁਲਾਈ ਨੂੰ ਮਨਾਇਆ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਵੱਲੋਂ ਪ੍ਰਧਾਨ ਗੁਰਮੀਤ ਸਿੰਘ ਢੱਡਾ, ਚਰੰਜੀ ਲਾਲ ਕੰਗਣੀਵਾਲ ਅਤੇ ਰਣਜੀਤ ਸਿੰਘ ਔਲਖ ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ। ਗ਼ਦਰ ਲਹਿਰ ਤੇ ਸ਼ਹੀਦ ਜਵੰਧ ਸਿੰਘ ਦੀ ਜੀਵਨ ਗਾਥਾ ਨੂੰ ਢਾਡੀ ਜਥੇ ਵਲੋਂ ਵਾਰਾਂ ਰਾਹੀਂ ਗਾ ਕੇ ਪੇਸ਼ ਕਰਨ ਉਪਰੰਤ, ਵਿਸ਼ਾਲ ਸਮਾਗਮ ਨੂੰ ਚਰੰਜੀ ਲਾਲ ਕੰਗਣੀਵਾਲ, ਗੁਰਮੀਤ ਸਿੰਘ ਢੱਡਾ, ਰਣਜੀਤ ਸਿੰਘ ਔਲਖ ਤੋਂ ਇਲਾਵਾ ਇਲਾਕੇ ਵਿੱਚ ਸ੍ਰੀ ਵਿਜੇ ਬੰਬੇਲੀ, ਲਾਲੀ ਲੰਗੇਰੀ ਵਲੋਂ ਗ਼ਦਰ ਲਹਿਰ ਤੇ ਕਾਮਾਗਾਟਾ ਮਾਰੂ ਦੇ ਇਤਿਹਾਸ ਤੋਂ ਜਾਣੂ ਕਰਾ ਕੇ ਪਿੰਡ ਦੇ ਬਾਬਾ ਦਲੀਪ ਸਿੰਘ ਫਾਹਲਾ, ਗਿਆਨੀ ਵਤਨ ਸਿੰਘ ਤੇ ਹੋਰ ਦੇਸ਼ ਭਗਤਾਂ ਬਾਰੇ ਵਿਚਾਰ ਪੇਸ਼ ਕੀਤੇ ਗਏ। ਇਲਾਵਾ ਭਰ ਵਿਚੋਂ ਹਾਜ਼ਰ ਹੋਏ ਦੇਸ਼ ਭਗਤ ਪਰਿਵਾਰਾਂ ਦੇ ਵਾਰਸਾਂ ਨੂੰ ਸਨਮਾਨਤ ਕੀਤਾ ਗਿਆ। ਸਮਾਗਮ ਕਮੇਟੀ ਦੇ ਆਗੂ ਮਾਸਟਰ ਕਰਨੈਲ ਸਿੰਘ, ਮਾਸਟਰ ਅਜੀਤ ਸਿੰਘ ਤੇ ਪਿੰਡ ਦੀ ਪੰਚਾਇਤ ਵਲੋਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪੁੱਜੇ ਆਗੂਆਂ ਨੂੰ ਮੋਮੈਂਟੋ ਤੇ ਸੱਤ ਹਜ਼ਾਰ ਰੁਪਏ ਕਮੇਟੀ ਲਈ ਨਾਲ ਸਨਮਾਨਤ ਕੀਤਾ ਗਿਆ।



# ਜਿੱਤ ਕੇ ਅੰਤ ਨੂੰ ਹਾਰੀਆਂ ਭਾਰਤੀ ਕੁੜੀਆਂ

**ਲੰਡਨ–** ਭਾਰਤੀ ਮਹਿਲਾਵਾਂ ਹੱਥੋਂ ਇਤਿਹਾਸਕ ਲਾਰਡਜ਼ ਮੈਦਾਨ 'ਤੇ ਇਤਿਹਾਸ ਤਿਲਕ ਗਿਆ। ਭਾਰਤੀ ਟੀਮ ਇੰਗਲੈਂਡ ਖ਼ਿਲਾਫ਼ ਐਤਵਾਰ ਨੂੰ ਤਿੰਨ ਵਿਕਟਾਂ 'ਤੇ 191 ਦੌੜਾਂ ਦੀ ਮਜ਼ਬੂਤ ਸਥਿਤੀ ਦੇ ਬਾਵਜੂਦ 219 ਦੌੜਾਂ 'ਤੇ ਢੇਰ ਹੋ ਗਈ ਤੇ ਪਹਿਲੀ ਵਾਰ ਮਹਿਲਾ ਵਿਸ਼ਵ ਕੱਪ ਜਿੱਤਣ ਦਾ ਮੌਕਾ ਗੁਆ ਬੈਠੀ।

ਇੰਗਲੈਂਡ ਨੇ ਭਾਰਤ ਨੂੰ ਨੌਂ ਦੌੜਾਂ ਨਾਲ ਹਰਾਇਆ। ਇੰਗਲੈਂਡ ਨੇ ਸੱਤ ਵਿਕਟਾਂ 'ਤੇ 228 ਦੌੜਾਂ ਬਣਾਈਆਂ ਜਦੋਂ ਕਿ ਭਾਰਤੀ ਟੀਮ 48.4 ਗੇਂਦਾਂ 'ਤੇ 219 ਦੌੜਾਂ ਹੀ ਬਣਾ ਸਕੀ। ਇੰਗਲੈਂਡ ਵੱਲੋਂ ਅਨਿਆ ਸ਼੍ਰਬਸੋਲ ਨੇ 46 ਦੌੜਾਂ ਦੇ ਛੇ ਵਿਕਟਾਂ ਲਈਆਂ। ਐਲਕਸ ਹਾਰਟਲੇ ਨੇ 58 ਦੌੜਾਂ ਦੇ ਕੇ 2 ਵਿਕਟਾਂ ਲਈਆਂ।

ਭਾਰਤ ਵੱਲੋਂ ਪੂਨਮ ਰਾਊਤ ਨੇ 80 ਗੇਂਦਾਂ 'ਤੇ 51 ਦੌੜਾਂ ਬਣਾਈਆਂ ਅਤੇ ਤੀਜੀ ਵਿਕਟ ਲਈ 95 ਦੌੜਾਂ ਦੀ ਭਾਈਵਾਲੀ ਕੀਤੀ। ਇਸ ਤੋਂ ਬਾਅਦ ਵੇਦਾ ਕ੍ਰਿਸ਼ਨਾਮੂਰਤੀ ਦੀਆਂ 34 ਗੇਂਦਾਂ 'ਤੇ 35 ਦੌੜਾਂ ਦੀ ਲਾਹੇਵੰਦ ਪਾਰੀ ਨਾਲ ਭਾਰਤ ਇਕ ਸਮੇਂ ਤੇਜ਼ੀ ਨਾਲ ਜਿੱਤ ਵੱਲ ਵਧ ਰਿਹਾ ਸੀ ਅਤੇ ਜਿੱਤ ਲਈ ਉਸ ਨੂੰ 38 ਦੌੜਾਂ ਦੀ ਲੋੜ ਸੀ। ਪਰ ਅਖੀਰ ਵਿੱਚ ਭਾਰਤੀ ਟੀਮ 48.4 ਓਵਰਾਂ ਵਿੱਚ 219 ਦੌੜਾਂ 'ਤੇ ਢੇਰ ਹੋ ਗਈ। ਇਹ ਦੂਜਾ ਮੌਕਾ ਹੈ ਜਦੋਂ ਭਾਰਤੀ ਮਹਿਲਾ ਟੀਮ ਵਿਸ਼ਵ ਕੱਪ ਦੇ ਫਾਈਨਲ ਵਿੱਚ ਹਾਰੀ ਹੈ। ਇਸ ਤੋਂ ਪਹਿਲਾਂ 2005 ਵਿੱਚ ਆਸਟਰੇਲੀਆ ਨੇ ਉਸ ਨੂੰ ਵਿਸ਼ਵ ਚੈਂਪੀਅਨ ਬਣਨ ਤੋਂ ਰੋਕਿਆ ਸੀ। ਭਾਰਤੀ ਬੱਲੇਬਾਜ਼ ਉਮੀਦ ਅਨੁਸਾਰ ਖਰੇ ਨਹੀਂ ਉਤਰੇ। ਸਮ੍ਰਿਤੀ ਮੰਦਾਨਾ ਸਿਫਰ 'ਤੇ ਆਊਟ ਹੋਈ ਅਤੇ ਲਗਾਤਾਰ ਸੱਤਵੇਂ ਮੈਚ ਵਿੱਚ ਨਾਕਾਮ ਰਹੀ। ਭਾਰਤ ਨੂੰ ਕਰਾਰਾ ਝਟਕਾ ਕਪਤਾਨ ਮਿਤਾਲੀ ਰਾਜ ਦੇ 17 ਦੌੜਾਂ ਦੇ ਆਊਟ ਹੋਣ 'ਤੇ ਲੱਗਾ ਜੋ ਆਪਣੀ ਗਲਤੀ ਨਾਲ ਰਨ ਆਊਟ ਹੋਈ। ਹਰਮਨਪ੍ਰੀਤ ਨੇ ਸੋਚ ਸਮਝ ਕੇ ਬੱਲੇਬਾਜ਼ੀ ਕੀਤੀ ਪਰ ਉਸ ਨੇ ਢਿੱਲੀਆਂ ਗੇਂਦਾਂ 'ਤੇ ਸ਼ਾਟ ਲਗਾਏ। ਉਸ ਨੇ ਐਲਕਸ ਹਰਟਲ ਦੇ ਓਵਰ ਵਿੱਚ ਦੋ ਛੱਕੇ ਮਾਰੇ। ਪਰ ਇਸ ਦੇ ਬਾਵਜੂਦ 25 ਓਵਰਾਂ ਤਕ ਭਾਰਤੀ ਟੀਮ ਦਾ ਸਕੋਰ ਦੋ ਵਿਕਟਾਂ 'ਤੇ 92 ਸੀ। ਭਾਰਤ ਨੇ 27ਵੇਂ ਓਵਰਾਂ ਵਿੱਚ ਸਕੋਰ ਤੀਜੇ ਅੰਕ ਤਕ ਪਹੁੰਚਾਇਆ। ਭਾਰਤ ਨੇ ਮਜ਼ਬੂਤ ਸ਼ੁਰੂਆਤ ਕੀਤੀ। ਪਰ ਮੱਧ ਗਤੀ ਦੀ ਗੇਂਦਬਾਜ਼ ਅਨਿਆ ਸ਼੍ਰਬਸੋਲ ਦੀ ਘਾਤਕ ਗੇਂਦਬਾਜ਼ੀ ਦੇ ਸਾਹਮਣੇ ਭਾਰਤ ਨੇ ਅੱਜ ਇਥੇ 28 ਦੌੜਾਂ ਦੇ ਸਕੋਰ 'ਤੇ ਆਪਣੀਆਂ ਸੱਤ ਵਿਕਟਾਂ ਗੁਆਈਆਂ। ਇੰਗਲੈਂਡ ਨੇ ਫਾਈਨਲ ਵਿੱਚ ਸ਼ਾਨਦਾਰ ਵਾਪਸੀ ਦਾ ਨਮੂਨਾ ਪੇਸ਼ ਕੀਤਾ ਅਤੇ ਆਖਿਰੀ ਨੌਂ ਵਿਕਟਾਂ ਨਾਲ ਜਿੱਤ ਦਰਜ ਕੀਤੀ।ਇਸ ਤੋਂ ਪਹਿਲਾਂ ਤਜਰਬੇਕਾਰ ਝੂਲਨ ਗੋਸਵਾਮੀ ਦੀ ਘਾਤਕ ਗੇਂਦਬਾਜ਼ੀ ਅਤੇ ਫਿਰਕੀ ਗੇਂਦਬਾਜ਼ਾਂ ਦੇ ਚੰਗੇ ਯੋਗਦਾਨ ਨਾਲ ਭਾਰਤ ਨੇ ਆਈਸੀਸੀ ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿੱਚ ਮੇਜ਼ਬਾਨ ਇੰਗਲੈਂਡ ਨੂੰ ਸੱਤ ਵਿਕਟਾਂ 'ਤੇ 228 ਦੌੜਾਂ 'ਤੇ ਰੋਕ ਦਿੱਤਾ ਸੀ। ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਇੰਗਲੈਂਡ ਨੇ ਧੀਮੀ ਗਤੀ ਦੀ ਪਿੱਚ 'ਤੇ 16 ਗੇਂਦਾਂ 'ਤੇ ਆਪਣੀਆਂ ਤਿੰਨ ਵਿਕਟਾਂ ਗੁਆ ਦਿੱਤੀਆਂ। ਸਰਾਹ ਟੇਲਰ(45) ਅਤੇ ਨਤਾਲੀ ਸੀਵਰ(51) ਨੇ ਚੌਥੀ ਵਿਕਟ ਲਈ 83 ਦੌੜਾਂ ਬਣਾ ਕੇ ਟੀਮ ਨੂੰ ਕੁਝ ਮਜ਼ਬੂਤ ਦਿੱਤੀ। ਪਰ ਅਜਿਹੇ ਮੌਕੇ 'ਤੇ ਝੂਲਨ ਦੀ ਸ਼ਾਨਦਾਰ ਗੇਂਦਬਾਜ਼ੀ 'ਤੇ ਇੰਗਲੈਂਡ ਨੇ ਮੁੜ 18 ਗੇਂਦਾਂ 'ਤੇ ਆਪਣੀਆਂ ਤਿੰਨ ਵਿਕਟਾਂ ਗੁਆ ਦਿੱਤੀਆਂ। ਅਖੀਰ ਵਿੱਚ ਕੈਥਰੀਨ ਬਰੰਟ (34)ਅਤੇ ਜੇਨੀ ਗੁਨ(ਨਾਬਾਦ)ਦੀਆਂ ਕੋਸ਼ਿਸ਼ਾਂ ਦੀ ਬਦੌਲਤ ਇੰਗਲੈਂਡ ਚੁਣੌਤੀਪੂਰਨ ਸਕੋਰ ਬਣਾਉਣ ਵਿੱਚ ਸਫ਼ਲ ਰਿਹਾ। ਝੂਲਨ ਨੇ ਬਿਹਤਰੀਨ ਗੇਂਦਬਾਜ਼ੀ ਦਾ ਨਮੂਨਾ ਪੇਸ਼ ਕੀਤਾ। ਉਸ ਨੇ 10 ਓਵਰਾਂ ਵਿੱਚ 23 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ ਤੇ ਇੰਗਲੈਂਡ ਦੇ ਮੱਧਕ੍ਰਮ ਨੂੰ ਪੈਵੇਲੀਅਨ ਭੇਜ ਦਿੱਤਾ। ਲੈਗ ਸਪਿੰਨਰ ਪੂਨਮ ਯਾਦਵ ਨੇ ਸਿਖਰਲੇ ਕ੍ਰਮ ਨੂੰ ਤੋੜਨ ਵਿੱਚ ਅਹਿਮ ਭੂਮਿਕਾ ਨਿਭਾਈ। ਉਸ ਨੇ 36 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਰਾਜੇਸ਼ਵਰੀ ਗਾਇਕਵਾੜ ਨੇ ਇਕ ਵਿਕਟ ਲਿਆ।



# ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਬੰਬ ਧਮਾਕਾ; 26 ਮੌਤਾਂ

**ਲਾਹੌਰ–** ਇਥੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਰਿਹਾਇਸ਼-ਕਮ-ਦਫ਼ਤਰ ਨੇੜੇ ਫਿਦਾਈਨ ਬੰਬ ਧਮਾਕੇ ਵਿੱਚ ਪੁਲੀਸ ਮੁਲਾਜ਼ਮਾਂ ਸਮੇਤ 26 ਜਣੇ ਮਾਰੇ ਗਏ ਅਤੇ 58 ਤੋਂ ਵੱਧ ਲੋਕ ਫੱਟੜ ਹੋਏ ਹਨ। 'ਰੈਸਕਿਊ 1122' ਸੰਸਥਾ ਦੀ ਦੀਬਾ ਸਹਿਨਾਜ਼ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, 'ਜਦੋਂ ਇਹ ਧਮਾਕਾ ਹੋਇਆ ਤਾਂ ਪੁਲਿਸ ਤੇ ਲਾਹੌਰ ਡਿਵੈੱਲਪਮੈਂਟ ਅਥਾਰਟੀ ਅਧਿਕਾਰੀ ਆਰਫਾ ਕਰੀਮ ਟਾਵਰ, ਜੋ ਮੁੱਖ ਮੰਤਰੀ ਦੀ ਮਾਡਲ ਟਾਊਨ ਵਾਲੀ ਰਿਹਾਇਸ਼ ਨੇੜੇ ਸਥਿਤ ਹੈ, ਦੇ ਬਾਹਰ ਨਾਜਾਇਜ਼ ਕਬਜ਼ੇ ਹਟਾਉਣ ਵਿੱਚ ਰੁਝੇ ਹੋਏ ਸਨ।' ਧਮਾਕੇ ਸਮੇਂ ਮੁੱਖ ਮੰਤਰੀ, ਜੋ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਭਰਾ ਹਨ, ਮਾਡਲ ਟਾਊਨ ਦਫ਼ਤਰ ਵਿੱਚ ਮੀਟਿੰਗ ਕਰ ਰਹੇ ਸਨ।

'ਰੈਸਕਿਊ 1122' ਮੁਤਾਬਕ ਪੁਲੀਸ ਮੁਲਾਜ਼ਮਾਂ ਸਮੇਤ ਘੱਟੋ ਘੱਟ 26 ਵਿਅਕਤੀ ਮਾਰੇ ਗਏ ਹਨ ਅਤੇ 58 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ। ਇਸ ਤੋਂ ਪਹਿਲਾਂ ਗ੍ਰਹਿ ਮੰਤਰੀ ਚੌਧਰੀ ਨਿਸਾਰ ਅਲੀ ਖਾਨ ਨੇ ਮੌਤਾਂ ਦੀ ਗਿਣਤੀ 14 ਦੱਸੀ ਸੀ ਪਰ ਉਨ੍ਹਾਂ ਕਿਹਾ ਸੀ ਕਿ ਇਸ 'ਚ ਵਾਧਾ ਹੋ ਸਕਦਾ ਹੈ। ਸ਼ਹਿਨਾਜ਼ ਨੇ ਦੱਸਿਆ ਕਿ ਬਚਾਅ ਟੀਮਾਂ ਵੱਲੋਂ ਜ਼ਖ਼ਮੀਆਂ ਨੂੰ ਹਸਪਤਾਲ ਪਹੁੰ-ਚਾਇਆ ਗਿਆ।

ਸ਼ਹਿਰ ਵਿੱਚ ਐਮਰਜੈਂਸੀ ਐਲਾਨ ਦਿੱਤੀ ਗਈ ਹੈ। ਕਈ ਜ਼ਖ਼ਮੀਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਲਾਹੌਰ ਪੁਲੀਸ ਦੇ ਮੁਖੀ ਕੈਪਟਨ ਅਮੀਨ ਵੈਂਸ ਨੇ ਪੁਸ਼ਟੀ ਕੀਤੀ ਹੈ ਕਿ ਇਹ ਫਿਦਾਈਨ ਹਮਲਾ ਸੀ ਅਤੇ ਇਸ ਦਾ 'ਨਿਸ਼ਾਨਾ ਪੁਲੀਸ' ਸੀ। 'ਜੀਓ ਨਿਊਜ਼' ਨੇ ਪੁਲੀਸ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਇਕ ਫਿਦਾਈਨ ਹਮਲਾਵਰ ਨੇ ਇਸ ਜਗ੍ਹਾ ਤਾਇਨਾਤ ਪੁਲੀਸ ਨੂੰ ਨਿਸ਼ਾਨਾ ਬਣਾ ਕੇ ਧਮਾਕਾ ਕੀਤਾ ਹੈ। ਸੁਰੱਖਿਆ ਬਲਾਂ ਨੇ ਇਸ ਇਲਾਕੇ ਨੂੰ ਘੇਰਾ ਪਾ ਲਿਆ ਹੈ ਅਤੇ ਸੜਕ ਦੇ ਧਮਾਕੇ ਵਾਲੇ ਹਿੱਸੇ ਨੂੰ ਸੀਲ ਕਰ ਦਿੱਤਾ ਹੈ।

# ਰਾਮਨਾਥ ਕੋਵਿੰਦ ਬਣੇ ਭਾਰਤ ਦੇ ਦੂਜੇ ਦਲਿਤ ਰਾਸ਼ਟਰਪਤੀ

**(ਸਫਾ 1 ਦੀ ਬਾਕੀ)**

ਦੀਨ ਦਿਆਲ ਉਪਾਧਿਆਏ ਨੇ ਦੇਖਿਆ ਸੀ।

ਰਾਸ਼ਟਰਪਤੀ ਦੇ ਫੌਜੀ ਸਕੱਤਰ ਮੇਜਰ ਜਨਰਲ ਅਨਿਲ ਖੋਸਲਾ ਨੇ ਸਵੇਰੇ ਉਨ੍ਹਾਂ ਦੇ ਬੂਹੇ 'ਤੇ ਦਸਤਕ ਦਿੱਤੀ। ਉਹ ਮੋਟਰਾਂ ਦੇ ਕਾਫ਼ਲੇ ਨਾਲ ਪੁੱਜੇ ਅਤੇ ਸ੍ਰੀ ਕੋਵਿੰਦ ਅਤੇ ਉਨ੍ਹਾਂ ਦੀ ਪਤਨੀ ਸਵਿਤਾ ਨੂੰ ਰਾਸ਼ਟਰਪਤੀ ਭਵਨ ਆਉਣ ਦਾ ਸੱਦਾ ਦਿੱਤਾ, ਜਿਥੇ ਪੁੱਜਣ 'ਤੇ ਪ੍ਰਣਬ ਮੁਖਰਜੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਹਲਫ਼ਦਾਰੀ ਸਮਾਗਮ ਦਾ ਆਗਾਜ਼ ਗ੍ਰਹਿ ਸਕੱਤਰ ਰਾਜੀਵ ਮਹਿਰਿਸ਼ੀ ਦੇ ਚੋਣ ਕਮਿਸ਼ਨ ਦਾ ਨੋਟੀਫਿਕੇਸ਼ਨ ਪੜ੍ਹਨ ਨਾਲ ਹੋਈ। ਚੀਫ ਜਸਟਿਸ ਖੇਹਰ ਨੇ ਸ੍ਰੀ ਕੋਵਿੰਦ ਨੂੰ ਸਹੁੰ ਚੁਕਾਈ, ਜਿਸ ਤੋਂ ਬਾਅਦ ਸ੍ਰੀ ਕੋਵਿੰਦ ਨੇ ਸ੍ਰੀ ਮੁਖਰਜੀ ਨਾਲ ਕੁਰਸੀ ਬਦਲੀ।

ਇਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕੋਵਿੰਦ ਨੇ ਆਪਣੇ ਪਿਛੋਕੜ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਛੋਟੇ ਜਿਹੇ ਪਿੰਡ ਵਿੱਚ ਮਿੱਟੀ ਦੇ ਮਕਾਨ ਵਿੱਚ ਵੱਡੇ ਹੋਏ। ਉਨ੍ਹਾਂ ਦਾ ਰਾਸ਼ਟਰਪਤੀ ਤਕ ਦਾ ਸਫ਼ਰ ਬਹੁਤ ਲੰਮਾ ਹੈ। ਉਨ੍ਹਾਂ ਕਿਹਾ ,'' ਇਹ ਸਾਡੇ ਦੇਸ਼ ਅਤੇ ਸਮਾਜ ਦੀ ਵਡਿਆਈ ਹੈ ਕਿ ਸਾਰੀਆਂ ਸਮੱਸਿਆਵਾਂ ਲਈ ਇਹ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਦਿੱਤੇ ਮੂਲ ਮੰਤਰ ਦਾ ਪਾਲਣ ਕਰਦਾ ਹੈ ਜਿਸ ਵਿਚ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਗਿਆ ਹੈ। ਅਤੇ ਮੈਂ ਇਸ ਮੂਲ ਮੰਤਰ ਦਾ ਹਮੇਸ਼ਾ ਪਾਲਣ ਕਰਾਂਗਾ।'' ਸਮਾਗਮ ਤੋਂ ਬਾਅਦ ਉਹ ਕੇਂਦਰੀ ਹਾਲ ਵਿੱਚ ਮੌਜੂਦ ਆਗੂਆਂ ਨੂੰ ਮਿਲੇ। ਇਸ ਤੋਂ ਬਾਅਦ ਉਹ ਰਾਸ਼ਟਰਪਤੀ ਭਵਨ ਲਈ ਰਾਸ਼ਟਰਪਤੀ ਦੀ ਲਿਮੋਜ਼ਿਨ ਵਿੱਚ ਗਏ।

ਇਸ ਦੌਰਾਨ ਮੁਖਰਜੀ ਖੱਬੇ ਅਤੇ ਕੋਵਿੰਦ ਸੱਜੇ ਪਾਸੇ ਬੈਠੇ ਹੋਏ ਸੀ। ਰਾਸ਼ਟਰਪਤੀ ਭਵਨ ਪੁੱਜ ਕੇ ਸ੍ਰੀ ਕੋਵਿੰਦ ਨੇ ਨਵੇਂ ਰਾਸ਼ਟਰਪਤੀ ਵਜੋਂ ਚਾਰਜ ਸੰਭਾਲ ਲਿਆ। ਇਸ ਤੋਂ ਬਾਅਦ ਸ੍ਰੀ ਕੋਵਿੰਦ ਰਾਸ਼ਟਰਪਤੀ ਦੀ ਬੱਘੀ ਵਿਚ ਅਗਲੇ ਅਹਾਤੇ 'ਚ ਆਏ ਜਿਸ ਨੂੰ ਛੇ ਘੋੜੇ ਖਿੱਚ ਰਹੇ ਸੀ ਤੇ ਉਸ 'ਤੇ ਰਾਸ਼ਟਰੀ ਚਿੰਨ੍ਹ ਲੱਗਾ ਹੋਇਆ ਸੀ। ਉਨ੍ਹਾਂ ਗਾਰਡ ਆਫ ਆਨਰ ਦਾ ਨਿਰੀਖਣ ਕੀਤਾ ਅਤੇ ਵਾਪਸ ਅੰਦਰ ਚਲੇ ਗਏ।

ਇਸ ਤੋਂ ਬਾਅਦ ਉਹ ਸ੍ਰੀ ਮੁਖਰਜੀ ਨਾਲ ਮੁੜ ਅਹਾਤੇ ਵਿੱਚ ਆਏ ਜਿਥੇ ਸ੍ਰੀ ਮੁਖਰਜੀ ਨੂੰ ਅੰਤਿਮ ਵਾਰ ਗਾਰਡ ਆਫ ਆਨਰ ਦਿੱਤਾ ਗਿਆ। ਇਸ ਤੋਂ ਬਾਅਦ ਉਹ ਮੁਖਰਜੀ ਨਾਲ ਰਾਸ਼ਟਰਪਤੀ ਦੀ ਲਿਮੋਜ਼ਿਨ ਵਿੱਚ ਉਨ੍ਹਾਂ ਨੂੰ ਉਨ੍ਹਾਂ ਦੀ ਨਵੀਂ ਰਿਹਾਇਸ਼ 10, ਰਾਜਾ ਜੀ ਮਾਰਗ ਤਕ ਛੱਡਣ ਗਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਮ ਨਾਥ ਕੋਵਿੰਦ ਨੂੰ ਰਾਸ਼ਟਰਪਤੀ ਵਜੋਂ ਹਲਫ਼ ਲੈਣ ਦੀ ਵਧਾਈ ਦਿੱਤੀ।

ਸਮਾਗਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਿਵੇਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਾਲ ਵਿੱਚ ਪੁੱਜੇ ਤਾਂ ਭਾਜਪਾ ਆਗੂਆਂ ਨੇ ਮੇਜ਼ ਖੜਕਾ ਕੇ ਉਨ੍ਹਾਂ ਦਾ ਸਵਾਗਤ ਕੀਤਾ।

ਸਮਾਗਮ ਦੀ ਸਮਾਪਤੀ 'ਤੇ ਮੋਦੀ ਅਤੇ ਮਮਤਾ ਇਕ ਦੂਜੇ ਨੂੰ ਨਿੱਘ ਨਾਲ ਮਿਲੇ। ਰਾਹੁਲ ਗਾਂਧੀ ਪਿਛਲੀ ਕਤਾਰ ਵਿੱਚ ਬੈਠੇ ਨਜ਼ਰ ਆਏ। ਇਸ ਦੌਰਾਨ ਉਨ੍ਹਾਂ ਨਾਲ ਲੋਕ ਸਭਾ ਵਿਚੋਂ ਮੁਅੱਤਲ ਚਾਰ ਸੰਸਦ ਮੈਂਬਰ ਵੀ ਸਨ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਮਮਤਾ ਬੈਨਰਜੀ ਨਾਲ ਬੈਠੇ। ਵੈਂਕਈਆ ਨਾਇਡੂ ਜੋ ਕਾਂਗਰਸ ਪ੍ਰਧਾਨ ਸੋਨੀਆ ਨਾਲ ਗੱਲਬਾਤ ਕਰਦੇ ਆਏ ਨਜ਼ਰ ਆਏ ਉਨ੍ਹਾਂ ਦੇ ਪਿੱਛੇ ਬੈਠੇ ਸੀ। ਸਮਾਗਮ ਖਤਮ ਹੋਣ ਬਾਅਦ ਭਾਜਪਾ ਸੰਸਦ ਮੈਂਬਰਾਂ ਨੇ ਜੈ ਸ੍ਰੀ ਰਾਮ ਅਤੇ ਭਾਰਤ ਮਾਤਾ ਕੀ ਜੈ ਦੇ ਨਾਅਰੇ ਲਾਏ।

**(ਵੀਰ ਭਾਰਤ ਤਲਵਾਰ ਦਾ ਇਹ ਭਾਸ਼ਣ ਅਜੋਕੇ ਪ੍ਰਬੰਧ ਦੀਆਂ ਦੋਗਲੀਆਂ ਨੀਤੀਆਂ ਨੂੰ ਤੱਥਾਂ ਦੇ ਆਧਾਰ ਤੇ ਤਾਰ ਤਾਰ ਕਰਦਾ ਹੈ। ਪਾਠਕਾਂ ਦੀ ਮੰਗ ਤੇ "ਦੇਸ਼ ਦੁਆਬਾ" ਇਸ ਨੂੰ ਦੁਬਾਰਾ ਛਾਪਣ ਦੀ ਖੁਸ਼ੀ ਲੈ ਰਿਹਾ ਹੈ)**

# ਅੱਜ ਗੁੰਡਾਗਰਦੀ ਨੇ ਦੇਸ਼ ਭਗਤੀ ਦਾ ਰੂਪ ਲੈ ਲਿਆ ਹੈ

ਮੈਂ ਮਾਫੀ ਚਾਹੁੰਦਾ ਹਾਂ ਕਿ ਮੈਂ ਪੰਜਾਬੀ ਵਿਚ ਨਹੀਂ ਬੋਲ ਰਿਹਾ। 90 ਸਾਲ ਤੋਂ ਜਿਆਦਾ ਸਮਾਂ ਹੋ ਗਿਆ ਅਸੀਂ ਪੰਜਾਬ ਵਿਚ ਨਹੀਂ ਰਹੇ ਤੇ ਇਥੋਂ ਝਾਰਖੰਡ ਜਾ ਕੇ ਵਸ ਗਏ ਸਾਂ। ਉਥੇ ਹਿੰਦੀ ਵਿਚ ਹੀ ਪੜ੍ਹਨਾ ਲਿਖਣਾ ਹੋਇਆ। ਅਸੀਂ ਘਰ ਵਿਚ ਪੰਜਾਬੀ ਬੋਲਦੇ ਹਾਂ ਪਰ ਇਸ ਮਹੱਤਵਪੂਰਣ ਸਾਮਜਿਕ ਮੁੱਦੇ ਉਤੇ ਮੈਂ ਲੰਮਾ ਸਮਾਂ ਪੰਜਾਬੀ ਵਿਚ ਨਹੀਂ ਬੋਲ ਸਕਦਾ, ਇਸ ਲਈ ਮਾਫੀ ਚਾਹੁੰਦਾ ਹਾਂ ਤੇ ਹਿੰਦੀ ਵਿਚ ਹੀ ਗੱਲ ਕਰਾਂਗਾ। ਮੈਂ ਸ਼ੁਕਰਗੁਜਾਰ ਹਾਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਅਤੇ ਕੌਮਾਂਤਰੀ ਪੰਜਾਬੀ ਇਲਮ (ਰਜਿ.) ਵਾਲੇ ਸਾਥੀਆਂ ਦਾ ਜਿਨ੍ਹਾਂ ਨੇ ਮੈਨੂੰ ਇਥੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ। ਮਿੱਤਰੋ ! ਪਿਛਲੇ ਡੇਢ ਪੌਣੇ ਦੋ ਸਾਲ ਤੋਂ ਹੀ ਸਾਡੇ ਦੇਸ਼ ਵਿਚ ਜੋ ਮਾਹੌਲ ਉਤਪਨ ਹੋਇਆ ਹੈ ਉਹ ਕਹਿਣ ਦੀ ਜ਼ਰੂਰਤ ਨਹੀਂ ਰਹੀ ਹੈ। ਨਰਿੰਦਰ ਦਾਭੋਲਕਰ, ਕਾ. ਗਊਬਿੰਦ ਪੰਨਸਾਰੇ ਤੇ ਕੰਨੜ ਦੇ ਮਹਾਨ ਲੇਖਕ ਕਲਬੁਰਗੀ ਦੀ ਹੱਤਿਆ ਤੋਂ ਬਾਅਦ, ਉਸ ਦਾ ਵਿਰੋਧ ਕਰਦੇ ਹੇਏ, ਸਭ ਤੋਂ ਪਹਿਲਾਂ ਇਸ ਦਾ ਵਿਰੋਧ ਲੇਖਕਾ/ਸਾਹਿਤਕਾਰਾਂ ਨੇ ਕੀਤਾ। ਸਾਹਿਤ ਅਕਾਦਮੀ ਨਾਂ ਦੀ ਸੰਸਥਾ ਜਿਸ ਨੇ ਕਲਬੁਰਗੀ ਨੂੰ ਅਪਣਾ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਹੈ, ਉਹ ਕਲਬੁਰਗੀ ਦੀ ਹੱਤਿਆ ਤੋਂ ਬਾਅਦ ਚੁੱਪ ਰਹੀ। ਅਕਾਦਮੀ ਅਪਣੇ ਲੇਖਕਾਂ ਨਾਲ ਖੜੀ ਨਹੀਂ ਹੋ ਸਕਦੀ ? ਸਾਨੂੰ ਆਪਣੇ ਵਿਚਾਰ ਪਰਗਟ ਕਰਨ ਦੀ ਜੋ ਆਜਾਦੀ ਸਾਡੇ ਸੰਵਿਧਾਨ ਦੇ ਦਿੱਤੀ ਹੈ, ਉਸ ਦੀ ਵੀ ਆਵਾਜ਼ ਅਕਾਦਮੀ ਨੇ ਬੁਲੰਦ ਨਹੀਂ ਕੀਤੀ। ਫਿਰ ਇਕ ਇਕ ਕਰਕੇ ਸਾਹਿਤਕਾਰਾਂ ਦਾ ਹਿੰਦੋਸਤਾਨ ਵਿਚ ਸਾਹਿਤ ਅਕਾਦਮੀ ਵੱਲੋਂ ਦਿੱਤੇ ਹੋਏ ਸਨਮਾਨ ਵਾਪਸ ਕਰਨ ਦਾ ਇਕ ਅੰਦੋਲਨ ਚੱਲ ਪਿਆ।

ਲਗਭਗ 42 ਸਾਹਿਤਕਾਰਾਂ ਨੇ ਸਾਹਿਤ ਅਕਾਦਮੀ ਦੇ ਪੁਰਸਕਾਰਾਂ ਨੂੰ ਠੁਕਰਾ ਦਿੱਤਾ। ਇਸ ਅੰਦੋਲਨ ਵਿਚ ਪੰਜਾਬ ਸਭ ਤੋਂ ਅੱਗੇ ਰਿਹਾ ਤੇ ਇਥੋਂ ਦੇ 10 ਸਾਹਿਤਕਾਰਾਂ ਨੇ ਆਪਣੇ ਸਨਮਾਨ ਅਕਾਦਮੀ ਨੂੰ ਵਾਪਸ ਕਰਕੇ ਅਪਣਾ ਵਿਰੋਧ ਦਰਜ ਕਰਾਇਆ ਤੇ ਉਨ੍ਹਾਂ ਚੋਂ ਬਹੁਤ ਸਾਰੇ ਅੱਜ ਸਾਡੇ ਵਿਚਕਾਰ ਮੌਜੂਦ ਹਨ। ਬਾਕੀ ਰਾਜਾਂ ਵੱਲੋਂ ਦਿੱਤੇ ਪੁਰਸਕਾਰ ਵੀ ਵਾਪਸ ਕੀਤੇ ਗਏ ਹਨ। ਕੁਲ 75 ਸਨਮਾਨ ਵਾਪਸ ਕੀਤੇ ਗਏ ਜਿਨ੍ਹਾਂ ਚੋਂ 18 ਮਰਾਠੀ ਦੇ, 12 ਕੰਨੜ ਦੇ, 12 ਪੰਜਾਬੀ ਦੇ, 9 ਹਿੰਦੀ ਦੇ, 4 ਉਰਦੂ ਦੇ, 4 ਅੰਗਰੇਜ਼ੀ ਦੇ 2 ਰਾਜਸਥਾਨੀ ਦੇ, ਇਕ ਬੰਗਲਾ, ਇਕ ਉੜੀਆ ਤੇ ਇਕ ਕਸ਼ਮੀਰੀ ਸਨ। ਤੁਸੀਂ ਦੇਖੋ ਕਿ ਕਿੰਨੀਆਂ ਅਲੱਗ ਅੱਲਗ ਭਾਸ਼ਾਂਵਾਂ ਨੇ ਜਿੰਨ੍ਹਾਂ ਵਿਚ ਕੋਈ ਗੱਲ-ਬਾਤ ਨਹੀਂ ਤੇ ਕੋਈ ਲੈਣ-ਦੇਣ ਨਹੀਂ ਪਰ ਸਾਰਿਆਂ ਨੇ ਹੀ ਇਕੋ ਜਿਹਾ ਵਿਰੋਧ ਅਤੇ ਇਤਰਾਜ ਦਰਜ ਕਰਾਇਆ ਹੈ। ਸਾਹਿਤ ਅਕਾਦਮੀ ਦੇ ਕੁਝ ਆਹੁਦੇਦਾਰ ਸੀ ਜਿਨ੍ਹਾਂ ਵਿਚੋਂ ਸੱਤ ਨੇ ਵੀ ਅਪਣੇ ਆਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਮੁਲਕ ਦੇ ਪੰਜ ਹੋਰ ਮੋਹਤਬਰ ਸੱਜਣਾਂ ਨੇ ਅਪਣੇ 'ਪਦਮ ਸ੍ਰੀ' ਅਤੇ ਇਕ ਨੇ 'ਪਦਮ ਵਿਭੂਸ਼ਣ' ਸਨਮਾਨ ਵੀ ਇਤਰਾਜ ਵੱਜੋਂ ਸਰਕਾਰ ਨੂੰ ਵਾਪਸ ਕੀਤੇ ਹਨ ਤੇ ਇਨ੍ਹਾਂ ਦਾ ਸਾਹਿਤ ਰਚਨਾ ਨਾਲ ਕੋਈ ਸਰੋਕਾਰ ਨਹੀਂ ਹੈ। ਸਨਮਾਨ ਵਾਪਸ ਕਰਨ ਵਾਲਿਆਂ ਵਿਚ ਨਾਟਕਕਾਰ ਵੀ ਹਨ, ਇਕ ਮੂਰਤੀਕਾਰ ਹੈ। ਇਕ ਵਿਗਿਆਨਿਕ ਹੈ ਜਿਸ ਨੇ 'ਪਦਮ ਵਿਭੂਸ਼ਣ' ਇਤਰਾਜ ਵੱਜੋਂ ਸਰਕਾਰ ਨੂੰ ਵਾਪਸ ਕੀਤਾ ਹੈ। ਇਕ ਮਰਾਠੀ ਦਾ ਫਿਲਮਾਂ ਲਈ ਗੀਤ ਗਾਉਣ ਵਾਲਾ ਸਾਥੀ ਹੈ ਉਸ ਨੇ ਵੀ ਆਪਣਾ ਰਾਸ਼ਟਰੀ ਸਨਮਾਨ ਵਾਪਸ ਕਰਕੇ ਇਤਰਾਜ਼ ਜਤਾਇਆ ਹੈ। ਬੰਗਲਾ ਦੇ 163 ਲੇਖਕਾਂ ਅਤੇ ਬੁਧੀਜੀਵੀਆਂ ਨੇ ਵੀ ਰਾਸ਼ਟਰਪਤੀ ਜੀ ਨੂੰ ਇਕ ਸਾਂਝਾ ਪੱਤਰ ਲਿਖ ਕੇ ਦੇਸ਼ ਵਿਚ ਫੈਲ ਰਹੀ ਅਸਿਹਣਸ਼ੀਲਤਾ ਖਿਲਾਫ਼ ਅਪਣਾ ਇਤਰਾਜ ਜਤਾਇਆ ਹੈ। 53 ਸਾਹਿਤਕਾਰਾਂ ਨੇ, ਜਿਨ੍ਹਾਂ ਵਿਚ ਇਰਫਾਨ ਹਬੀਬ ਤੇ ਰੋਮਿਲਾ ਥਾਪਰ ਵਰਗੇ ਬਹੁਤ ਮਸ਼ਹੂਰ ਤੇ ਦੇਸ਼ ਦੇ ਉੱਚ ਕੋਟੀ ਸਾਹਿਤਕਾਰ ਹਨ- ਨੇ ਵੀ ਸਾਂਝੇ ਬਿਆਨ ਰਾਹੀਂ ਅਪਣਾ ਵਿਰੋਧ ਜਾਹਿਰ ਕੀਤਾ। 73 ਸਮਾਜ ਵਿਗਿਆਨਿਕਾਂ ਨੇ ਵੀ ਇਸ ਸੰਪਰਦਾਇਕਤਾ ਦੇ ਉਭਾਰ ਖਿਲਾਫ਼ ਬਿਆਨ ਦਿੱਤਾ। ਕਨੇਡਾ ਦੇ ਕਿਊਬਿਕ ਸ਼ਹਿਰ ਵਿਚ ਵੀ 75 ਦੇਸ਼ਾਂ ਦੇ ਲੇਖਕਾਂ ਨੇ ਇਕ ਸਾਂਝਾ ਬਿਆਨ ਦੇ ਕੇ ਹਿੰਦੋਸਤਾਨ ਵਿਚ ਬਿਗੜ ਰਹੇ ਹਾਲਤਾਂ ਦੇ ਖਿ.ਲਾਫ਼ ਆਵਾਜ਼ ਬੁਲੰਦ ਕਰਦੇ ਹੋਏ ਸਾਡੇ ਲੇਖਕਾਂ ਦਾ ਸਾਥ ਦਿੱਤਾ। ਇਨ੍ਹਾਂ ਸਨਮਾਨ ਵਾਪਸ ਕਰਨ ਵਾਲੇ ਲੇਖਕਾਂ ਦਾ ਸਰਕਾਰੀ ਅਫਸਰਾਂ, ਮੰਤਰੀਆਂ ਤੇ ਸੰਤਰੀਆਂ ਨੇ ਅਪਮਾਨ ਕਰਨ ਦੀ ਕੋਸ਼ਿਸ਼ ਵੀ ਕੀਤੀ ਤੇ ਕਿਹਾ ਕਿ ਇਹ ਤਾਂ ਬਨਾਵਟੀ ਹੈ, ਜੋ ਕਿ ਸਾਰੀ ਹੀ ਬੇਬੁਮਿਆਦ ਗੱਲ ਸੀ ਉਸ ਨੂੰ ਦਹੁਰਾਉਣ ਦੀ ਮੈਂ ਜ਼ਰੂਰਤ ਨਹੀਂ ਸਮਝਦਾ।

ਸਵਾਲ ਇਹ ਉੱਠਦਾ ਹੈ ਕਿ ਇਕ ਲੇਖਕ ਆਪਣਾ ਸਨਮਾਨ ਕਦ ਤੇ ਕਿਉਂ ਵਾਪਸ ਕਰਦਾ ਹੈ ? ਲੇਖਕ ਨੂੰ ਇਕ ਪੁਰਸਕਾਰ ਮਿਲਣਾ ਉਸ ਦੇ ਲਈ ਬਹੁਤ ਹੀ ਮਾਨ-ਸਨਮਾਨ ਦੀ ਗੱਲ ਹੈ ਜਿਸ ਨੂੰ ਉਹ ਬੜੇ ਪਿਆਰ ਨਾਲ ਅਪਣੇ ਕੋਲ ਰੱਖਣਾ ਚਾਹੁੰਦਾ ਹੈ ਜੋ ਕਿ ਉਸ ਦੇ ਸਤਿਕਾਰ ਤੇ ਮਾਣ ਦਾ ਪ੍ਰਤੀਕ ਹੈ। ਸਰਕਾਰ ਦੁਆਰਾ ਉਸ ਦੇ ਲਿਖੇ ਸਾਹਿਤ ਨੂੰ ਮਾਨਤਾ ਦੇਣਾ ਸਾਬਿਤ ਕਰਦਾ ਹੈ, ਇਕ ਲੇਖਕ ਉਸ ਪੁਰਸਕਾਰ ਨੂੰ ਕਿਉਂ ਵਾਪਸ ਕਰਦਾ ਹੈ ? ਮਿਤਰੋ ! ਇਕ ਲੇਖਕ ਅਪਣੇ ਜੀਵਨ ਦੇ ਆਦਰਸ਼ਾਂ ਅਤੇ ਅਸੂਲਾਂ ਨੂੰ ਅਪਣੀ ਰਚਨਾ ਦੇ ਵਿਚ ਵਿਅਕਤ ਕਰਦਾ ਹੈ। ਉਸ ਦੇ ਇਨ੍ਹਾਂ ਆਦਰਸ਼ਾਂ ਅਤੇ ਅਸੂਲਾਂ ਕਰਕੇ ਹੀ ਰਾਜ ਸਰਕਾਰ ਵੱਲੋਂ ਉਸ ਦਾ ਸਨਮਾਨ ਕੀਤਾ ਜਾਂਦਾ ਹੈ। ਲੇਕਿਨ ਜਦ ਲੇਖਕ ਦੇਖਦਾ ਹੈ ਕਿ ਜਿਨ੍ਹਾਂ ਆਦਰਸ਼ਾਂ ਅਤੇ ਅਸੂਲਾਂ ਕਰਕੇ ਰਾਜ ਸਰਕਾਰ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ ਹੈ ਉਨ੍ਹਾਂ ਆਦਰਸ਼ਾਂ ਅਤੇ ਅਸੂਲਾਂ ਦੀ ਸਮਾਜ ਵਿਚ ਐਸੀ ਤੈਸੀ ਹੋ ਰਹੀ ਹੈ ਤੇ ਸਰਕਾਰ ਇਹ ਸਾਰਾ ਕੁਝ ਦੇਖ ਕੇ ਚੁੱਪ ਹੀ ਨਹੀਂ ਬਲਕਿ ਸਮਾਜ ਦੇ ਦੋਖੀਆਂ ਦੀ ਮਦਦ ਕਰ ਰਹੀ ਹੈ, ਸਮਰਥਨ ਕਰ ਰਹੀ ਹੈ ਜਾਂ ਅਪਣਾ ਬਣਦਾ ਫਰਜ਼ ਨਹੀਂ ਨਿਭਾ ਰਹੀ ਤਾਂ ਲੇਖਕ ਬੜੀ ਦੁਵਿਧਾ ਵਿਚ ਪੈ ਜਾਂਦਾ ਹੈ। ਸਰਕਾਰ ਦੇ ਇਸ ਪਖੰਡ ਦੀ ਨੀਤੀ ਨੂੰ ਭੰਡਣਾ ਤੇ ਇਸ ਦਾ ਵਿਰੋਧ ਕਰਨਾ ਲੇਖਕ ਦਾ ਫ਼ਰਜ ਬਣ ਜਾਂਦਾ ਹੈ। ਲੇਖਕ ਦੁਵਿਧਾ ਵਿਚ ਫੱਸਦਾ ਹੈ ਕਿ ਉਹ ਇਸ ਪਾਖੰਡ ਵਾਲੀ ਸਥਿਤੀ ਵਿਚੋਂ ਕਿੰਵੇ ਬਾਹਰ ਨਿਕਲੇ ? ਲੇਖਕ ਸੋਚਦਾ ਹੈ ਕਿ ਜਿਨ੍ਹਾਂ ਅਸੂਲਾਂ ਕਰਕੇ ਸਰਕਾਰ ਨੇ ਸਨਮਾਨ ਕੀਤਾ, ਜਦ ਉਨ੍ਹਾਂ ਅਸੂਲਾਂ ਦੀ ਹੀ ਖਿੱਲੀ ਉਡ ਰਹੀ ਹੈ ਤਾਂ ਇਹ ਸਿਧੇ ਰੂਪ ਵਿਚ ਲੇਖਕ ਨੂੰ ਅਪਣਾ ਅਪਮਾਨ ਹੀ ਜਾਪਦਾ ਹੈ। ਸਾਨੂੰ ਯਾਦ ਹੈ ਕਿ ਜਦ ਬ੍ਰਿਟਿਸ਼ ਰਾਜ ਦੌਰਾਨ 'ਜਲਿਆਂਵਾਲਾ ਕਾਂਡ' ਹੋਇਆ ਸੀ ਤਾਂ ਮਹਾਨ ਕਵੀ ਰਾਬਿੰਦਰਨਾਥ ਟੈਓਰ ਨੇ ਆਪਣੀ 'ਸਰ' ਦੀ ਉਪਾਧੀ ਬ੍ਰਿਟਿਸ਼ ਸਰਕਾਰ ਨੂੰ ਵਾਪਿਸ ਕਰ ਦਿੱਤੀ ਸੀ। ਅਪਣੀ ਚਿੱਠੀ ਵਿੱਚ ਉਨ੍ਹਾਂ ਲਿਖਿਆ ਸੀ ਕਿ, 'ਇਹ ਅਜਿਹਾ ਸਮਾ ਹੈ, ਜਦੋਂ ਸਨਮਾਨ ਲਈ ਇਹ ਚਮਕਦੇ ਤਗਮੇ, ਇਹ ਬਿੱਲੇ ਸਾਡੀ ਸ਼ਰਮਿੰਦਗੀ ਅਤੇ ਅਪਮਾਨ ਨੂੰ ਹੋਰ ਵਧਾ ਦਿੰਦੇ ਹਨ। ਹੁਣ ਮੈਂ ਇਨ੍ਹਾਂ ਸਾਰੇ ਸਨਮਾਨਾਂ ਤੋਂ ਖੁਦ ਨੂੰ ਅੱਲਗ ਕਰਦੇ ਹੋਏ ਅਪਣੇ ਦੇਸ਼ ਵਾਸੀਆਂ ਨਾਲ ਖੜਾ ਹੋਣਾ ਚਾਹੁੰਦਾ ਹਾਂ' ਇਕ ਸਨਮਾਨ ਦਾ ਵਾਪਸ ਕਰਨਾ ਇਕ ਲੇਖਕ ਲਈ ਹਾਰੇ ਹੋਏ ਵਿਅਕਤੀ ਵਾਲੀ ਗੱਲ ਨਹੀਂ ਹੈ ਬਲਿਕਿ ਇਕ ਜਾਗਰੂਕ ਬੁਧੀਜੀਵੀ ਦੀ ਮੁਨਾਸਿਬ ਕਾਰਵਾਈ ਹੈ। ਉਹ ਸ਼ਬਦਾਂ ਦਾ ਸਿਰਜਕ ਹੈ ਅਤੇ ਆਪਣੇ ਸਿਰਜੇ ਸ਼ਬਦਾਂ ਦਾ ਮਾਨ-ਸਨਮਾਨ ਬਣਾਈ ਰੱਖਣ ਲਈ ਤੇ ਉਨ੍ਹਾਂ ਸ਼ਬਦਾਂ ਦੀ ਪਵਿੱਤਰਤਾ ਬਣਾਈ ਰੱਖਣ ਲਈ ਲੇਖਕ ਅਪਣਾ ਸਨਮਾਨ ਵਾਪਸ ਕਰਦਾ ਹੈ। ਮੈਂ ਸਨਮਾਨ ਵਾਪਸ ਕਰਨ ਵਾਲੇ ਸਾਰੇ ਸਾਹਿਤਕਾਰਾਂ ਨੂੰ ਸਲਾਮ ਕਰਦਾ ਹਾਂ।

ਮਿੱਤਰੋ! ਅਸੀਂ ਦੇਖ ਰਹੇ ਹਾਂ ਕਿ ਅੱਜ ਮੁਲਕ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਅੱਜ ਕੁਝ ਲਿਖਣਾ ਤੇ ਕੁਝ ਬੋਲਣਾ ਉਸ ਤੋਂ ਵੀ ਜਿਆਦਾ ਖਤਰਨਾਕ ਹੋ ਗਿਆ ਹੈ। ਤਿੰਨ ਜਨਵਰੀ ਨੂੰ ਰਾਜਸਥਾਨ ਦੇ ਉਦੇਪੁਰ ਵਿਚ ਇਕ ਸੈਮੀਨਾਰ ਦਰਸ਼ਨ 'ਸ਼ਾਸਤਰ ਵਿਭਾਗ' ਵਿੱਚ ਹੋਇਆ 'ਰਾਜਸੀ ਵਿਚਾਰ ਪ੍ਰਗਟਾਵਾ' ਵਿਸ਼ੇ ਉਪਰ ਤੇ ਦਿੱਲੀ ਯੂਨੀਵਰਸਿਟੀ ਦੇ ਇਕ ਸੇਵਾਮੁਕਤ ਪ੍ਰੋ. ਅਸ਼ੋਕ ਵੋਹਰਾ ਪੇਪਰ ਪੜ੍ਹਨ ਲਈ ਗਏ। ਉਹ ਖੱਬੇ ਪੱਖੀ ਵੀ ਨਹੀਂ ਹਨ। ਉਨ੍ਹਾਂ ਦੇ ਭਾਸ਼ਣ ਵਿਚ ਪਤਾ ਨਹੀਂ ਕੀ ਸੁਣਿਆ ਗਿਆ ਕਿ ਹਾਲ ਵਿਚ ਮੌਜੂਦ ਏ. ਬੀ. ਵੀ. ਪੀ ਦੇ ਨੁਮਾਂਇੰਦਿਆਂ ਨੇ ਸਮਾਗਮ ਵਿਚ ਹੰਗਾਮਾ ਖੜਾ ਕਰ ਦਿੱਤਾ। ਇਥੇ ਹੀ ਬਸ ਨਹੀਂ ਪ੍ਰੋਫੈਸਰ ਸਾਹਿਬ ਨੂੰ ਹਾਲ ਵਿਚੋਂ ਬਾਹਰ ਭਜਾ ਦਿੱਤਾ ਗਿਆ। ਇਸ ਤੋਂ ਬਾਅਦ ਰਾਜਸਥਾਨ ਦੇ ਸਿੱਖਿਆ ਮੰਤਰੀ ਨੇ ਯੂਨਿਵਰਸਿਟੀ ਨੂੰ ਖ਼ਤ ਲਿਖ ਕੇ ਕਿਹਾ ਕਿ ਇਸ ਪ੍ਰੋਫੈਸਰ ਦੇ ਖਿਲਾਫ਼ ਐਫ਼ ਆਈ. ਆਰ ਦਰਜ ਕੀਤੀ ਜਾਵੇ। ਉਦੇਪੁਰ ਦੇ ਪ੍ਰਤਾਪ ਨਗਰ ਠਾਣੇ ਵਿਚ ਪ੍ਰੋ. ਅਸ਼ੋਕ ਵੋਹਰਾ ਖਿਲਾਫ਼ ਐਫ਼ ਆਈ. ਆਰ ਦਰਜ ਕੀਤੀ ਗਈ। ਪਲ-ਝਪਕਦੇ ਹੀ ਯੂਨਿਵਰਸਿਟੀ ਦੇ ਵਾਇਸ ਚਾਂਸਲਰ ਨੇ ਇਕ ਚਿੱਠੀ ਕੱਢ ਦਿੱਤੀ ਕਿ ਕਿ ਭਵਿੱਖ ਵਿਚ ਜੇ ਕੋਈ ਲੈਕਚਰ ਕਰਾਇਆ ਜਾਵੇ ਚਾਹੇ ਉਹ ਲੈਕਚਰ ਇਤਿਹਾਸ, ਜੀਵਵਿਗਿਆਨ ਜਾਂ ਸਮਾਜ ਵਿਗਿਆਨ ਆਦਿ ਨਾਲ ਸੰਬੰਧਿਤ ਕਿਉਂ ਨਾ ਹੋਵੇ, ਤਾਂ ਪਹਿਲਾਂ ਉਸ ਦੀ ਇਕ ਕਾਪੀ ਉਨ੍ਹਾਂ ਤੱਕ ਪੁਚਾਈ ਜਾਵੇ ਤਾਂ ਹੀ ਲੈਕਚਰ ਹੋ ਸਕੇਗਾ। ਉਸੇ ਉਦੇਪੁਰ, ਰਾਜਸਥਾਨ ਯੂਨੀਵਰਸਿਟੀ ਵਿਚ, ਉਸੇ ਦਰਸ਼ਨ ਸ਼ਾਸ਼ਤਰ ਵਿਭਾਗ ਵਿਚ, ਇਕ ਮਹੀਨੇ ਬਾਅਦ 3.2.2016 ਨੂੰ 'ਮੈਥਡੌਲੋਜੀ ਆਫ ਮਾਇਥੌਲੋਜੀ ਐਂਡ ਸਾਇਸ' ਵਿਸ਼ੇ ਉਤੇ ਮੈਨੂੰ ਲੈਕਚਰ ਦੇਣ ਲਈ ਬੁਲਾਇਆ ਗਿਆ। ਤੁਸੀਂ ਸੋਚੋ ਕਿ ਇਕ ਵਾਰ ਤਾਂ ਮੈਨੂੰ ਸੋਚਣਾ ਪੈ ਗਿਆ ਕਿ ਮੈਂ ਜਾਵਾਂ ਕਿ ਨਾ ਜਾਵਾਂ। ਦੇਸ਼ ਵਿਚ ਅੱਜ ਇਸ ਤਰਾਂ ਦਾ ਭਿਆਨਕ ਮਾਹੌ.ਲ ਹੈ। ਇਨ੍ਹਾਂ ਕੱਟੜਪੰਥੀਆਂ ਵੱਲੋਂ ਅੱਠ-ਦਸ ਨੁਕਤਿਆਂ ਦੀ ਸੂਚੀ ਬਣਾ ਲਈ ਗਈ ਹੈ, ਜਿਸ ਨੂੰ ਇਸਤੇਮਾਲ ਕਰਕੇ ਇਹ ਕਿਸੇ ਨੂੰ ਵੀ ਭਜਾਉਣ, ਬਦਨਾਮ ਕਰਨ, ਚੁੱਪ ਕਰਾਉਣ ਤੇ ਮਾਰਨ ਤੱਕ ਚਲੇ ਜਾਂਦੇ ਹਨ।

ਸੋ ਮਿਤਰੋ! ਅੱਜ ਦੇ ਸਮੇਂ ਇਸ ਦੇਸ਼ ਵਿਚ ਇਸ ਤਰਾਂ ਦਾ ਭਿਆਨਕ ਮਾਹੌਲ ਹੈ। ਤੁਸੀਂ ਜਾਣਦੇ ਹੀ ਹੋ ਕਿ ਗਊ ਮਾਸ ਦੇ ਸ਼ੱਕ ਕਰਕੇ ਹੀ ਕਈ ਲੋਕਾਂ ਨੂੰ ਇਨ੍ਹਾਂ ਵੱਲੋਂ ਮਾਰਿਆਂ, ਕੁੱਟਿਆ ਅਤੇ ਕਤਲ ਤੱਕ ਕੀਤਾ ਜਾ ਚੁਕਿਆ ਹੈ। ਜਦੋਂ ਵੀ ਕੋਈ ਅਪਣੇ ਮਨ ਦੀ ਗੱਲ ਕਹਿੰਦਾ ਹੈ ਜਿੰਵੇਂ ਕਿ ਸ਼ਾਹਰੁਖ ਖਾਨ ਨੇ ਜਾਂ ਆਮਿਰ ਖਾਨ ਨੇ ਕਹੀ ਹੈ ਤਾਂ ਉਨ੍ਹਾਂ ਦਾ ਵੀ ਇਲਾਜ ਕਰਨ ਵਾਲੇ ਨਿਕ.ਲ ਆਏ। ਬੜੇ ਹੌਸ਼ਲੇ ਨਾ.ਲ ਉਹ ਕਹਿੰਦੇ ਹਨ ਕਿ ਅਸੀਂ ਸ਼ਾਹਰੁਖ ਖਾਨ ਦਾ ਇਲਾਜ ਤਾਂ ਕਰ ਦਿੱਤਾ ਹੁਣ ਆਮੀਰ ਖਾਨ ਦਾ ਵੀ ਇਲਾਜ ਕਰ ਦੇਵਾਂਗੇ। ਸਭ ਤੋਂ ਵੱਡੀ ਤੇ ਖ਼ਤਰਨਾਕ ਗੱਲ ਇਹ ਹੈ ਕਿ ਇਹ ਇਲਾਜ ਕਰਨ ਵਾਲੇ ਤੇ ਕਾਨੂੰਨ ਨੂੰ ਅਪਣੇ ਹੱਥ ਵਿਚ ਲੈਣ ਵਾਲੇ ਬਿਲਕੁਲ ਹੀ ਬਿਨਾ ਡਰ ਸਾਡੇ ਸਮਾਜ ਵਿਚ ਸ਼ਰੇਆਮ ਘੁੰਮ ਰਹੇ ਹਨ। ਸਰਕਾਰਾਂ ਇਸ ਹੁਲੜਬਾਜੀ ਦੇ ਖਿਲਾਫ਼ ਚੁੱਪ ਹਨ ਕੋਈ ਕਾਰਵਾਈ ਕਰਨੀ ਤਾਂ ਦੂਰ ਦੀ ਗੱਲ ਹੈ। ਸਭ ਤੋਂ ਖਤਰਨਾਕ ਗੱਲ ਇਹ ਹੈ ਕਿ ਸਿਰਫ਼ ਵਿਚਾਰਾਂ ਲਈ ਹੀ ਲੋਕਾਂ ਦੇ ਕਤਲ ਕੀਤੇ ਜਾ ਰਹੇ ਹਨ। ਸਾਥੀ ਪਨਸਾਰੇ, ਕਲਬੁਰਗੀ ਜਾਂ ਢਾਬੋਲਕਰ ਦੀ ਇਸ ਲਈ ਹੱਤਿਆ ਕੀਤੀ ਗਈ ਕਿ ਇਨ੍ਹਾਂ ਦੇ ਰਾਜ ਸੱਤਾ ਨਾਲੋਂ ਵਿਚਾਰ ਅੱਡ ਸਨ। ਇਸ ਦੇਸ਼ ਵਿਚ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਇਸ ਦੇਸ਼ ਵਿਚ ਬਹੁਤ ਸਾਰੀਆਂ ਗੜਬੜੀਆਂ ਰਹੀਆਂ ਹਨ, ਜੁਲਮੋ ਸਿਤਮ ਵੀ ਹੋਏ, ਲੇਕਿਨ ਕਿਸੇ ਦੇ ਵਿਚਾਰਾਂ ਲਈ ਉਸ ਦਾ ਕਤਲ ਕੀਤਾ ਜਾਵੇ ਇਹ ਕਦੇ ਵੀ ਨਹੀਂ ਸੀ ਹੋਇਆ। ਇਹ ਹੋਰ ਵੀ ਦੁਖਦਾਈ ਹੈ ਕਿ ਲੋਕ ਹੀ ਅਜਿਹਾ ਨਹੀਂ ਕਰਦੇ, ਕਾਨੂੰਨ ਦਾ ਆੜ ਲੈ ਕੇ ਰਾਜ ਸਰਕਾਰਾਂ ਤੇ ਸਰਕਾਰ ਵੀ ਇਹ ਕੋਸ਼ਿਸ਼ਾਂ ਕਰਦੀ ਹੈ। ਅੱਜ ਅਜਿਹੇ ਹਿੰਸਾ ਫੈਲਾਉਣ ਵਾਲੇ ਅਨੇਕਾਂ ਹੀ ਸੰਗਠਨ ਹਨ, ਜਿਨ੍ਹਾਂ ਦਾ ਪਤਾ ਹੀ ਨਹੀਂ ਚਲਦਾ। ਸੰਘ ਪ੍ਰੀਵਾਰ ਇਕ ਹੈ ਪਰ ਉਸ ਦੇ ਸੰਗਠਨ ਕਿੰਨੇ ਹਨ, ਪਤਾ ਹੀ ਨਹੀਂ ਚਲਦਾ। ਬਜਰੰਗ ਦਲ ਜਾਂ ਵਾਹਿਨੀ ਆਦਿ ਕੁਝ ਜਥੇਬੰਦੀਆਂ ਨੂੰ ਤਾਂ ਅਸੀਂ ਜਾਣਦੇ ਹਾਂ ਪਰ ਬਾਕੀ ਨਵੇਂ ਨਵੇਂ ਇਨ੍ਹਾਂ ਦੇ ਨਿੱਤ ਦਿਨ ਹੀ ਸੰਗਠਨ ਖੜੇ ਹੋ ਰਹੇ ਹਨ ਹਿੰਦੂ ਚੇਤਨਾ, ਹਿੰਦੂ ਸਭਿਮਾਨ, ਸਨਾਤਨ ਸੰਸਥਾਨ, ਪਤਾ ਨਹੀਂ ਕਿੰਨੇ ਹੀ ਹੋਰ ਸੰਗਠਨ ਇਨ੍ਹਾਂ ਦੇ ਗਾਹੇ ਬਗਾਹੇ ਬਣਦੇ ਰਹਿੰਦੇ ਹਨ ਤੇ ਥਾਂ ਥਾਂ ਲੜਾਈਆਂ ਕਰ ਰਹੇ ਹਨ ਪਰ ਕਿਸੇ ਉੱਤੇ ਇਸ ਦੀ ਜਿੰਮੇਵਾਰੀ ਹੀ ਨਹੀਂ ਬਣਦੀ। ਇਕ ਨਵਾਂ ਸੰਗਠਨ ਬਣਿਆ ਹੈ ਇਨ੍ਹਾਂ ਦਾ 'ਹਿੰਦੂ ਸਵੈਮਾਨ' ਉਤਰ ਪ੍ਰਦੇਸ਼ ਦੇ ਪੱਛਮੀ ਹਿੱਸੇ ਵਿਚ ਇਹ ਸੰਗਠਨ ਸਰਗਰਮ ਹੈ। ਮੁਜ਼ਫਰਪੁਰ ਜਿੱਥੇ ਪਿਛਲੇ ਸਾਲ ਹੀ ਬਹੁਤ ਵੱਡੇ ਦੰਗੇ ਹੋਏ ਸਨ, ਸੈਂਕੜੇ ਲੋਕ ਮਾਰੇ ਗਏ ਤੇ ਹਜ਼ਾਰਾਂ ਹੀ ਲੋਕ ਤਬਾਹ ਹੋ ਗਏ ਸਨ, ਉੱਥੇ ਇਹ ਸੰਗਠਨ ਕਾਰਜਸ਼ੀਲ ਹੈ। ਉਸ ਨੇ ਇਕ ਸੈਨਾ ਵੀ ਬਣਾਈ ਹੈ 'ਹਿੰਦੂ ਧਰਮ ਸੈਨਾ'। ਟਾਇਮਜ਼ ਆਫ ਇੰਡੀਆਂ ਵਿਚ ਇਸ ਦੀ ਇਕ ਵਿਸਥਾਰ ਪੂਰਵਕ ਰਿਪੋਰਟ ਆਈ ਹੈ। ਇਸ ਸੰਗਠਨ ਦੇ ਨੇਤਾਵਾਂ ਨੇ ਸ਼ਰੇਆਮ ਦੱਸਿਆ ਹੈ ਕਿ ਉਸ ਦੇ ਪਿੰਡ ਪਿੰਡ ਵਿਚ ਅਖਾੜੇ ਚਲਦੇ ਹਨ ਅਤੇ ਛੁਪਵੇਂ ਰੂਪ ਵਿਚ ਹਿੰਦੂ ਧਰਮ ਸੈਨਾ ਦੇ ਮੈਂਬਰਾਂ ਨੂੰ ਹਥਿਆਰ ਚਲਾਉਣ ਤੇ ਵਰਤਣ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੇ 15,000 ਹਿੰਦੂ ਸੈਨਿਕ ਤਿਆਰ ਕਰ ਲਏ ਹਨ। ਇਹ ਰਿਪੋਰਟ ਤਿਆਰ ਕਰਨ ਵਾਲੇ ਪੱਤਰਕਾਰ ਨੇ ਉਨ੍ਹਾਂ ਦੀਆਂ ਫੋਟੋਆਂ ਵੀ ਖਿੱਚੀਆਂ ਜਿਨ੍ਹਾਂ ਵਿਚ ਇਕ ਅੱਠ ਸਾਲ ਦਾ ਬੱਚਾ ਵੀ ਬੰਦੂਕ ਚਲਾਉਣਾ ਸਿੱਖ ਰਿਹਾ ਹੈ। ਅਸੀਂ ਲਸ਼ਕਰ-ਏ-ਤੋਇਬਾ ਆਦਿ ਦੀਆਂ ਗੱਲਾ ਕਰਦੇ ਹਾਂ ਪਰ ਸਾਡੇ ਵੀ ਇਸ ਤਰ੍ਹਾਂ ਦੀਆਂ ਤਿਆਰੀਆਂ ਹੋ ਰਹੀਆਂ ਹਨ ਜਿਨ੍ਹਾਂ ਉਤੇ ਕਿਉਂ ਕੋਈ ਰੋਕ ਨਹੀਂ ਹੈ?

ਮਿੱਤਰੋ ਇਸ ਸਨਾਤਨ ਧਰਮ ਸੰਸਥਾਨ ਹੈ ਜਿਸ ਦੇ ਉਪਰ ਸ਼ੱਕ ਹੈ ਕਿ ਉਸ ਨੇ ਹੀ ਸਾਥੀ ਪਨਸਾਰੇ, ਕਲਬੁਰਗੀ ਅਤੇ ਨਰਿੰਦਰ ਢਾਬੋਲਕਰ ਦੀ ਹੱਤਿਆ ਕੀਤੀ ਹੈ। ਇਸ ਸੰਸਥਾ ਨੂੰ ਦਿੱਲੀ ਵਿਚ ਪ੍ਰਗਤੀ ਮੈਦਾਨ ਵਿਖੇ ਕਿਤਾਬਾਂ ਵੇਚਣ ਲਈ ਇਕ ਬੜਾ ਵੱਡਾ ਸਟਾਲ ਦੇ ਦਿੱਤਾ ਗਿਆ। ਉਨ੍ਹਾਂ ਨੇ ਕਿਤਾਬਾਂ ਦੀ ਪ੍ਰਦਰਸ਼ਨੀ ਲਾਈ। ਉਨ੍ਹਾਂ ਨੇ ਇਸ ਦੇਸ਼ ਨੂੰ ਹਿੰਦੂ ਰਾਜ ਬਣਾਉਣ ਲਈ ਇਕ ਰੋਡ ਮੈਪ ਤਿਆਰ ਕੀਤਾ ਹੋਇਆ ਸੀ ਤੇ ਲੋਕਾਂ ਨੂੰ ਸਮਝਾ ਰਹੇ ਸਨ ਕਿ ਕਿਸ ਤਰ੍ਹਾਂ ਨਾਲ ਦੇਸ਼ ਹਿੰਦੂ ਰਾਜ ਬਣ ਸਕਦਾ ਹੈ ਤੇ ਲੋਕਾਂ ਦਾ ਇਸ ਕੰਮ ਲਈ ਸਮਰੱਥਨ ਵੀ ਮੰਗ ਰਹੇ ਸਨ। ਉਹ ਦੱਸ ਰਹੇ ਸੀ ਕਿ ਉਹ 1997 ਤੋਂ ਹਿੰਦੋਸਤਾਨ ਨੂੰ ਹਿੰਦੂ ਰਾਜ ਬਣਾਉਣ ਲਈ ਇਸ ਰੋਡ ਮੈਪ ਅਨੁਸਾਰ ਚੱਲ ਰਹੇ ਹਨ ਅਤੇ ਦਾਅਵਾ ਕਰ ਰਹੇ ਸਨ ਕਿ ਇਹ ਕਾਰਵਾਈ 2023 ਵਿਚ ਪੂਰੀ ਹੋ ਜਾਵੇਗੀ। ਉਹ ਇਹ ਵੀ ਦੱਸ ਰਹੇ ਸਨ ਕਿ 2025 ਵਿਚ ਉਹ 'ਆਖੰਡ ਭਾਰਤ' ਦਾ ਨਿਰਮਾਣ ਕਰ ਲੈਣਗੇ। ਮਿੱਤਰੋ ਇਹ ਕਈ ਅਲਗ ਅਲਗ ਸੰਸਥਾਨ ਹਨ ਇਹ ਕਿਸੇ ਇਕ ਪ੍ਰੀਵਾਰ ਦੇ ਹਨ ਜਾਂ ਨਹੀਂ ਹਨ? ਕਿਉਂ ਕਿ ਕਿਸੇ ਤੇ ਵੀ ਜਦ ਤੁਸੀਂ ਇਲਜਾਮ ਲਾਉ ਤਾਂ ਉਹ ਸਰਲਤਾ ਨਾਲ ਕਹਿ ਦੇਂਦੇ ਹਨ ਕਿ ਉਹ ਤਾਂ ਸਾਡੇ ਸੰਗਠਨ ਦਾ ਨਹੀਂ ਹੈ। ਜੇ ਕੋਈ ਸਮੂਹ ਉਨ੍ਹਾਂ ਦੇ ਸੰਗਠਨ ਦਾ ਨਿਕ.ਲ ਵੀ ਗਿਆ ਤਾਂ ਕਹਿਣਗੇ ਕਿ ਇਹ ਉਸ ਦੀ ਨਿੱਜੀ ਤੇ ਵਿਅਕਤੀਗਤ ਰਾਇ ਹੈ। ਇਹ ਸਾਰੇ ਜਿੰਨੇ ਵੀ ਸੰਗਠਨ ਹਨ ਇਹ ਸਾਰੇ ਅਸਲ ਵਿਚ ਇਕ ਹੀ ਹਨ ਤੇ ਇਨ੍ਹਾਂ ਦੀ ਵਿਚਾਰਧਾਰਾ ਵਿਚ ਸਮਾਨਤਾ ਹੈ ਉਹ ਹੈ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ। ਇਹ ਜੋ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਹੈ ਇਸ ਦਾ ਜਨਮ ਸਾਡੇ ਦੇਸ਼ ਵਿਚ ਜਨਮ 19ਵੀਂ ਸਦੀ ਵਿਚ ਹੋਇਆ ਸੀ। ਸੰਸਾਰ ਵਿਚ ਜਦ ਰਾਸ਼ਟਰਵਾਦ ਤੇ ਸਮਾਜਵਾਦ ਦਾ ਜਨਮ ਹੋਇਆ ਉਸੇ ਸਮੇਂ ਸੰਪਰਦਾਇਕਤਾਵਾਦ ਅਤੇ ਹਿੰਦੂ ਰਾਸ਼ਟਰਵਾਦ ਦਾ ਵੀ ਜਨਮ ਹੋਇਆ ਸੀ। ਦਇਆ ਨੰਦ ਸਰਸਵਤੀ ਦੇ 'ਸਤਿਆਰਥ ਪ੍ਰਕਾਸ਼' ਵਿਚ ਤੁਹਾਨੂੰ ਇਸ ਦੇ ਬੀਜ ਮਿਲ ਜਾਣਗੇ। ਉਹ ਬਹੁਤ ਵੱਡੇ ਸੁਧਾਰਕ ਸਨ ਤੇ ਉਨ੍ਹਾਂ ਨੇ ਵੀ ਹਿੰਦੂ ਧਰਮ ਨੂੰ ਬਹੁਤ ਸੁਧਾਰਨ ਦੀ ਕੋਸ਼ਿਸ਼ ਕੀਤੀ, ਲੇਕਿਨ ਉਨ੍ਹਾਂ ਦੇ ਕੁਝ ਕੱਟੜਵਾਦੀ ਰੁਝਾਨ ਸਨ ਜੋ ਮੁਸ਼ਕਲਾਂ ਖੜ੍ਹੀ ਕਰਦੇ ਸਨ। ਉਨ੍ਹਾਂ ਹਿੰਦੂ ਰਾਸ਼ਟਵਾਦ ਨਹੀਂ ਕਿਹਾ ਇਸ ਦੇ ਉਹ ਖਿਲਾਫ਼ ਸਨ ਪਰ ਉਹ 'ਆਰੀਆ' ਸ਼ਬਦ ਦਾ ਇਸਤੇਮਾਲ ਕਰਦੇ ਸਨ। ਉਨ੍ਹਾਂ ਨੇ ਪੂਰਾ ਜੋਰ ਦੇ ਕੇ ਕਿਹਾ ਕਿ ਦੇਸ਼ ਤਾਂ ਮਜਬੂਤ ਹੁੰਦਾ ਹੈ ਜੇ ਦੇਸ਼ ਵਿਚ ਇਕ ਧਰਮ, ਇਕ ਭਾਸ਼ਾ, ਇਕ ਜਾਤੀ ਤੇ ਇਕ ਸੰਸਕ੍ਰਿਤੀ ਹੋਵੇ। ਮਿੱਤਰੋ! ਇਸੇ ਵਿਚਾਰ ਨੂੰ ਅੱਗੇ ਚੱਲ ਕੇ ਸਾਵਰਕਰ ਨੇ ਅੱਗੇ ਵਧਾਇਆ 'ਹਿੰਦੁਤਵ' ਕਿਤਾਬ ਲਿਖ ਕੇ ਫੇਰ ਗਊਲਵਰਕਰ ਨੇ ਇਸ ਨੂੰ ਹੋਰ ਅੱਗੇ ਵਧਾਇਆ ਤੇ ਹਿੰਦੂ ਰਾਸ਼ਟਰਵਾਦ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਮਿੱਤਰੋ! ਜੋ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਹੈ ਇਹ ਬੇ-ਬੁਨਿਆਦ ਵਿਚਾਰਧਾਰਾ ਹੈ। ਇਕ ਮਿਥਿਆ ਚੇਤਨਾ ਹੈ। ਇਹ ਚੀਜਾਂ ਦੀ ਵਾਸਤਵਿਕਤਾ ਨੂੰ ਨਜ਼ਰ - ਅੰਦਾਜ਼ ਕਰਕੇ ਇਕ ਮਨਮਾਨੇ ਤਰੀਕੇ ਨਾਲ ਘੜ੍ਹ ਲਈ ਗਈ ਹੈ। ਇਸ ਤਰ੍ਹਾਂ ਇਸ ਵਿਚਾਰਧਾਰਾ ਦੀ ਕੋਈ ਬੁਨਿਆਦ ਜਾਂ ਜੜ ਹੀ ਨਹੀਂ ਹੈ। ਪ੍ਰਾਚੀਨ ਕਾਲ ਵਿਚ ਵੀ ਕੋਈ ਹਿੰਦੂ ਨਹੀਂ ਸੀ ਤੇ ਹਿੰਦੂ ਸ਼ਬਦ ਵੀ ਨਹੀਂ ਸੀ। ਹਿੰਦੂ ਧਰਮ ਜੋ ਅੱਜ ਜਾਣਿਆ ਜਾਂਦਾ ਹੈ ਉਹ ਬਹੁਤ ਬਾਅਦ ਦੀ ਚੀਜ਼ ਹੈ। 15ਵੀਂ-16ਵੀਂ ਸਦੀ ਵਿਚ ਹੀ ਇਸ ਦੀ ਗੱਲ ਤੁਰੀ ਤੇ ਉਸ ਸਮੇਂ ਵੀ ਹੋਰ ਬਹੁਤ ਸਾਰੇ ਅਲਗ ਅਲਗ ਧਰਮ ਸਾਡੇ ਇਥੇ ਸਨ, ਤੇ ਬਹੁਤ ਸਾਰੀਆਂ ਭਾਸ਼ਾਵਾਂ ਵੀ ਸਾਡੇ ਮੌਜੂਦ ਸਨ। ਹਿੰਦੂ ਰਾਸ਼ਟਰ ਦਾ ਤਾਂ ਕੋਈ ਸਵਾਲ ਹੀ ਨਹੀਂ ਸੀ ਉੱਠਦਾ। ਸਭ ਤੋਂ ਵੱਡੀ ਗੱਲ ਕਿ ਇਹ ਵਿਚਾਰਧਾਰਾ ਪੂਰੀ ਤਰ੍ਹਾਂ ਨਾਲ ਹੀ ਗੈਰ ਭਾਰਤੀ ਵਿਚਾਰਧਾਰਾ ਹੈ ਕਿਉਂਕਿ ਭਾਰਤ ਦੇ ਇਤਿਹਾਸ ਵਿਚ ਹਿੰਦੂ ਰਾਸ਼ਟਰ ਵਾਲੀ ਕੋਈ ਵਿਚਾਰਧਾਰਾ ਨਹੀਂ ਮਿ.ਲਦੀ। ਰਾਸ਼ਟਰ ਵਾਲੀ ਸੋਚ ਹੀ ਭਾਰਤੀ ਨਹੀਂ ਹੈ। ਭਾਰਤ ਵਿਚ ਰਾਸ਼ਟਰ ਸ਼ਬਦ ਮਹਾਂਭਾਰਤ ਤੇ ਦੂਜੇ ਗ੍ਰੰਥਾਂ ਵਿਚ ਮਿ.ਲਦਾ ਹੈ। ਰਾਸ਼ਟਰ ਦਾ ਅਰਥ ਸੰਸਕ੍ਰਿਤ ਵਿਚ ਭੂਮੀ ਜਾਂ ਜਮੀਨ ਦੇ ਰੂਪ ਵਿਚ ਹੈ। ਭਾਰਤ ਇਕ ਰਾਸ਼ਟਰ ਹੈ ਇਸ ਦਾ ਮਤਲਬ ਸੀ ਕਿ ਭਾਰਤ ਇਕ ਅਜਿਹਾ ਭੂਮੀ ਦਾ ਹਿੱਸਾ ਹੈ ਜਿੱਥੇ ਅਨੇਕਾਂ ਤਰ੍ਹਾਂ ਦੇ ਲੋਕ ਅਤੇ ਅਨੇਕਾਂ ਧਰਮਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ। ਉਹ ਇਕ ਰਾਸ਼ਟਰ ਹੋਣ ਜਾਂ ਨਾ ਹੋਣ ਪਰ ਇਕ ਭੂਮੀ ਉੱਤੇ ਰਹਿੰਦੇ ਹਨ। ਅੱਜ ਵਾਲੀਆਂ ਭਾਵਨਾਵਾਂ ਵਾਂਗ ਉਦੋਂ ਰਾਸ਼ਟਰ ਸ਼ਬਦ ਦਾ ਅਰਥ ਕਦੇ ਨਹੀਂ ਸੀ ਲਿਆ ਜਾਂਦਾ। ਧਰਮ ਦੇ ਆਧਾਰ ਉੱਤੇ ਤਾਂ ਰਾਸ਼ਟਰ ਹੁੰਦਾ ਹੀ ਨਹੀਂ ਸੀ ਜਿੰਵੇਂ ਹਿੰਦੂ ਰਾਸ਼ਟਰ ਵਾਲੀ ਗੱਲ ਹੈ। ਇਹ ਮੱਧ ਯੁੱਗ ਦੇ ਯੂਰਪ ਦੇ ਇਸਾਈ ਧਰਮ ਤੋਂ ਲਈ ਗਈ ਸੋਚ ਹੈ। ਯੂਰਪ ਵਿਚ ਧਰਮ ਦੇ ਆਧਾਰ ਉੱਤੇ ਪੋਪ-ਸ਼ਾਹੀ ਦਾ ਪੂਰਾ ਕਬਜਾ ਹੋਇਆ ਕਰਦਾ ਸੀ ਸਾਰੇ ਦੇ ਸਾਰੇ ਰਾਸ਼ਟਰਾਂ ਦੇ ਉੱਤੇ ਅਤੇ ਰਾਜ ਹਮੇਸ਼ਾਂ ਕ੍ਰਿਸ਼ਿਚਅਨਾਂ ਦਾ ਹੁੰਦਾ ਸੀ, ਜੋ ਇਕ ਰਾਜ ਵੀ ਨਹੀਂ ਸੀ ਹੁੰਦਾ। ਇਸਾਈ ਧਰਮ ਦਾ ਇਕ ਸਮੁਦਾਇ ਹੁੰਦਾ ਸੀ ਤੇ ਇਸ ਧਰਮ ਦੀ ਜੋ ਜਕੜਨ ਰਾਸ਼ਟਰ ਦੇ ਉੱਤੇ ਹੋਇਆ ਕਰਦੀ ਸੀ ਉਸ ਦੇ ਖਿਲਾਫ਼ ਯੂਰਪ ਵਾਸੀ ਸੱਤਵੀਂ ਸਦੀ ਤੋਂ ਹੀ ਲੜਦੇ ਰਹੇ। ਰੈਨਿਸਾਂ ਦੇ ਦੌਰਾਨ ਲੜੇ ਤੇ ਇਸ ਧਰਮ ਦੀ ਜਕੜਨ ਤੋਂ ਮੁਕਤ ਹੋ ਕੇ ਹੀ ਉਨ੍ਹਾਂ ਨੇ ਅਪਣੇ ਆਪ ਨੂੰ ਧਾਰਮਿਕ ਰਾਸ਼ਟਰਵਾਦ ਤੋਂ ਅੱਡ ਕੀਤਾ, ਜਿਸ ਦੇ ਦੌਰਾਨ ਪ੍ਰੋਟੈਸਟੈਂਟ ਤੇ ਕੈਥੋਲਿਕਸ ਦੇ ਵਿਚ ਬਹੁਤ ਖੂਨ-ਖਰਾਬਾ ਪੂਰੇ ਯੂਰਪ ਵਿਚ ਹੋਇਆ। ਜੇ ਰਾਜਾ ਧਰਮ ਬਦਲਦਾ ਸੀ ਤਾਂ ਪੂਰੀ ਪਰਜਾ ਨੂੰ ਕਿਹਾ ਜਾਂਦਾ ਸੀ ਕਿ ਤੁਸੀਂ ਸਾਰੇ ਧਰਮ ਬਦਲੋ। ਦੂਜੇ ਧਰਮ ਦੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਸਜਾਵਾਂ ਦਿੱਤੀਆਂ ਜਾਂਦੀਆਂ ਸਨ। ਇਹ ਜੋ ਧਰਮ ਦੇ ਨਾਂ ਉਤੇ ਰਾਸ਼ਟਰਵਾਦ ਦਾ ਜੋ ਵਹਿਸ਼ੀਪਣਾ ਸੀ ਇਸ ਚੋਂ ਬਾਹਰ ਨਿਕਲ ਕੇ ਇਸ ਨੇ Religious theocratic state ਦੀ ਥਾਂ ਸੈਕੂਲਰ ਸਟੇਟ ਨੂੰ ਵਿਕਸਿਤ ਕੀਤਾ ਜਿਸ ਨਾਲ ਹੀ ਯੂਰਪ ਆਧੁਨਿਕ ਦੌਰ ਵਿਚ ਦਾਖਲ ਹੋਇਆ। ਜਿਸ ਵਿਚਾਰਧਾਰਾਂ ਨੂੰ ਮੱਧ ਯੁੱਗ ਵਿਚ ਪਿਛਾਂਹ ਖਿੱਚੂ ਹੋਣ ਕਰਕੇ ਯੂਰਪੀ ਲੋਕ ਛੱਡ ਚੁੱਕੇ ਹਨ ਅੱਜ ਉਸੇ ਨੂੰ ਸਾਨੂੰ ਸਿਰ ਉੱਤੇ ਰੱਖਣ ਤੇ ਮੰਨਣ ਉੱਤੇ ਜੋਰ ਦਿੱਤਾ ਜਾ ਰਿਹਾ ਹੈ। ਅੱਜ ਦੁਨੀਆਂ ਵਿਚ ਕਿਸੇ ਵੀ ਥਾਂ ਸਾਨੂੰ ਧਰਮ ਦੇ ਨਾਂ ਉੱਤੇ ਕੋਈ ਰਾਸ਼ਟਰ ਨਹੀਂ ਮਿਲੇਗਾ। ਇਥੋਂ ਤੱਕ ਕਿ ਮੁਸਲਮਾਨ ਦੇਸ਼ਾਂ ਵਿਚ ਵੀ ਅਜਿਹਾ ਨਹੀਂ ਮਿਲੇਗਾ, ਹਾਂ ਕੁਝ ਇਕ ਦੇਸ਼ਾਂ ਵਿਚ ਜੇ ਅਜਿਹੀ ਤਸਵੀਰ ਦਿਸਦੀ ਹੈ ਤਾਂ ਉਹ ਬਹੁਤ ਥੋੜੇ ਪੱਧਰ ਉਤੇ ਸਿਰਫ਼ ਅਪਣਾ ਪ੍ਰਭਾਵ ਪਾਉਣ ਵਾਲੀ ਗੱਲ ਹੀ ਹੈ। ਅੱਜ ਦੁਨੀਆਂ ਵਿਚ ਜੇ ਮੁਸਲਮਾਨ ਸਮੂਹ ਚੋਂ ਕੋਈ ਧਰਮ ਦੇ ਅਧਾਰ ਉੱਤੇ ਹੀ ਦੇਸ਼ ਬਣਾਉਣਾ ਚਾਹੁੰਦਾ ਹੈ ਤਾਂ ਆਈ. ਐਸ. ਆਈ. ਹੀ ਹੈ ਉਸ ਤੋਂ ਇਲਾਵਾ ਕੋਈ ਨਹੀਂ। ਉਹ ਸਿਰਫ਼ ਇਸਲਾਮਿਕ ਸਟੇਟ ਬਣ-ਾਉਣਾ ਚਾਹੁੰਦੇ ਹਨ। ਸਾਰੇ ਸੰਸਾਰ ਵਿਚ ਕੋਈ ਵੀ ਹੋਰ ਧਰਮ ਦੇ ਨਾਂ ਉਤੇ ਅੱਜ ਸਟੇਟ ਜਾਂ ਰਾਜ ਨਹੀਂ ਬਣਾਉਣਾ ਚਾਹੁੰਦਾ। ਮਿੱਤਰੋ! ਇਹ ਜੋ ਧਰਮ ਦੇ ਨਾਂ ਉਤੇ ਰਾਸ਼ਟਰ ਬਣਾਉਣ ਦੀ ਸੋਚ ਹੈ ਇਹ ਬਣਾਉਣ ਵਾਲੇ ਨਾ ਧਰਮ ਨੂੰ ਹੀ ਜਾਣਦੇ ਹਨ ਤੇ ਨਾ ਹੀ ਹਿੰਦੂ ਧਰਮ ਨੂੰ ਜਾਣਦੇ ਹਨ। ਉਹ ਤਾਂ ਸੱਚੇ ਧਾਰਮਿਕ ਵੀ ਨਹੀਂ ਹਨ। ਉਹ ਤਾਂ ਸਿਰਫ਼ ਧਰਮ ਦਾ ਅਪਣੇ ਮਨਸੂਬੇ ਪੂਰੇ ਕਰਨ ਲਈ ਇਸਤੇਮਾਲ ਕਰ ਸਕਦੇ ਹਨ। ਇਨ੍ਹਾਂ ਨੂੰ ਇਹ ਪਤਾ ਹੀ ਨਹੀਂ ਹੈ ਕਿ ਹਿੰਦੁਸਤਾਨ ਵਿਚ ਧਰਮ ਦੀ ਕਿਹੋ ਜਿਹੀ ਸਥਿਤੀ ਹੈ? ਹਿੰਦੁਸਤਾਨ ਵਿਚ ਇਕ ਨਹੀਂ ਸੈਂਕੜੇ ਹੀ ਧਰਮ ਹਨ, ਇਕ ਭਾਸ਼ਾ ਨਹੀਂ ਸੈਂਕੜੇ ਹੀ ਭਾਸ਼ਾਵਾਂ ਹਨ ਅਤੇ ਸੈਂਕੜੇ ਹੀ ਸੰਸਕ੍ਰਿਤੀਆਂ ਹਨ, ਜੋ ਕੇਵਲ ਪਾਣੀ ਦੇ ਬੁਲਬੁਲੇ ਨਹੀ ਕਿ ਹਿੰਦੂ ਰਾਸ਼ਟਰ ਬਣਾਉਣ ਨਾ.ਲ ਹੀ ਖ਼ਤਮ ਹੋ ਜਾਣਗੇ। ਇਨ੍ਹਾਂ ਸਾਰਿਆਂ ਦੀਆਂ ਇਤਿਹਾਸ ਵਿਚ ਅਪਣੀਆਂ ਹੀ ਜੜ੍ਹਾਂ ਹਨ। ਸਿੱਖ ਹੋਵੇ, ਹਿੰਦੂ ਹੋਵੇ ਜਾਂ ਇਸਲਾਮ ਹੋਵੇ ਜਾਂ ਵੈਸ਼ਨਵ ਹੋਵੇ, ਬੰਗਾਲੀ, ਮਦਰਾਸੀ ਜਾਂ ਪੰਜਾਬੀ ਹੋਣ ਕੋਈ ਵੀ ਹੋਵੇ ਇਨ੍ਹਾਂ ਸਾਰਿਆਂ ਦੀ ਅਪਣੀ ਭਾਸ਼ਾ ਤੇ ਸੰਸਕ੍ਰਿਤੀ ਸਦੀਆਂ ਪੁਰਾਣੀ ਹੈ। ਨਾ ਕੋਈ ਇਸ ਨੂੰ ਖ਼ਤਮ ਕਰ ਸਕਦਾ ਹੈ ਤੇ ਨਾ ਹੀ ਇਸ ਨੂੰ ਖ਼ਤਮ ਕੀਤੇ ਜਾਣ ਦੀ ਕੋਈ ਵਜਹ ਹੀ



ਵੀਰ ਭਾਰਤ ਤਲਵਾਰ

(ਬਾਕੀ ਅਗਲੇ ਸਫੇ ਤੇ)

# ਅੱਜ ਗੁੰਡਾਗਰਦੀ ਨੇ ਦੇਸ਼ ਭਗਤੀ ਦਾ ਰੂਪ ਲੈ ਲਿਆ ਹੈ

ਦਿਖਾਈ ਦਿੰਦੀ ਹੈ। ਜੋ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਦੀ ਗੱਲ ਕਰਦੇ ਹਨ ਇਹ ਤਾਂ ਭਾਰਤ ਨੂੰ ਵੀ ਬਿਲਕੁਲ ਨਹੀਂ ਜਾਣਦੇ। ਉਨ੍ਹਾਂ ਦਾ ਇਹ ਸੁਪਨਾ ਇਕ ਸੁਪਨਾ ਹੀ ਰਹੇਗਾ। ਹਿੰਦੁਸਤਾਨ ਵਿਚ ਇਹ ਸਥਿਤੀ ਹੈ ਕਿ ਇੱਥੇ ਤਾਂ ਇਕ ਇਕ ਇਨਸਾਨ ਇਕੋ ਸਮੇਂ ਕਈ ਕਈ ਧਰਮਾਂ ਵਿਚ ਆਸਥਾ ਰੱਖਦਾ ਹੈ ਤੇ ਉਨ੍ਹਾਂ ਨੂੰ ਹੀ ਮੰਨਦਾ ਹੈ। 'ਭਾਰਤ ਦੇ ਲੋਕ' ਨਾਂ ਦਾ ਇਕ ਬਹੁਤ ਵੱਡਾ ਪ੍ਰੋਜੈਕਟ ਹੈ ਜੋ ਦੁਨੀਆਂ ਦਾ ਸਭ ਤੋਂ ਵੱਡਾ ਪ੍ਰਾਜੈਕਟ ਹੈ। ਐਨਥਰੋਪੋਲੋਜੀਕਲ ਸਰਵੇ ਆਫ ਇੰਡੀਆ ਦੇ ਡਾਇਰੈਕਟਰ ਜਨਰਲ ਸਨ ਡਾ. ਕੁਮਾਰ ਸੁਰੇਸ਼ ਸਿੰਘ ਬਹੁਤ ਮਸ਼ਹੂਰ ਐਨਥਰੋਪੋਲੋਜਿਸਟ, ਜਿਨ੍ਹਾਂ ਆਦਿ ਵਾਸੀਆਂ ਦੇ ਉੱਤੇ ਬਹੁਤ ਕੰਮ ਕੀਤਾ। ਪੀਪਲ ਆਫ ਇੰਡੀਆ ਪ੍ਰੋਜੈਕਟ ਦੀ ਰਿਪੋਰਟ ਉਨ੍ਹਾਂ ਨੇ 45 ਹਿੱਸਿਆਂ ਵਿਚ ਤਿਆਰ ਕੀਤੀ ਹੈ ਜਿਸ ਵਿੱਚ ਉਨ੍ਹਾਂ ਨੇ 'ਧਰਮ ਖੰਡ' ਵਿੱਚ ਧਰਮ ਬਾਰੇ ਲਿਖਿਆ ਹੈ। ਉਹ ਭਾਰਤਦੇ ਰਮ ਬਾਰੇ ਲਿਖਦੇ ਹਨ, 'ਭਾਰਤ ਵਿਚ 4635 ਸਮੁਦਾਇਆਂ ਵਿਚ 35 ਸਮੁਦਾਇ ਅਜਿਹੇ ਹਨ ਜੋ ਕਿ ਹਿੰਦੂ ਅਤੇ ਇਸਲਾਮ ਦੋਵਾਂ ਹੀ ਧਰਮਾਂ ਨੂੰ ਇਕੋ ਸਮੇਂ ਮੰਨਦੇ ਹਨ। 16 ਸਮੁਦਾਇ ਅਜਿਹੇ ਹਨ ਜੋ ਹਿੰਦੂ ਤੇ ਇਸਾਈ ਦੋਵੇਂ ਧਰਮਾ ਨੂੰ ਇਕੋ ਸਮੇਂ ਮੰਨਦੇ ਹਨ। 16 ਸਮੂਦਾਇ ਅਜਿਹੇ ਹਨ ਜੋ ਕਿ ਸਿੱਖ, ਹਿੰਦੂ ਤੇ ਇਸਲਾਮ ਧਰਮਾਂ ਨੂੰ ਇਕੋ ਸਮੇਂ ਮੰਨਦੇ ਹਨ। 94 ਸਮੁਦਾਇ ਅਜਿਹੇ ਹਨ ਜੋ ਕਿ ਇਸਾਈ ਧਰਮ ਤੇ ਅਪਣਾ ਆਦਿਵਾਸੀ ਧਰਮ ਦੋਵਾਂ ਦੀ ਹੀ ਪਾਲਣ ਇਕੋ ਸਮੇਂ ਕਰਦੇ ਹਨ। ਇਨ੍ਹਾਂ ਤੋਂ ਇਲਾਵਾ 28,70,000 ਭਾਰਤੀ ਲੋਕ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ। ਮਿੱਤਰੋ! ਹਿੰਦੂ ਰਾਸ਼ਟਵਾਦ ਦੀ ਵਿਚਾਰਧਾਰਾ ਅਜਿਹੀ ਫਜ਼ੂਲ ਤੇ ਬੇਬੁਨਿਆਦ ਵਿਚਾਰਧਾਰਾ ਹੈ ਜਿਸ ਦਾ ਸਚਾਈ ਨਾਲ ਕੋਈ ਸਬੰਧ ਨਹੀਂ ਹੈ ਤੇ ਇਹ ਕਦੇ ਵੀ ਭਾਰਤ ਵਿਚ ਸਫ਼ਲ ਨਹੀਂ ਹੋ ਸਕਦੀ। ਭਾਰਤ ਦੇ ਇਤਿਹਾਸ ਵਿਚ ਹਿੰਦੂ ਰਾਸ਼ਟਵਾਦ ਦੀ ਵਿਚਾਰਧਾਰਾ ਸਥਾਪਤ ਕਰਨ ਵਾਲੀ ਕਦੇ ਕੋਈ ਗੱਲ ਨਹੀਂ ਹੋਈ ਤੇ ਨਾ ਹੀ ਭਵਿੱਖ ਵਿਚ ਵੀ ਸਫ਼ਲ ਹੋ ਸਕੇਗੀ। ਪਰ ਅੱਜ ਜਿਸ ਤਰ੍ਹਾਂ ਇਸ ਨੇ ਸਿਰ ਚੁੱਕਿਆ ਹੈ ਤੇ ਉਸ ਤੋਂ ਜੋ ਸਾਨੂੰ ਭਾਸ਼ਾ, ਸਾਹਿਤ, ਸਾਡੀ ਸੰਸਕ੍ਰਿਤੀ ਅਤੇ ਸਾਡੇ ਸਮਾਜ ਨੂੰ ਚਣੌਤੀਆਂ ਮਿਲੀਆਂ ਹਨ ਤੇ ਜਿਸ ਤਰ੍ਹਾਂ ਸਦੀਆਂ ਤੋਂ ਚਲਦੇ ਸਾਡੇ ਸਾਂਝੀਵਾਲਤਾ ਦੇ ਤਾਣੇ ਬਾਣੇ ਨੂੰ ਤੋੜਿਆ ਜਾ ਰਿਹਾ ਹੈ ਉਹ ਸਾਡੇ ਲਈ ਬਹੁਤ ਵੱਡਾ ਖ਼ਤਰਾ ਹੈ। ਹਿੰਦੂ ਰਾਸ਼ਟਰਵਾਦ ਤਾਂ ਨਹੀਂ ਬਣ ਸਕਦਾ, ਪਰ ਉਹ ਸਮਾਜ ਵਿਚ ਜਿਸ ਤਰ੍ਹਾਂ ਦੀ ਤਬਾਹੀ ਨੂੰ ਲਿਆ ਰਿਹਾ ਹੈ ਉਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਸ ਹੋਣ ਵਾਲੀ ਤਬਾਹੀ ਵੱਲ ਅੱਜ ਗੌਰ ਕਰਨ ਦੀ ਲੋੜ ਹੈ।

ਅਸੀਂ ਦੇਖਦੇ ਹਾਂ ਕਿ ਸਿੱਖਿਆ ਦੇ ਖੇਤਰ ਵਿਚ ਇਸ ਵਿਚਾਰਧਾਰਾ ਦੇ ਅਨੁਸਾਰ ਜੋ ਨਵੀਂ ਸਿੱਖਿਆ ਨੀਤੀ ਲਿਆਂਦੀ ਤੇ ਬਣਾਈ ਜਾ ਰਹੀ ਹੈ, ਉਸ ਵਿਚ ਨਵਾਂ ਕੁਝ ਵੀ ਨਹੀਂ ਹੈ। ਪ੍ਰਾਚੀਨ ਗਿਆਨ ਵਿਗਿਆਨ ਨੂੰ ਲਾਗੂ ਕਰਨਾ ਹੀ ਉਨ੍ਹਾਂ ਲਈ ਨਵੀਂ ਸਿੱਖਿਆ ਨੀਤੀ ਹੈ। ਇਸ ਪ੍ਰਾਚੀਨ ਗਿਆਨ ਵਿਗਿਆਨ ਬਾਰੇ ਉਨ੍ਹਾਂ ਦੀ ਕੀ ਸਮਝ ਹੈ? ਇਸ ਬਾਰੇ ਅਸੀਂ ਫੇਰ ਦੇਖਾਂਗੇ ਲੇਕਿਨ ਜੋ ਉਹ ਨਵੀਂ ਨੀਤੀ ਦੇ ਨਾਂ ਉੱਤੇ ਕਰ ਰਹੇ ਹਨ ਉਹ ਦੇਖਣਾ ਹੈ। ਇਹ ਦੀਨਾ ਨਾਥ ਬੱਤਰਾ ਜੀ ! ਹੀ ਹਨ, ਜਿਨ੍ਹਾਂ ਬਾਰੇ ਕਲ ਤੱਕ ਸੰਘ ਪ੍ਰੀਵਾਰ ਤੋਂ ਬਾਹਰ ਕੋਈ ਵੀ ਨਹੀਂ ਸੀ ਜਾਣਦਾ, ਅੱਜ ਉਹ ਅਪਣੀਆਂ ਅਜੀਬੋ-ਗ਼ਰੀਬ ਸਿੱਖਿਆ ਨੀਤੀਆਂ ਕਾਰਣ ਜਾਣੇ ਜਾ ਰਹੇ ਹਨ। ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ ਆਪਣਾ ਸਲਾਹਕਾਰ ਬਣਾ ਲਿਆ ਹੈ। ਪਿੱਛੇ ਜਹੇ ਨਵੰਬਰ ਮਹੀਨੇ ਵਿਚ ਉਨ੍ਹਾਂ ਦੀ ਇਕ ਸਭਾ ਚੰਡੀਗੜ੍ਹ ਵਿਚ ਹੋਈ, ਜਿਸ ਵਿਚ ਦੀਨਾ ਨਾਥ ਬਤਰਾ ਨੇ ਕਿਹਾ ਕਿ ਅਸੀਂ ਹਰਿਆਣਾ ਵਿਚ ਹੀ ਨਹੀਂ ਪੂਰੇ ਦੇਸ਼ ਵਿਚ ਸਿੱਖਿਆ ਦਾ ਭਗਵਾਂਕਰਨ ਕਰਾਂਗੇ। ਉਨ੍ਹਾਂ ਦਾ ਬਿਆਨ ਅਖਬਾਰਾਂ ਵਿਚ ਆਇਆ ਤੇ ਸਰਕਾਰ ਨੇ ਇਹ ਵੀ ਤੈਅ ਕਰ ਦਿੱਤਾ ਹੈ ਕਿ ਹਰਿਆਣਾ ਦੇ ਸਕੂਲਾਂ ਵਿਚ ਅਗਲੇ ਸਾਲ ਤੋਂ ਸੱਤਵੀਂ ਜਮਾਤ ਤੋਂ ਬਾਰਵੀਂ ਜਮਾਤ ਤਕ ਗੀਤਾ ਦੀ ਸਿੱਖਿਆ ਸ਼ੁਰੂ ਕਰ ਦਿੱਤੀ ਜਾਵੇਗੀ। ਨਵੀਂ ਸਿੱਖਿਆ ਨੀਤੀ ਦੇ ਨਾਂ ਉੱਤੇ ਇਨ੍ਹਾਂ ਕੋਲ ਸਭ ਤੋਂ ਪਹਿਲੀ ਗੱਲ ਹੈ ਕਿ ਗੀਤਾ ਨੂੰ ਪੜ੍ਹਾਉਣਾ। ਗੀਤਾ ਨੂੰ ਰਾਸ਼ਟਰੀ ਗ੍ਰੰਥ ਤੱਕ ਦੱਸਿਆ ਜਾ ਰਿਹਾ ਹੈ। ਗੀਤਾ ਕੀ ਹੈ? ਇਹ ਤਾਂ ਘੋਖਣਾ ਪਵੇਗਾ। ਡੀ. ਡੀ ਕੋਸਾਂਭੀ ਇਕ ਸਾਹਿਤਕਾਰ ਹੋਏ ਹਨ ਜੋ ਸੰਸਕ੍ਰਿਤ ਦੇ ਬਹੁਤ ਵੱਡੇ ਵਿਦਵਾਨ ਹਨ। ਕਦੇ ਵੀ ਕੋਈ ਉਨ੍ਹਾਂ ਨੂੰ ਪੜ੍ਹ ਸਕਦਾ ਹੈ ਤੇ ਗੀਤਾ ਕੀ ਹੈ ਜਾਣ ਸਕਦਾ ਹੈ। ਉਨ੍ਹਾਂ ਦੀਆਂ ਕੁਝ ਗੱਲਾਂ ਦੀ ਚਰਚਾ ਇੱਥੇ ਅਸੀਂ ਕਰਾਂਗੇ। ਇਸ ਤੋਂ ਇਲਾਵਾ ਰਾਜਸਥਾਨ ਵਿਚ ਜਿਵੇਂ ਉਨ੍ਹਾਂ ਦੀ ਸਰਕਾਰ ਹੈ ਅਤੇ ਉੱਥੋਂ ਦੇ 13,000 ਸਕੂਲਾਂ ਵਿਚ ਗੀਤਾ ਨੂੰ ਰੱਖਣਾ ਲਾਜ਼ਮੀਂ ਕਰ ਦਿੱਤਾ ਗਿਆ ਹੈ ਤਾਂ ਕਿ ਲੜਕੇ ਲੜਕੀਆਂ ਇਸ ਨੂੰ ਪੜ੍ਹਨ ਤੇ ਇਸ ਤੋਂ ਮਾਰਗ-ਦਰਸ਼ਨ ਲੈਣ। ਮਹਾਂਰਾਸ਼ਟਰ ਵਿਚ ਇਨ੍ਹਾਂ ਦੀ ਸਰਕਾਰ ਬਣੀ ਤਾਂ ਆਂਗਨਬਾੜੀ ਸਕੂਲਾਂ ਵਿਚ ਰਾਮਾਇਣ ਅਤੇ ਮਹਾਂਭਾਰਤ ਪੜ੍ਹਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਹ ਕਹਿੰਦੇ ਨੇ ਕਿ ਨੌਜਵਾਨਾਂ ਨੂੰ ਪ੍ਰਾਚੀਨ ਗਿਆਨ ਵਿਗਿਆਨ ਪੜ੍ਹਾਉਣਗੇ, ਇਸ ਤੋਂ ਇਨ੍ਹਾਂ ਦੀ ਕੀ ਸਮਝ ਹੈ? ਸ਼ਿਵ ਨੂੰ ਇਹ ਬਹੁਤ ਵੱਡੇ ਵਾਤਾਵਰਣ ਪ੍ਰੇਮੀ ਤੇ ਖੋਜੀ ਦੱਸਦੇ ਹਨ। ਵਾਤਾਵਰਣ ਗਿਆਨ ਵਿਗਿਆਨ ਸਾਰਾ ਕਹਿੰਦੇ ਹਨ ਕਿ ਉਨ੍ਹਾਂ (ਸ਼ਿਵ) ਕੋਲ ਹੀ ਸੀ। ਇਹ ਕਹਿੰਦੇ ਹਨ ਕਿ ਸੰਖ ਬਜਾਉਣ ਨਾਲ ਸਰੀਰ ਦੇ ਸਾਰੇ ਹੀ ਨੁਕਸ ਤੇ ਰੋਗ ਦੂਰ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਤਾਂ ਇਨ੍ਹਾਂ ਦੀ ਪ੍ਰਾਚੀਨ ਗਿਆਨ ਵਿਗਿਆਨ ਦੀ ਸਮਝ ਹੈ। ਇਨ੍ਹਾਂ ਦੀਆਂ ਇਨ੍ਹਾਂ ਸਿੱਖਿਆ ਨੀਤੀਆਂ ਦੇ ਖਿਲਾਫ਼ ਦੇਸ਼ ਦੇ ਬਹੁਤ ਹੀ ਮਸ਼ਹੂਰ ਸਿੱਖਿਆ ਸ਼ਾਸ਼ਤਰੀਆਂ ਤੇ ਮਸ਼ਹੂਰ ਸੰਸਥਵਾਂ ਦੇ ਡਾਇਰੈਕਟਰਾਂ ਨੇ ਅਪਣੇ ਅਸਤੀਫੇ ਦਿੱਤੇ ਹਨ। ਐਨ. ਸੀ. ਆਰ ਦੇ ਡਾਇਰੈਕਟਰ, ਦਿੱਲੀ ਆਈ. ਆਈ. ਟੀ ਦੇ ਡਾਇਰੈਕਟਰ, ਬੰਬਈ ਆਈ. ਆਈ. ਟੀ ਦੇ ਗਵਰਨਰ, ਇਤਿਹਾਸ ਪ੍ਰੀਸ਼ਦ ਦੇ ਡਾਇਰੈਕਟਰ ਅਤੇ ਨਹਿਰੂ ਮੈਮੋਰੀਅਲ ਮਿਊਜ਼ੀਅਮ ਲਾਇਬਰੇਰੀ ਦੇ ਡਾਇਰੈਕਟਰ ਨੇ ਵੀ ਉਪਰੋਕਤ ਫੈਸਲਿਆਂ ਖਿਲਾਫ਼ ਅਸਤੀਫਾ ਦੇ ਦਿੱਤਾ ਹੈ। ਇਸ ਤਰ੍ਹਾਂ ਅਸਤੀਫੇ ਦੇਣ ਵਾਲਿਆ ਦੀ ਇਕ ਲੰਮੀ ਸੂਚੀ ਹੈ।

ਸਭ ਤੋਂ ਖਤਰਨਾਕ ਹੈ ਜੋ ਇਸ ਸਮੇਂ ਯੂ. ਜੀ. ਸੀ ਕਰ ਰਹੀ ਹੈ। ਸਿੱਖਿਆ ਦੇ ਸੰਬੰਧ ਵਿਚ ਉਸ ਵੱਲੋਂ ਕੁਝ ਨਿਰਦੇਸ਼ ਜਾਰੀ ਕੀਤੇ ਗਏ ਹਨ। ਵਿਸ਼ਵਵਿਦਿਆਲਿਆਂ ਵਿਚ ਸਿੱਖਿਆ ਸੰਸਥਾਨਾਂ ਵਿਚ ਸੁਰੱਖਿਆ ਦੇ ਕਰੜੇ ਇੰਤਜ਼ਾਮ ਕਰਨ ਦੇ ਲਈ ਮੈਟਲ ਡਿਟੈਕਟਰ ਲਾਉਣ ਦੀ ਗੱਲ ਹੋ ਰਹੀ ਹੈ, ਵਿਦਿਆਰਥੀਆਂ ਦੀ ਬਾਇਓ ਮੀਟਰਿਕ ਹਾਜ਼ਰੀ ਦੇਣਾ, ਹਰ ਸਮੇਂ ਅਪਣਾ ਪਹਿਚਾਣ ਪੱਤਰ ਅਪਣੇ ਨਾਲ ਰੱਖਣਾ, ਹਰ ਯੂਨਿਵਰਸਿਟੀ ਵਿਚ ਥਾਣੇ ਬਣਾਉਣਾ ਆਦਿ ਇਸ ਤਰ੍ਹਾਂ ਦੇ ਕੰਮ ਕੀਤੇ ਜਾ ਰਹੇ ਹਨ ਕਿ ਹਰ ਇਕ ਪਲ ਲੜਕੇ ਲੜਕੀਆਂ ਉੱਤੇ ਨਜ਼ਰ ਰੱਖੀ ਜਾ ਸਕੇ। ਮੌਜੂਦਾ ਕੇਂਦਰੀ ਸਰਕਾਰ ਇਸ ਤਰ੍ਹਾਂ ਦੀਆਂ ਸਿੱਖਿਆਂ ਨੀਤੀਆਂ ਬਣਾਉਣ ਜਾ ਰਹੀ ਹੈ ਤੇ ਇਕ ਸਰਕੂਲਰ ਵੀ ਜਾਰੀ ਕੀਤਾ ਹੈ। ਕਈ ਪ੍ਰਾਈਵੇਟ ਇੰਸਟੀਚਿਊਸ਼ਨ ਹਨ ਚੈਨਈ ਵਿੱਚ ਸ੍ਰੀ ਸਾਈਂ ਰਾਮ ਇੰਜਨੀਅਰਿੰਗ ਕਾਲਜ ਹੈ ਜਿੱਥੋਂ ਸਰਕਾਰ ਨੇ ਇਹ ਸਾਰੇ ਨੁਕਤੇ ਕਾਰਪੋਰਟ ਸੈਕਟਰ ਤੋਂ ਲਏ ਹਨ। ਜਿਸ ਤਰ੍ਹਾਂ ਫੌਜ ਵਿਚ ਅਨੁਸ਼ਾਸ਼ਨ ਹੁੰਦਾ ਹੈ ਉਵੇਂ ਹੀ ਸਿੱਖਿਆਂ ਸੰਸਥਾਨਾਂ ਵਿਚ ਵੀ ਅਨੁਸ਼ਾਸ਼ਨ ਹੋਣ ਦੀ ਜ਼ਰੂਰਤ ਹੈ। ਕੁੱਲ ਮਿਲਾ ਕੇ ਇਨ੍ਹਾਂ ਦੀ ਨਵੀਂ ਸਿੱਖਿਆ ਨੀਤੀ ਦਾ ਮਕਸਦ ਇਹ ਹੈ ਕਿ ਯੂਨਿਵਰਸਿਟੀਆਂ ਵਿੱਚ ਜੋ ਬੁਹਸ-ਮੁਬਾਹਸੇ ਹੁੰਦੇ ਹਨ ਅਤੇ ਜੋ ਅਜਾਦ ਖਿਆਲਾਂ ਦੇ ਪੈਦਾ ਹੋਣ ਤੇ ਵਿਕਸਿਤ ਹੋਣ ਦਾ ਮਾਹੌਲ ਹੁੰਦਾ ਹੈ ਉਸ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਕੇ ਖ਼ਤਮ ਕਰਨਾ ਹੈ ਕਿਉਂਕਿ ਵੱਡੀਆਂ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਲਈ ਉਹ ਖਿਆਲ ਕੰਡਿਆਂ ਵਾਂਗ ਹੁੰਦੇ ਹਨ ਤੇ ਉਹ ਚਾਹੁੰਦੇ ਹਨ ਕਿ ਇਹ ਆਜਾਦ ਖਿਆਲ ਨਾ ਵੱਧਣ ਫੁੱਲਣ। ਸਾਡੇ ਤਾਂ ਵਿਦਿਆਲਿਆਂ ਵਿਚ ਗੁਰੂ-ਚੇਲਾ ਪ੍ਰੰਪਰਾ ਕੁਝ ਇੰਜ ਹੀ ਚਲਦੀ ਰਹੀ ਕਿ ਆਜ਼ਾਦ ਖਿਆਲ ਮੁਸ਼ਕਲ ਨਾਲ ਉੱਠੇ ਤੇ ਵਿਕਸਤ ਹੋਏ। ਪਰ ਅੱਜ ਕੋਸ਼ਿਸ਼ ਹੋ ਰਹੀ ਹੈ ਕਿ ਜੋ ਮਾੜੀ ਮੋਟੀ ਆਜਾਦ ਖਿਆਲਾਂ ਦੇ ਵੱਧਣ-ਫੁੱਲਣ ਦੀ ਥਾਂ ਹੈ ਉਸ ਨੂੰ ਵੀ ਖ਼ਤਮ ਕਰ ਦਿੱਤਾ ਜਾਵੇ। ਇਥੇ ਮੈਂ ਖਾਸ ਤੌਰ ਤੇ ਜਵਾਹਰ ਲਾਲ ਨਹਿਰੂ ਯੂਨਿਵਰਸਿਟੀ ਦੀ ਉਦਾਹਰਣ ਦੇਵਾਂਗਾ ਉੱਥੇ ਜੋ ਕੁਝ ਕੁਝ ਹੁੰਦਾ ਹੈ ਉਹ ਸਰਕਾਰ ਨੂੰ ਬਹੁਤ ਖਟਕਦਾ ਹੈ। ਅੱਜ ਦੀ ਸਰਕਾਰ ਨੂੰ ਤਾਂ ਇਸ ਸੋਚ ਤੋਂ ਹੀ ਨਫ਼ਰਤ ਹੈ ਕਿ ਯੂਨਿਵਰਸਟੀਆਂ ਵਿਚ ਆਜਾਦ ਖਿਆਲ ਪੈਦਾ ਅਤੇ ਵਿਕਸਿਤ ਹੋਣ ਤੇ ਉੱਥੇ ਨਿਵੇਸ਼ ਦੀਆਂ ਨੀਤੀਆਂ, ਸਰਕਾਰ ਜਾਂ ਦੇਸ਼ ਦੇ ਉਦਯੋਗ ਦੀਆਂ ਨੀਤੀਆਂ ਉੱਤੇ ਬਹਿਸਾਂ ਹੋਣ। ਇਹੋ ਇਨ੍ਹਾਂ ਦੀਆਂ ਸਿੱਖਿਆ ਨੀਤੀਆਂ ਨੇ ਤੇ ਇੰਜ ਸਭ ਤੋਂ ਵੱਡਾ ਖ਼ਤਰਾ ਸਾਡੇ ਦੇਸ਼ ਉਤੇ ਮੰਡਰਾ ਰਿਹਾ ਹੈ।

ਇਤਿਹਾਸ ਇਸ ਵਿਚਾਰਧਾਰਾ ਦੇ ਲੋਕਾਂ ਦਾ ਬਹੁਤ ਹੀ ਮਨ-ਭਉਂਦਾ ਵਿਸ਼ਾ ਰਿਹਾ ਹੈ ਕਿਉਂਕਿ ਇਨ੍ਹਾਂ ਦੀ ਸਾਰੀ ਵਿਚਾਰਧਾਰਾ ਅਪਣੇ ਭੂਤ-ਕਾਲ ਉੱਤੇ ਹੀ ਨਿਰਭਰ ਕਰਦੀ ਹੈ। ਉਸ ਅਤੀਤ ਨੂੰ ਜਦ ਤਕ ਇਹ ਆਪਣੇ ਰੰਗ ਵਿਚ ਰੰਗ ਕੇ ਨਹੀਂ ਦਿਖਾਉਣਗੇ ਤੇ ਜਦ ਤਕ ਲੋਕਾਂ ਨੂੰ ਇਹ ਵਿਸ਼ਵਾਸ਼ ਨਾ ਦਿਵਾ ਦੇਣ ਕਿ ਇਨ੍ਹਾਂ ਦਾ ਅਤੀਤ ਅਜਿਹਾ ਹੀ ਸੀ ਜੋ ਇਹ ਦੱਸ ਰਹੇ ਹਨ, ਤਦ ਤਕ ਇਨ੍ਹਾਂ ਦੀ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਖੜ੍ਹੀ ਨਹੀਂ ਹੋ ਸਕਦੀ। ਇਤਿਹਾਸ ਉੱਤੇ ਕਬਜਾ ਕਰਨ ਲਈ ਅਤੇ ਮਨਮਰਜੀਆਂ ਕਰਨ ਲਈ ਇਨ੍ਹਾਂ ਨੇ 'ਇਤਿਹਾਸ ਖੋਜ ਕੇਂਦਰ' ਦੇ ਪੁਰਾਣੇ ਚੇਅਰਮੈਨ ਨੂੰ ਭਜਾ ਕੇ ਇਕ ਅਜਿਹੇ ਵਿਅਕਤੀ ਨੂੰ ਚੇਅਰਮੈਨ ਬਣਾ ਦਿੱਤਾ ਜਿਸ ਨੂੰ ਇਤਿਹਾਸ ਦੇ ਖੇਤਰ ਵਿਚ ਕੋਈ ਜਾਣਦਾ ਹੀ ਨਹੀਂ। ਉਸ ਨੇ ਆਉਂਦੇ ਹੀ ਬਿਆਨ ਦਿੱਤਾ ਉਹ ਸੀ, 'ਸਾਨੂੰ ਅਪਣਾ ਇਤਿਹਾਸ ਫੇਰ ਤੋਂ ਲਿਖਣਾ ਹੋਵੇਗਾ'। ਭੂਤ-ਕਾਲ ਦਾ ਇਤਿਹਾਸ ਜੋ ਇਹ ਫਿਰ ਤੋਂ ਲਿਖਣਾ ਚਾਹੁੰਦੇ ਹਨ, ਇਨ੍ਹਾਂ ਦੇ ਕੁਝ ਵਿਸ਼ਵਾਸ਼ ਹਨ, ਇਨ੍ਹਾਂ ਦਾ ਇਕ ਧਾਰਮਿਕ ਮੱਤ ਹੈ, ਉਸੇ ਨੂੰ ਹੀ ਇਹ ਇਤਿਹਾਸ ਦੇ ਰੂਪ ਵਿਚ ਪੇਸ਼ ਕਰਨਾ ਚਾਹੁੰਦੇ ਹਨ। ਅੱਜ ਇਤਿਹਾਸ ਲਿਖਣ ਵਿਚ ਜੋ ਸਭ ਤੋਂ ਵੱਡੀ ਚੁਣੌਤੀ ਆ ਰਹੀ ਹੈ ਉਹ ਇਹ ਹੈ ਕਿ ਤੁਸੀਂ ਤੱਥਾਂ ਉਤੇ ਜੋਰ ਨਹੀਂ ਦੇ ਸਕਦੇ। ਤੁਸੀਂ ਪ੍ਰਮਾਣਿਕ ਵਸੀਲਿਆਂ ਤੇ ਪੁਰਾਤਤਵ ਵਿਭਾਗ ਉਤੇ ਜੋਰ ਨਹੀਂ ਦੇ ਸਕਦੇ ਤੇ ਸਿਰਫ਼ ਲੋਕਾਂ ਵਿਚ ਫੈਲੇ ਵਿਸ਼ਵਾਸ਼ ਅਤੇ ਧਾਰਣਾਵਾਂ ਦੇ ਅਧਾਰ ਉੱਤੇ ਹੀ ਇਤਿਹਾਸ ਲਿਖਣਾ ਹੈ। ਅੱਜ ਸਥਿਤੀ ਅਜਿਹੀ ਹੈ ਕਿ ਕੋਈ ਵੀ ਇਤਿਹਾਸਕਾਰ ਜੇ ਉਹ ਚਾਹੇ ਕਿ ਉਹ ਔਰੰਗਜ਼ੇਬ ਉਤੇ ਕਿਤਾਬ ਲਿਖੇਗਾ, ਸ਼ਿਵਾਜੀ ਉੱਤੇ, ਮਰਹੱਟਾ ਪ੍ਰੀਵਾਰ ਉੱਤੇ ਤੇ ਐਥੋਂ ਤਕ ਕਿ ਹਿੰਦੁਸਤਾਨ ਦੇ ਸੁਤੰਤਰਤਾ ਸੰਗਰਾਮ ਉੱਤੇ ਕਿਤਾਬ ਲਿਖੇ ਤਾਂ ਇਨ੍ਹਾਂ ਵਿਅਕਤੀਆਂ ਜਾਂ ਅੰਦੋਲਨਾਂ, ਸੰਗਰਾਮਾਂ ਉੱਤੇ ਲਿਖਦਿਆਂ ਉਸ ਨੂੰ ਇਕ ਜਟਿਲਤਾ ਦਾ ਸਾਹਮਣਾ ਕਰਨਾ ਪਵੇਗਾ। ਉਸ ਨੂੰ ਜਾਂ ਤਾਂ ਸਫੇਦ (ਸੱਚ) ਲਿਖਣਾ ਪਵੇਗਾ ਜਾਂ ਕਾਲਾ (ਝੂਠ) ਲਿਖਣਾ ਪਵੇਗਾ। ਇਤਿਹਾਸ ਦੇ ਵਿਚ ਜੋ ਜਟਿਲਤਾ ਹੁੰਦੀ ਹੈ ਉਸ ਨੂੰ ਅੱਜ ਦਾ ਸਾਹਿਤਕਾਰ ਲਿਖ ਨਹੀਂ ਸਕਦਾ। ਜੇ ਕੋਈ ਲਿਖੇਗਾ ਤਾਂ ਕੋਈ ਵੀ ਸਾਧੂ ਜਾਂ ਸੰਨਿਆਸੀ ਉੱਠੇਗਾ ਉਸ ਨੂੰ ਚੁਣੌਤੀ ਦੇਣ ਵਾਸਤੇ ਜਾਂ ਕੋਈ ਇਕ ਐਮ. ਪੀ ਉੱਠੇਗਾ ਉਸ ਦੇ ਖਿਲਾਫ਼ ਜਾਂ ਗਲੀ ਵਿਚ ਭੀੜ ਆ ਜਾਵੇਗੀ ਉਸ ਦੇ ਖਿਲਾਫ਼ ਨਾਅਰੇਬਾਜੀ ਕਰਨ ਦੇ ਲਈ, ਜਾਂ ਉਸ ਦੀ ਨੌਕਰੀ ਖ਼ਤਮ ਕਰ ਦਿੱਤੀ ਜਾਵੇਗੀ। ਸੋ ਜੋ ਇਮਾਨਦਾਰ ਇਤਿਹਾਸਕਾਰ ਹੈ ਜਿਸ ਨੇ ਪ੍ਰਮਾਣਿਤ ਸਮੱਗਰੀ ਵਰਤੀ, ਖੋਜ ਕੀਤੀ ਤੇ ਮਿਹਨਤ ਕਰਕੇ ਕਿਤਾਬ ਦੀ ਰਚਨਾ ਕੀਤੀ ਉਸ ਨੂੰ ਤਾਂ ਇਹ ਸਾਰੇ ਉਪਰੋਕਤ ਲੋਕ ਬਦਨਾਮ ਕਰਨਗੇ ਤੇ ਤੰਗ ਕਰ ਦੇਣਗੇ। ਭੀੜ, ਸਾਧੂ ਜਾਂ ਐਮ. ਪੀ ਦੀ ਗੱਲ ਮੰਨ ਲਈ ਜਾਵੇਗੀ ਜਿਨ੍ਹਾਂ ਦਾ ਇਤਿਹਾਸ ਨਾਲ ਦੂਰ-ਦੂਰ ਤਕ ਵੀ ਕੋਈ ਵਾਹ-ਵਾਸਤਾ ਨਹੀਂ ਹੈ। ਮਿੱਤਰੋ! ਇਹ ਕਿੰਨੀ ਦੁਖਦਾਈ ਗੱਲ ਹੈ ਕਿ ਜੋ ਸਾਡੇ ਦੇਸ਼ ਵਿਚ ਪਿੱਛੇ ਜਹੇ ਬਹਿਸ ਟੀਪੂ ਸੁਲਤਾਨ ਬਾਰੇ ਹੋਈ ਉਹ ਸਾਬਿਤ ਕਰਦੀ ਹੈ ਕਿ ਕਿਸ ਤਰ੍ਹਾਂ ਸਾਰੀ ਜਟਿਲਤਾ ਨੂੰ ਖ਼ਤਮ ਕਰਕੇ ਸਿਰਫ ਕਾਲਾ/ਚਿੱਟਾ ਤਿਆਰ ਕਰਕੇ ਲੋਕਾਂ ਸਾਹਮਣੇ ਇਹ ਲਿਜਾਣਾ ਚਾਹੁੰਦੇ ਹਨ। ਇਤਿਹਾਸ ਨੂੰ ਹੀ ਨਹੀਂ ਅਜਿਹਾ ਹੀ ਖ਼ਤਰਨਾਕ ਹਮਲਾ ਵਿਗਿਆਨ ਉੱਤੇ ਵੀ ਹੋ ਰਿਹਾ ਹੈ। ਇਹ ਕੱਟੜਪੰਥੀ ਲੋਕ ਸਾਇੰਸ ਦੇ ਵਿਰੋਧੀ ਨਹੀਂ ਹਨ ਇਹ ਸਾਇੰਸ ਨੂੰ ਤੇ ਇਸ ਦੀਆਂ ਪ੍ਰਾਪਤੀਆਂ ਨੂੰ ਅਪਣੇ ਹਿਤਾਂ ਲਈ ਇਸਤੇਮਾਲ ਕਰਦੇ ਹਨ ਪਰ ਸਾਇੰਸ ਦੀ ਜੋ ਫਿਲਾਸਫੀ ਹੈ ਰੈਸ਼ਨਿਲਿਜ਼ਮ ਤੇ ਰੀਜ਼ਨਿੰਗ ਜਾਂ ਲੋਜਿਕ ਉਸ ਨੂੰ ਇਹ ਦਰਕਿਨਾਰ ਕਰਦੇ ਹਨ, ਉਸ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ ਹੈ। ਮੌਲਿਕਊਲਰ ਬਾਇਉਲੋਜੀ ਦੇ ਜੋ ਸਾਡੇ ਦੇਸ਼ ਦੇ ਸਭ ਤੋਂ ਵੱਡੇ ਵਿਗਿਆਨੀ ਹਨ ਡਾ. ਬੀ. ਐਮ. ਭਾਰਗਵ। ਉਨ੍ਹਾਂ ਨੇ ਜਦ ਆਪਣਾ ਪਦਮ ਭੂਸ਼ਣ ਸਨਮਾਨ ਸਰਕਾਰ ਨੂੰ ਵਾਪਸ ਕੀਤਾ ਤਾਂ ਉਨ੍ਹਾਂ ਨੇ ਆਪਣੀ ਅਖਬਾਰਾਂ ਲਈ ਦਿੱਤੀ ਇੰਟਰਵਿਊ ਰਾਹੀਂ ਸਰਕਾਰ ਨੂੰ ਕਿਹਾ, 'The reasoning and rationalism which are the bed rocks of science are under attack. This government has no response for science. People with rationalistic views are being killed.'

ਮਿੱਤਰੋ! ਅੱਜ ਸਾਡੇ ਦੇਸ਼ ਵਿਚ ਸਾਇਸ ਦੇ ਪ੍ਰਮੁੱਖ ਮੁੱਦਿਆਂ ਨੂੰ ਬਚਾਉਣ ਤੇ ਅਪਣਾਉਣ ਦੀ ਥਾਂ ਲੋਕਾਂ ਦਾ ਵਿਸ਼ਵਾਸ਼, ਇਕ ਜਨੂੰਨ ਜਾਂ ਮਨਘੜੰਤ ਗੱਲਾਂ ਹੀ ਚੱਲਣਗੀਆਂ? ਕਿਉਂ ਕੋਈ ਤੱਥਾਂ ਤੇ ਅਸਲੀਅਤ ਨੂੰ ਸੁਣਨ ਲਈ ਤਿਆਰ ਨਹੀਂ ਹੈ? ਤੁਸੀਂ ਦੇਖੋ ਕਿ ਸਾਡੇ ਦੇਸ਼ ਵਿਚ ਹਰ ਸਾਲ ਸਾਇੰਸ ਕਾਨਫਰੰਸ ਹੁੰਦੀ ਹੈ, 2015 ਦੀ ਵਿਗਿਆਨ ਕਾਂਗਰਸ ਵਿਚ ਆ ਕੇ ਇਕ ਵਿਗਿਆਨੀ ਨੇ ਕਿਹਾ ਕਿ ਪ੍ਰਾਚੀਨ ਕਾਲ ਵਿਚ ਭਾਰਤ ਦੇ ਕੋਲ ਅਜਿਹੇ ਹਵਾਈ ਜਹਾਜ਼ ਸਨ, ਅਜਿਹੀਆਂ ਮਿਸਾਇਲਾਂ ਸਨ ਜਿਨ੍ਹਾਂ ਵਿਚ ਗਿਅਰ ਲੱਗੇ ਹੋਏ ਸਨ ਜੋ ਇਕ ਦੀਪ ਤੋਂ ਦੂਜੇ ਦੀਪ ਤੱਕ ਜਾਂਦੇ ਸਨ। ਇਹ ਪਰਚਾ ਇਕ ਵਿਗਿਆਨੀ ਨੇ ਪੜ੍ਹਿਆ। ਜੋ ਇਸ ਸਾਲ ਵਿਗਿਆਨ ਮੇਲਾ-2015 ਹੋਇਆ ਉਸ ਵਿਚ ਵੀ ਇਕ ਵਿਗਿਆਨੀ ਜੋ ਇਕ ਆਈ. ਏ. ਐਸ ਅਫ਼ਸਰ ਵੀ ਹੈ ਜਦ ਉਹ ਆਪਣਾ ਪਰਚਾ ਪੜ੍ਹਨ ਆਇਆ ਤਾਂ ਸਭ ਤੋਂ ਪਹਿਲਾਂ ਉਸ ਨੇ ਆਪਣੇ ਝੋਲੇ ਚੋਂ ਸੰਖ ਕੱਢਿਆ ਤੇ ਸੰਖ ਨੂੰ ਮੂੰਹ ਨਾਲ ਲਾ ਕੇ ਦੋ ਮਿੰਟ ਤਕ ਬਜਾਇਆ। ਉਸ ਨੇ ਕਿਹਾ ਕਿ ਸੰਖ ਬਜਾਉਣ ਨਾਲ ਸੰਸਾਰ ਵਿਚ ਜੋ ਵੀ ਗੜਬੜੀਆਂ ਹਨ ਉਹ ਸਭ ਠੀਕ ਹੋ ਜਾਂਦੀਆਂ ਹਨ। ਇਹ ਕਿਸੇ ਪਿੰਡ ਦੇ ਸਕੂਲ ਦੀ ਗੱਲ ਨਹੀਂ ਹੈ ਇਸ ਦੇਸ਼ ਦੇ ਸਾਇੰਸਦਾਨ ਦੇ ਵਿਚਾਰ ਹਨ। ਖੁਦ ਸਾਡੇ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ ਜੋ ਗਣੇਸ਼ ਜੀ ਦੇ ਸਿਰ ਉੱਤੇ ਜੋ ਹਾਥੀ ਦਾ ਸੁੰਡ ਹੈ ਉਹ ਦਸਦਾ ਹੈ ਕਿ ਪ੍ਰਚੀਨ ਭਾਰਤ ਵਿਚ ਕੌਸਮੈਟਿਕ ਸਰਜਰੀ ਹੁੰਦੀ ਸੀ।

ਮਿੱਤਰੋ! ਪ੍ਰਾਚੀਨ ਕਾਲ ਵਿਚ ਹਿੰਦੁਸਤਾਨ ਵਿਚ ਵਿਗਿਆਨ ਬਹੁਤ ਤਰੱਕੀ ਤੇ ਸੀ। ਹਿੰਦੁਸਤਾਨ ਦੀ ਸਾਇੰਸ ਅਤੇ ਗਣਿਤ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਹੈ। ਜੀਰੋ ਦਾ ਸੰਲਕਪ ਭਾਰਤ ਦਾ ਸੱਤਾ ਹੋਇਆ ਹੈ। ਭਾਰਤ ਵਿਚ ਆਰੀਆਂ ਭੱਟ, ਭਾਸਕਰ ਆਚਾਰੀਆ ਅਤੇ ਬ੍ਰਹਮ ਗੁਪਤ ਵਰਗੇ ਮਹਾਨ ਵਿਗਿਆਨੀ ਹੋਏ ਜਿਨ੍ਹਾਂ ਦਾ ਸੰਸਾਰ ਵਿਚ ਕੋਈ ਵੀ ਸਾਨੀ ਨਹੀਂ। ਜਿਸ ਦੇਸ਼ ਦਾ ਇਤਿਹਾਸ ਵਿਗਿਆਨ ਦੇ ਖੇਤਰ ਵਿਚ ਐਨਾ ਮਹਾਨ ਹੈ ਉਸ ਦੇਸ਼ ਵਿੱਚ ਅਜਿਹੇ ਟੁੱਚੇ ਦਾਅਵੇ ਕਰਨ ਦੀ ਕੀ ਜ਼ਰੂਰਤ ਹੈ। ਸੰਯੋਗ ਦੀ ਗੱਲ ਹੈ ਕਿ ਭਾਰਤ ਦਾ ਇਹ ਸੁਨਿਹਰੀ ਇਤਿਹਾਸ ਇਨ੍ਹਾਂ (ਸੰਘੀਆਂ) ਨੇ ਨਹੀਂ ਲਿਖਿਆ। ਉਹ ਮਹਾਨ ਇਤਿਹਾਸ ਲਿਖਿਆ ਹੈ ਤਾਂ ਗੁਣਾਕਰ ਮੂਲੇ ਨੇ ਜੋ ਕਿ ਕਮਿਉਨਿਸਟ ਪਾਰਟੀ ਆਫ਼ ਇੰਡੀਆ ਦਾ ਮੈਂਬਰ ਸਨ। ਡੀ. ਡੀ. ਕੋਸਾਂਭੀ ਨੇ ਲਿਖਿਆ ਹੈ ਜੋ ਬਹੁਤ ਵੱਡੇ ਇਤਿਹਾਸਕਾਰ ਸਨ। ਇਹ ਲੋਕ ਇਸ ਤਰ੍ਹਾਂ ਦੇ ਹਾਸੋਹੀਣੇ ਦਾਅਵੇ ਕਰ ਰਹੇ ਹਨ? ਇਹ ਹਾਸੋਹੀਣੇ ਦਾਅਵੇ ਸੁਣ ਕੇ ਤੁਸੀਂ ਸਾਰੇ ਹੱਸੇ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਇਹ ਹੱਸ ਕੇ ਉਡਾਉਣ ਵਾਲੇ ਦਾਅਵੇ ਹਨ? ਕੀ ਇਨ੍ਹਾਂ ਦਾਅਵਿਆਂ ਨੂੰ ਸਾਨੂੰ ਅਖੋਂ-ਪਰੋਖੇ ਕਰ ਦੇਣਾ ਚਾਹੀਦਾ ਹੈ? ਕੀ ਸਾਨੂੰ ਇਸ ਬਾਰੇ ਨਹੀਂ ਸੋਚਣਾ ਚਾਹੀਦਾ? ਇਹ ਦਾਅਵੇ ਕਿਉਂ ਕੀਤੇ ਜਾ ਰਹੇ ਹਨ ਇਨ੍ਹਾਂ ਦਾ ਕੀ ਮਤਲਬ ਹੈ? ਮੈਂ ਇਹ ਸਮਝਦਾ ਹਾਂ ਕਿ ਇਹ ਜਿਆਦਾ ਗਹਿਰੀ ਗੱਲ ਹੈ। ਇਹ ਇਕ ਵਿਚਾਰਧਾਰਾ ਦਾ ਹਿੱਸਾ ਹਨ। ਇਹ ਉਸ ਹਿੰਦੂ ਰਾਸ਼ਟਰ ਦੇ ਨਿਰਮਾਣ ਦੀ ਤਿਆਰੀ ਦੇ, ਉਨ੍ਹਾਂ ਦੀ ਵਿਚਾਰਧਾਰਾ ਦਾ ਇਹ ਦਾਇਰਾ ਹੈ। ਕਿਉਂ, ਕਿਉਂਕਿ ਜੇ ਪ੍ਰਚੀਨ ਕਾਲ ਵਿਚ ਹਿੰਦੂ ਰਾਸ਼ਟਰਵਾਦ ਸੀ ਤਾਂ ਉਸ ਨੇ ਕੀ ਹਾਸਲ ਕਰ ਲਿਆ? ਸਾਡੀਆਂ ਉਪਲਭਧੀਆਂ ਕੀ ਸਨ? ਉਸ ਦੀਆਂ ਉਪਲਬਧੀਆਂ ਉਪਰ ਦੱਸੇ ਹਵਾਈ ਜਹਾਜ਼ ਤੇ ਕੌਸਮੈਟਿਕ ਸਰਜਰੀ ਵਾਲੀਆਂ ਗੱਲਾਂ ਹੀ ਸਨ?

ਦਯਾ ਨੰਦ ਸਰਸਵਤੀ ਦੇ ਸਤਿਆਰਥ ਪ੍ਰਕਾਸ਼ ਵਿਚ ਇਹ ਸਾਰੀਆਂ ਗੱਲਾਂ ਸਭ ਤੋਂ ਪਹਿਲਾਂ ਹਨ। ਉਨ੍ਹਾਂ ਨੇ ਕਿਹਾ ਸੀ ਕਿ ਪ੍ਰਚੀਨ ਕਾਲ ਵਿਚ ਬੰਦੂਕ ਸੀ, ਤੋਪਾਂ ਸਨ, ਤਰ੍ਹਾਂ ਤਰ੍ਹਾਂ ਦੇ ਅਸਤਰ ਸ਼ਸ਼ਤਰ ਸਨ। ਵੇਦਾਂ ਵਿਚ ਹਰ ਤਰ੍ਹਾਂ ਦਾ ਗਿਆਨ ਸੀ, ਆਉਣ ਵਾਲੀ ਦੁਨੀਆ ਦਾ ਵੀ ਗਿਆਨ ਹੈ। ਜੋ ਵੀ ਦੁਨੀਆਂ ਵਿਚ ਖੋਜ ਹੁੰਦੀ ਹੈ ਇਹ ਕਹਿ ਦਿੰਦੇ ਹਨ ਕਿ ਇਹ ਤਾਂ ਸਾਡੇ ਵੇਦਾਂ ਵਿਚ ਪਹਿਲਾਂ ਹੀ ਮੌਜੂਦ ਹੈ। ਇਸ ਲਈ ਇਰਫਾਨ ਹਬੀਬ ਸਾਹਿਬ ਨੇ ਪੁੱਛਿਆ ਕਿ ਜੋ ਖੋਜਾਂ ਹੋਣ ਵਾਲੀਆਂ ਹਨ ਉਨ੍ਹਾਂ ਚੋਂ ਵੀ ਕੋਈ ਖੋਜ ਵੇਦਾਂ ਵਿਚ ਲਿਖੀ ਗਈ ਹੈ ਕਿ ਨਹੀਂ? ਫੇਰ ਇਹ ਕੁਝ ਵੀ ਨਹੀਂ ਦਿਖਾ ਸਕੇ। ਕਿਉਂ ਨਹੀਂ ਦਿਖਾ ਸਕੇ? ਫਿਰ ਉਨ੍ਹਾਂ ਦਾ ਸਿਰਫ ਇਕੋ ਜਵਾਬ ਹੈ ਕਿ ਅਸੀਂ ਭੁੱਲ ਗਏ ਹਾਂ। ਜੋ ਗਿਆਨ ਹੈ ਉਸ ਨੂੰ ਕਿਸ ਤਰਾਂ ਡੀ-ਕੋਡ ਕਰਨਾ ਹੈ, ਉਹ ਅਸੀਂ ਭੁੱਲ ਗਏ। ਮਿੱਤਰੋ! ਇਹ ਹਿੰਦੂ ਰਾਸ਼ਟਰ ਦੀ ਕਾਬਲੀਅਤ ਦਾ ਸਬੂਤ ਹੈ ਜਾਂ ਨਾ-ਕਾਬਲੀਅਤ ਦਾ ਸਬੂਤ ਹੈ ਕਿ ਇਹ ਭੁੱਲ ਗਏ? ਇਸ ਵਿਚਾਰਧਾਰਾ ਨੇ ਅਜਿਹਾ ਅਨੁਮਾਦ ਪੈਦਾ ਕਰ ਦਿੱਤਾ ਹੈ ਕਿ ਕੋਈ ਧਰਮ ਦੀ ਗੱਲ ਨਹੀਂ ਸੁਣਨਾ ਚਾਹੁੰਦਾ ਕੋਈ ਰੈਸ਼ਨਲ ਗੱਲ ਨਹੀਂ ਸੁਣਨਾ ਚਾਹੁੰਦਾ। ਜੋ ਇਰ-ਰੈਸ਼ਨਲਿਟੀ ਫੈਲਾਈ ਜਾ ਰਹੀ ਹੈ ਉਹ ਅਰਥਚਾਰੇ ਤੋਂ ਕਿੰਨੇ ਦਿਨ ਤਕ ਅਲਗ ਰਹੇਗੀ? ਜਿਸ ਅਰਾਥਚਾਰੇ ਨੂੰ ਇਨ੍ਹਾਂ ਨੇ ਆਪਣਾ ਕਵਚ ਬਣਾ ਰੱਖਿਆ ਹੈ ਉਸ ਅਰਥਚਾਰੇ ਨਾਲ ਵੀ ਇਨ੍ਹਾਂ ਦਾ ਕੀ ਸੰਬੰਧ ਹੈ? ਮਿੱਤਰੋ ਇਹ ਅਨੁਮਾਦ ਕਿਸ ਤਰਾਂ ਸਾਨੂੰ ਹੋ ਰਹੀਆਂ ਗੜਬੜਾਂ ਨੂੰ ਸਮਝਣ ਨਹੀਂ ਦਿੰਦਾ ਇਸ ਦੀ ਇਕ ਉਦਾਹਰਣ ਦਿੰਦਾ ਹਾਂ।

**ਗਊ ਮਾਸ ਦੀ ਗੱਲ** – ਗਊ-ਮਾਸ ਨੂੰ ਲੈ ਕੇ ਉਸ ਦੇ ਸ਼ੱਕ ਵਿਚ ਹੀ, ਐਨੀ ਮਾਰ-ਕੁਟਾਈ ਹੋਈ, ਐਨੇ ਲੋਕਾਂ ਨੂੰ ਬੇ-ਇੱਜ਼ਤ ਕੀਤਾ ਗਿਆ ਤੇ ਹਾਲੇ ਵੀ ਕੀਤਾ ਜਾ ਰਿਹਾ ਹੈ। ਜਿਨ੍ਹਾਂ ਕੋਲ ਗਊ-ਮਾਸ ਦਾ ਵਾਜਵ ਲਾਇਸੈਂਸ ਸੀ, ਮਾਸ ਇਕ ਥਾਂ ਤੋਂ ਦੂਜੇ ਥਾਂ ਲਿਆਉਣ ਲਿਜਾਣ ਦਾ ਪਰਮਟ ਵੀ ਸੀ, ਉਹ ਵੀ ਅਪਣੇ ਲਾਇਸੈਂਸਾਂ ਦੇ ਬਾਵਜੂਦ ਅਪਣੇ ਟਰੱਕ ਰੋਕ ਕੇ ਖੜੇ ਹੋ ਗਏ ਕਿ ਉਨ੍ਹਾਂ ਨੂੰ ਮਾਰ ਨਾ ਪਵੇ, ਕਿਸੇ ਸ਼ੱਕ ਵਿਚ ਉਹ ਮੁਸ਼ਕਲ ਵਿਚ ਨਾ ਪੈਣ ਤੇ ਮਾਰੇ ਹੀ ਨਾ ਜਾਣ। ਲੋਕਾਂ ਵਿੱਚ ਐਨਾ ਡਰ ਤੇ ਸਹਿਮ ਪੈਦਾ ਹੋ ਚੁੱਕਿਆ ਹੈ। ਇਸ ਬਾਰੇ ਕੁਝ ਅੰਕੜੇ ਵੀ ਦੇਖ ਲਉ। ਸਾਰਿਆਂ ਤੋਂ ਪਹਿਲਾਂ ਮੈਂ ਤੁਹਾਨੂੰ ਦਯਾ ਨੰਦ ਦੀ ਗੱਲ ਦੱਸ ਦੇਵਾਂ ਕਿ ਉਸ ਦੇ ਫੰਡਾਮੈਂਟਲਿਸਟ ਹੋਣ ਦੇ ਬਾਵਜੂਦ ਸਤਿਆਰਥ ਪ੍ਰਕਾਸ਼ ਵਿੱਚ ਉਸ ਨੇ ਕਿਸੇ ਥਾਂ ਨਹੀਂ ਲਿਖਿਆ ਕਿ ਗਾਂ ਸਾਡੀ ਮਾਂ ਹੈ ਜਾਂ ਗਾਂ ਇਕ ਪਵਿੱਤਰ ਪਸ਼ੂ ਹੈ। ਦਯਾ ਨੰਦ ਨੇ ਸਾਰੇ ਹੀ ਪਸ਼ੂਆਂ ਨੂੰ ਸਮਾਨ ਰੂਪ ਵਿਚ ਮੰਨਿਆ ਹੈ ਤੇ ਕਿਹਾ ਹੈ ਕਿ ਜੇ ਇਨ੍ਹਾਂ ਦੀ ਰੱਖਿਆ ਹੋਣੀ ਚਾਹੀਦੀ ਹੈ ਜਾਂ ਉਪਯੋਗ ਹੋਣਾ ਚਾਹੀਦਾ ਹੈ ਤਾਂ ਸਾਰੇ ਹੀ ਪਸ਼ੂਆਂ ਦਾ ਹੋਣਾ ਚਾਹੀਦਾ ਹੈ ਕਿਉਂਕਿ ਇਹ ਸਾਡੇ ਅਰਥਚਾਰੇ ਦੇ ਲਈ ਜ਼ਰੂਰੀ ਤੇ ਲਾਭਦਾਇਕ ਹੈ। ਇਹ ਉਸ ਦਾ ਰੈਸ਼ਨਲ ਦ੍ਰਿਸ਼ਟੀਕੋਣ ਹੈ। ਲੇਕਿਨ ਅੱਜ ਉਹ ਅਰਥਚਾਰਾ ਨਹੀਂ ਹੈ ਜੋ ਉਨੀਂਵੀਂ ਸਦੀ ਵਿਚ ਸੀ। ਅੱਜ ਬ਼ਲ਼ਦ ਨਾ਼ਲ ਹੱਲ ਚਲਾਉਣ ਦੀ ਲੋੜ ਨਹੀਂ ਹੈ, ਸਾਰੀ ਥਾਂ ਮਸ਼ੀਨਾਂ ਨੇ ਲੈ ਲਈ ਹੈ ਇਥੋਂ ਤਕ ਕਿ ਆਦਿਵਾਸੀ ਇਲਾਕਿਆਂ ਵਿਚ ਵੀ ਮਸ਼ੀਨਾਂ ਤੇ ਟਰੈਕਟਰ ਪੁੱਜ ਗਏ ਹਨ। ਅੱਜ ਜਾਨਵਾਰਾਂ ਦਾ ਮਾਸ ਚਾਹੇ ਉਹ ਗਊ-ਮਾਸ ਹੋਵੇ ਜਾਂ ਦੂਜੇ ਜਾਨਵਰਾਂ ਦਾ ਇਹ ਸਾਡੇ ਅਰਥਚਾਰੇ ਲਈ ਬਹੁਤ ਮਹੱਤਵਪੂਰਣ ਬਣ ਗਿਆ ਹੈ। ਹਿੰਦੁਸਤਾਨ ਵਿਚ ਬੀਫ ਤੇ ਮੀਟ ਦਾ 33,128 ਕਰੋੜ ਰੁਪਏ ਦੀ ਦਰਾਮਦ ਹਰ ਸਾਲ ਹੋ ਰਹੀ ਹੈ। ਇਸ ਵਿਚ ਮੱਝ ਦਾ ਮਾਸ ਸਿਰਫ਼ 29,283 ਕਰੋੜ ਰੁਪਏ ਦਾ ਹੈ। ਦੁਨੀਆਂ ਵਿਚ ਬੀਫ ਦੇ ਤਿੰਨ ਵੱਡੇ ਨਿਰਿਯਾਤਕ ਹਨ ਭਾਰਤ, ਬ੍ਰਾਜ਼ੀਲ ਅਤੇ ਆਸਟਰੇਲੀਆ। ਪਿਛਲੇ ਡੇਡ ਸਾਲ ਵਿਚ ਭਾਰਤ ਇਨ੍ਹਾਂ ਵਿਚੋਂ ਨੰਬਰ ਇਕ ਤੇ ਆ ਗਿਆ ਹੈ। ਭਾਰਤ ਵਿਚ ਚਮੜੇ ਦਾ ਸਲਾਨਾ ਉਤਪਾਦਨ 12 ਬੀਲੀਅਨ ਡਾਲਰ ਹੈ। ਚੀਨ ਤੋਂ ਬਾਅਦ ਭਾਰਤ ਸੰਸਾਰ ਵਿਚ ਜੁੱਤੀਆਂ ਬਣਾਉਣ ਵਾਲਾ ਤੇ ਨਿਰਿਯਾਤ ਕਰਨ ਵਾਲਾ ਸਭ ਤੋਂ ਵੱਡਾ ਦੇਸ਼ ਹੈ। ਇਸ ਵਿਚ 25 ਲੱਖ ਮਜ਼ਦੂਰ ਕੰਮ ਕਰਦੇ ਹਨ ਜਿਨ੍ਹਾਂ ਚੋਂ ਜਿਆਦਾਤਰ ਸਾਡੇ ਦੇਸ਼ ਦੇ ਦਲਿਤ ਹਨ। ਗੱਲ ਇਥੇ ਹੀ ਖ਼ਤਮ ਨਹੀਂ ਹੋ ਜਾਂਦੀ, ਗਾਂ ਦੇ ਮਾਸ, ਚਮੜੇ ਤੇ ਪੂੰਛ ਤੋਂ, ਉਸ ਦੇ ਬਾਲਾਂ ਤੋਂ ਤੇ ਉਸ ਦੀਆਂ ਹੱਡੀਆਂ ਤੋਂ ਅਨੇਕਾਂ ਤਰ੍ਹਾਂ ਦਾ ਆਰਥਿਕ ਮਦਦ ਦੇਣ ਵਾਲਾ ਸਮਾਨ ਬਣਦਾ ਹੈ। ਗਾਂ ਦੇ ਅੱਡ ਅੱਡ ਅੰਗਾਂ ਤੋਂ ਚਮੜੇ ਤੋਂ ਇਲਾਵਾ, ਜੁਤੀਆਂ, ਆਇਸਕਰੀਮ, ਚਮੜੀ ਤੇ ਲਾਉਣ ਵਾਲੀ ਕਰੀਮ, ਜੈਲਿਟਨ, ਚਿੰਗਮ, ਸਾਬਣ ਦੀ ਚਰਬੀ, ਮਟਨ, ਬੋਨਚਾਇਨਾ, ਪਿਆਨੋ ਦੇ ਬਟਣ, ਖੱਲ, ਫੋਟੋਗਰਾਫੀ ਦੀਆਂ ਫਿਲਮਾਂ, ਵਾਲ-ਪੇਪਰ, ਸੈਂਟ ਪੇਪਰ, ਕੰਘੀ, ਟੁੱਥ-ਬਰਸ਼, ਵਾਇਲਨ ਦੇ ਤਾਰ ਅਤੇ ਇਨ੍ਹਾਂ ਤੋਂ ਇਲਾਵਾ 100 ਤਰਾਂ ਦੀਆਂ ਦਵਾਈਆਂ ਦਾ ਨਿਰਮਾਣ ਵੀ ਗਾਂ ਦੇ ਅੰਗਾਂ ਦਾ ਇਸਤੇਮਾਲ ਕਰਕੇ ਹੀ ਹੁੰਦਾ ਹੈ। ਇਹ ਹੈ ਸਾਡੀ ਗਾਂ ਦਾ ਅਰਥਚਾਰਾ; ਗਾਂ ਸਾਡੀ ਮਾਂ ਹੈ, ਭੈਣ ਹੈ ਜਾਂ ਭਾਈ ਹੈ ਇਹ ਅਸੀਂ ਸੋਚਣਾ ਹੈ। ਸਾਨੂੰ ਇਸ ਦੇ ਬਾਰੇ ਵਿਚ ਰੈਸ਼ਨਲ ਢੰਗ ਨਾਲ ਸੋਚਣਾ ਪਵੇਗਾ। ਲੋਕਾਂ ਦੇ ਵਿਚ ਜੋ ਲੋਕਾਂ ਦੇ ਵਰਤਣ ਵਾਲੀਆਂ ਗੱਲਾਂ ਉਤੇ ਜੋ ਅਨੁਮਾਦ ਗਾਂ ਮਾਸ ਬਾਰੇ ਫੈਲਾਇਆ ਜਾ ਰਿਹਾ ਹੈ ਉਹ ਬਹੁਤ ਗ਼ਲਤ ਹੈ ਤੇ ਦੂਜੇ ਪਾਸੇ ਇਹੋ ਸਰਕਾਰ ਗਾਂ ਮਾਸ ਦੇ ਬਾਰੇ ਕੀ ਕਰਦੀ ਹੈ ਉਸ ਦੀਆਂ ਉਦਾਹਰਣਾਂ ਤੇ ਅੰਕੜੇ ਵੀ ਦੇਖ ਲਵੋ। ਕੇ. ਸੀ ਤਿਆਗੀ ਸਾਡੇ ਸੰਸਦ ਮੈਂਬਰ ਹਨ ਉਨ੍ਹਾਂ ਨੇ ਪਾਰਲੀਮੈਂਟ ਵਿਚ 25 ਦਸੰਬਰ ਨੂੰ ਸਵਾਲ ਉਠਾਇਆ ਤੇ ਦੱਸਿਆ ਕਿ ਪਿਛਲੇ ਡੇਢ ਸਾਲ ਵਿਚ ਭਾਰਤ ਗਾਂ ਦੇ ਮਾਸ ਦੇ ਨਿਰਿਆਤ ਵਿਚ ਦੁਨੀਆਂ ਭਰ ਵਿਚ ਪਹਿਲੇ ਥਾਂ ਉੱਤੇ ਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਭਾਰਤ ਵਿਚ ਗਾਂ ਦੇ ਮਾਸ ਦੇ ਨਿਰਿਯਾਂਤ ਉੱਤੇ ਪਿਛਲੇ 32 ਸਾਲਾਂ ਤੋਂ ਕਾਂਗਰਸ ਦੇ ਲਗਾਤਾਰ ਰਾਜ ਕਾਲ ਤੋਂ ਹੀ ਕੁਝ ਬੰਦਸ਼ਾਂ ਗਾਂ ਦੇ ਮਾਸ ਦੇ ਨਿਰਿਯਆਤ ਉੱਤੇ ਲਗੀਆਂ ਹੋਈਆਂ ਸਨ ਜੋ ਕਿ ਮੋਦੀ ਸਰਕਾਰ ਨੇ ਆਉਂਦੇ ਹੀ ਉਹ ਬੰਦਸ਼ਾਂ ਨੂੰ ਹਟਾ ਦਿੱਤਾ ਹੈ, ਜਿਸ ਕਾਰਣ ਹੀ ਬੀਫ ਨਿਰਿਯਾਤ ਕਰਨ ਲਈ ਭਾਰਤ ਦੁਨੀਆਂ ਦੇ ਵਿਚ ਪਹਿਲੇ ਨੰਬਰ ਉੱਤੇ ਆ ਗਿਆ ਹੈ।

ਮੁਜ਼ੱਫਰਪੁਰ ਉੱਤਰ ਪ੍ਰਦੇਸ਼ ਦੇ ਵਿੱਚ ਬੀ. ਜੇ. ਪੀ. ਦੇ ਸਾਂਸਦ ਹਨ ਸੋਮ ਸੰਗੀਤ, ਇਹ ਜਨਾਬ ਮਸ਼ਹੂਰ ਹੋਏ ਕਿਉਂ ਕਿ ਮੁਜ਼ੱਫਰਪੁਰ ਦੰਗਿਆਂ ਦੇ ਇਹ ਦੋਸ਼ੀ ਹਨ ਤੇ ਇਸ ਦੇ ਉੱਤੇ ਐਫ਼ ਆਈ. ਆਰ. ਦਰਜ ਕੀਤੀ ਗਈ ਸੀ। ਦਾਦਰੀ ਵਿਚ ਜਦ ਬਿਸਾਡਾ ਪਿੰਡ ਵਿਚ ਇਖ਼ਲਾਕ ਦੀ ਗਾਂ ਦੇ ਮਾਸ ਦੇ ਸ਼ੱਕ ਵਿਚ ਹੱਤਿਆ ਕਰ ਦਿੱਤੀ ਗਈ ਤਾਂ ਇਹ ਸੋਮ ਸੰਗੀਤ ਉੱਥੇ ਪਹੁੰਚ

(ਬਾਕੀ ਸਫਾ 18 'ਤੇ)

# ਗੁਰਦੁਆਰਾ ਅੰਮ੍ਰਿਤ ਦਰਬਾਰ ਰੋਜ਼ਵਿਲ ਵਿਖੇ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਐਪ ਦਾ ਉਦਘਾਟਨ



























ਰਿਪੋਰਟ ਅਤੇ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

# ਗੁਰਦੁਆਰਾ ਅਮ੍ਰਿਤ ਦਰਬਾਰ ਰੋਜ਼ਵਿਲ ਵਿਖੇ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਐਪ ਦਾ ਉਦਘਾਟਨ









**ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।** ਇਹਨਾਂ ਪੰਜ ਤੱਤਾਂ ਤੋਂ ਇਨਸਾਨ ਨਹੀਂ ਬਚ ਸਕਿਆ, ਜੋ ਬਚ ਸਕਿਆ ਉਹ ਉੱਤਮ, ਸਰਵ ਉੱਤਮ ਇਨਸਾਨ ਕਹਿਲਾਇਆ। ਭਾਵ ਉਹ ਰੁਤਬਾ ਸੰਤ ਭਗਤ, ਗੁਰੂ ਸਾਹਿਬਾਨ ਪਾ ਸਕੇ। ਗੁਰੂ ਸਾਹਿਬਾਨ ਵੱਲੋਂ ਇਹਨਾਂ ਪੰਜਾਂ ਦੂਤਾਂ ਤੋਂ ਬਚਣ ਦਾ ਸੰਦੇਸ਼ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਤੋਂ ਬਚਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਰਾਗ ਆਸਾ ਬਾਣੀ ਭਗਤਾ ਕੀ 'ਚ ਸਤਿਗੁਰੂ ਰਵਿਦਾਸ ਜੀ ਨੇ ਫੁਰਮਾਇਆ ਹੈ ਕਿ:

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧ ॥
ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥ ਰਹਾਉ॥

ਉਪਰੋਕਤ ਪੂਰੇ ਸ਼ਬਦ 'ਚ ਸਤਿਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਮ੍ਰਿਗ (ਹਿਰਨ(, ਮੀਨ (ਮੱਛੀ), ਭ੍ਰਿਗ (ਭੌਰਾ), ਪਤੰਗ (ਭੰਬਟ) ਕੁੰਚਰ (ਹਾਥੀ) ਇਹ ਸਭ ਮਨੁੱਖ ਨੂੰ ਛੱਡ ਕੇ ਸਭ ਤ੍ਰਿਗਦ ਜੂਨ ਵਿਚ ਗਿਣੇ ਜਾਂਦੇ ਹਨ ਅਤੇ ਇਹਨਾਂ ਸਾਰਿਆਂ 'ਚ ਇਕ-ਇਕ ਵਿਕਾਰ ਹੈ, ਜਿਵੇਂ ਕਿ ਹਿਰਨ ਨੂੰ ਘੰਡੇ ਦਾ ਨਾਦ ਸੁਣਨ ਦਾ ਰਸ (ਕੰਨ ਰਸ), ਮੱਛੀ ਨੂੰ ਜੀਭ ਦਾ ਸੁਆਦ (ਜੀਭ ਰਸ), ਭੌਰੇ ਨੂੰ ਫੁੱਲ ਸੁੰਘਣ ਦਾ ਰਸ (ਨੱਕ ਰਸ), ਭੰਬਟ ਦਾ ਦੀਵੇ ਦੀ ਲੋਅ 'ਤੇ ਸੜ ਮਰਨਾ (ਅੱਖ ਰਸ) ਅਤੇ ਹਾਥੀ ਨੂੰ ਕਾਮ ਵਾਸਨਾ (ਕਾਮ ਰਸ) ਜੋ ਕਿ ਇਕ-ਇਕ ਰੋਗ ਨਾਲ ਗ੍ਰਸਿਥ (ਅੰਨ੍ਹੇ ਹਨ) ਪਰ ਗੁਰੂ ਜੀ ਅੱਗੇ ਫ਼ਰਮਾਉਂਦੇ ਹਨ, ਇਹ ਜੀਵ ਇਕ ਇਕ ਵਿਕਾਰ 'ਚੋਂ ਨਹੀਂ ਨਿਕਲ ਪਾ ਰਹੇ ਪਰ ਮਨੁੱਖ ਨੂੰ ਤਾਂ ਅਜਿਹੇ ਪੰਜ ਵਿਕਾਰਾਂ ਨੇ ਘੇਰਿਆ ਹੋਇਆ ਹੈ, ਉਹ ਕਿਵੇਂ ਇਹਨਾਂ ਪੰਜਾਂ ਵਿਕਾਰਾਂ ਤੋਂ ਛੁਟਕਾਰਾ ਪਾ ਸਕਣਗੇ?

ਇਸੇ ਸ਼ਬਦ 'ਚ ਗੁਰੂ ਜੀ ਇਹ ਵੀ ਸਪਸ਼ਟ ਕਰਦੇ ਹਨ ਕਿ ਮਨੁੱਖ ਦਾ ਜਨਮ ਇਕ ਅਵਤਾਰ ਦੀ ਤਰ੍ਹਾਂ ਹੋਇਆ ਹੈ, ਭਾਵ ਮਨੁੱਖਾ ਜਨਮ ਦੁਲਭ ਹੈ। ਜਨਮ ਵਕਤ ਉਸ ਨੂੰ ਅਜਿਹਾ ਇਕ ਵੀ ਵਿਕਾਰ ਨਹੀਂ ਹੁੰਦਾ ਹੈ ਉਸ ਅੰਦਰ ਉਹ ਸਾਰੇ ਗੁਣ ਮੌਜੂਦ ਹੁੰਦੇ ਹਨ ਜੋ ਇਕ ਬ੍ਰਹਮ ਗਿਆਨੀ 'ਚ ਹੁੰਦੇ ਹਨ ਪਰ ਅਗਿਆਨੀ ਮਨੁੱਖ ਇਹਨਾਂ ਪੰਜਾਂ ਵਿਕਾਰਾਂ ਦਾ ਸੰਗ ਕਰਕੇ ਆਪਣੇ ਜੀਵਨ ਨੂੰ ਨਰਕ ਬਣਾ ਲੈਂਦਾ ਹੈ, ਆਪਣੀ ਬੁੱਧੀ ਚੰਗੇ ਪਾਸੇ ਲਗਾ ਕੇ ਜੀਵਨ ਦਾ ਵਿਕਾਸ ਨਹੀਂ ਕਰਦਾ, ਜਿਸ ਮਕਸਦ ਲਈ ਉਹ ਇਸ ਜਾਮੇ 'ਚ ਇਸ ਸੰਸਾਰ 'ਚ ਆਉਂਦਾ ਹੈ।

ਅਜਿਹੇ ਵਿਕਾਰਾਂ ਕਾਰਨ ਮਨੁੱਖ, ਮਨੁੱਖ ਨਾਲ ਦਵੈਸ਼ ਭਾਵਨਾ ਨਾਲ ਲੜ ਰਿਹਾ ਹੈ ਅਤੇ ਉਪਰੋਕਤ ਵਿਕਾਰਾਂ ਨੂੰ ਮਾਰਨ ਦੀ ਬਜਾਏ ਉਹਨਾਂ ਨੂੰ ਮਜ਼ਬੂਤ ਕਰਨ ਲਈ ਪੱਠੇ ਪਾ ਰਿਹਾ ਹੈ। ਇੱਥੋਂ ਤੱਕ ਕਿ ਜਿੱਥੇ ਸ਼ਾਂਤੀ ਦੀ ਤਲਾਸ਼ 'ਚ ਜਾਂਦਾ ਹੈ, ਉਥੇ ਵੀ ਲੜੀ ਜਾ ਰਿਹਾ ਹੈ। ਕਈ ਅਜਿਹੀਆਂ ਘਟਨਾਵਾਂ ਘਟਣ ਨਾਲ ਕੋਈ ਗੁਰ ਦਾ ਸੂਝਵਾਨ ਸੇਵਕ ਚੰਗੇ ਕੰਮਾਂ ਲਈ ਵੀ ਲਾਹਾ ਉਠਾ ਲੈਂਦਾ ਹੈ। ਅਜਿਹਾ ਹੀ ਕੈਨੇਡਾ 'ਚ ਸਰੀ ਗੁਰੂ ਘਰ ਵਿਖੇ ਹੋਇਆ। ਇਸ ਘਟਨਾ ਨੇ ਦਿੱਲ ਸੰਧੂ (ਸੁਖਵਿਦਰ ਸਿੰਘ ਸੰਧੂ) ਨੂੰ ਝੰਜੋੜ ਕੇ ਰੱਖ ਦਿੱਤਾ। ਇਹ ਵਾਕਿਆ ਜਿੱਥੇ ਇਕ ਅਜੀਬੋ-ਗਰੀਬ ਸੀ, ਉਥੇ ਬੜਾ ਦਿਲਚਸਪ ਤੇ ਜਨ-ਹਿੱਤ ਦੇ ਫਾਇਦੇਮੰਦ ਸਾਬਤ ਵੀ ਹੋਇਆ। ਆਓ ਦੇਖੀਏ ਇਸ ਘਟਨਾ ਨੇ ਦਿਲ ਸੰਧੂ ਦੇ ਜੀਵਨ 'ਤੇ ਕੀ ਅਸਰ ਪਾਇਆ। ਦਿਲ ਸੰਧੂ ਦੀ ਆਪਣੀ ਜ਼ੁਬਾਨੀ 22 ਜੁਲਾਈ 2017 ਦਿਨ ਸ਼ਨਿਚਰਵਾਰ ਨੂੰ ਗੁਰਦੁਆਰਾ ਅਮ੍ਰਿਤ ਦਰਬਾਰ 1052 ਮੇਲੋਡੀ ਲੇਨ ਰੋਜ਼ਵਿਲ (ਕੈਲੇਫੋਰਨੀਆ) ਜਾਨਣ ਦੀ ਕੋਸ਼ਿਸ਼।

ਉਪਰੋਕਤ ਗੁਰੂ ਘਰ 22 ਜੁਲਾਈ ਦਿਨ ਸ਼ਨਿਚਰਵਾਰ ਨੂੰ ਇਕੱਤਰ ਹੋਣ ਦਾ ਮੁੱਖ ਮਕਸਦ ਸੀ ਕੈਨੇਡਾ ਦੇ ਸਰੀ ਸ਼ਹਿਰ ਤੋਂ ਸ਼ੁਰੂ ਹੋਈ ਖਾਲਸਾ ਲਾਇਬ੍ਰੇਰੀ ਦੀ ਖਾਲਸਾ ਡਿਜ਼ੀਟਲ ਲਾਇਬ੍ਰੇਰੀ (ਕੇ. ਡੀ. ਐਲ.) ਦੀ ਐਪ ਦੀ ਜਾਣਕਾਰੀ ਮੁਹੱਈਆ ਕਰਾਉਣਾ ਤੇ ਸੰਗਤ ਨੂੰ ਇਸ ਵਿਚ ਵੱਧ ਤੋਂ ਵੱਧ ਸਹਿਯੋਗ ਕਰਨਾ ਆਦਿ। ਖਾਲਸਾ ਡਿਜ਼ੀਟਲ ਲਾਇਬ੍ਰੇਰੀ ਦੇ ਕਰਤਾ ਸੁਖਵਿੰਦਰ ਸਿੰਘ ਸੰਧੂ (ਦਿਲ ਸੰਧੂ), ਤੀਰਥ ਸਿੰਘ ਅਤੇ ਬੀਬੀ ਬਲਜਿੰਦਰ ਕੌਰ ਜੀ, ਜੋ ਰੇਡੀਓ ਪੰਜਾਬ ਵੱਲੋਂ ਵੀ ਨੁਮਾਇੰਦਗੀ ਕਰਦੇ ਹਨ, ਨੇ ਸ਼ਿਰਕਤ ਕੀਤੀ। ਗੁਰੂ ਘਰ ਦੇ ਪ੍ਰੋਗਰਾਮ ਨੂੰ ਕਥਾਵਾਚਕ ਭਾਈ ਸਾਹਿਬ ਭਾਈ ਬਲਵੀਰ ਸਿੰਘ ਜੀ ਨੇ ਕਥਾ ਅਤੇ ਬਾਬਾ ਗੁਰਬਚਨ ਸਿੰਘ ਜੀ ਤੇ ਉਹਨਾਂ ਦੇ ਸਾਥੀ ਜਥੇ ਨੇ ਬਹੁਤ ਰਸਭਿੰਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਸੇਵਾ ਜਸਵੀਰ ਸਿੰਘ ਸਿੱਧੂ ਤੇ ਬੀਬੀ ਬਲਜਿੰਦਰ ਕੌਰ ਜੀ ਨੇ ਬਾਖੂਬੀ ਨਾਲ ਨਿਭਾਈ।

ਸ਼ੁਰੂ 'ਚ ਬਲਜਿੰਦਰ ਕੌਰ ਜੀ ਨੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕੀਤਾ, ਖਾਸ ਕਰਕੇ ਕੇਨੀ ਵਿਰਕ, ਮਨਜੀਤ ਸਿੰਘ, ਅਮਰਦੀਪ ਸਿੰਘ ਭੰਗੂ, ਉਂਕਾਰ ਸਿੰਘ ਬਡਵਾਲ, ਕੁਲਦੀਪ ਸਿੰਘ ਸੰਧੂ, ਬਲਵੀਰ ਸਿੰਘ ਸੰਧੂ, ਗੁਰਚਰਨ ਖਹਿਰਾ, ਹਰਭਜਨ ਸਿੰਘ, ਡਾ. ਹਰਬੰਸ ਸਿੰਘ ਸਰਾਓ, ਗੁਰੀ ਕੰਗ, ਦਿਲ ਨਿੱਜਰ, ਸੁਖਪਾਲ ਭੰਗੂ ਆਦਿ ਜਿਹਨਾਂ ਨੇ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਦੀ ਟੀਮ ਨੂੰ ਦਿਲੀ ਨਿੱਘਾ ਸੱਦਾ ਦਿੱਤਾ।

**ਬੀਬੀ ਬਲਜਿੰਦਰ ਕੌਰ** ਜੀ ਨੇ ਖਾਲਸਾ ਡਿਜ਼ੀਟਲ ਲਾਇਬ੍ਰੇਰੀ (ਕੇ. ਡੀ. ਐਲ.), ਸੁਖਵਿੰਦਰ ਸਿੰਘ ਸੰਧੂ (ਦਿਲ ਸੰਧੂ) ਅਤੇ ਤੀਰਥ ਸਿੰਘ ਬਾਰੇ ਸਾਰੀ ਜਾਣਕਾਰੀ ਮੁਹ-ੱਈਆ ਕਰਾਉਣ ਉਪਰੰਤ ਤੀਰਥ ਸਿੰਘ ਨੂੰ ਲਾਇਬ੍ਰੇਰੀ ਬਾਰੇ ਦੋ ਸ਼ਬਦ ਰੱਖਣ ਲਈ ਅਰਜ਼ ਕੀਤੀ। ਤੀਰਥ ਸਿਘ ਨੇ ਖਾਲਸਾ ਲਾਇਬ੍ਰੇਰੀ ਤੇ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਦਾ ਮੁੱਖ ਕਰਤਾ ਸੁਖਵਿੰਦਰ ਸਿੰਘ ਸੰਧੂ ਹੈ ਤੇ ਸਾਡੀ ਸਭ ਦੀ ਪੂਰੀ ਕੋਸ਼ਿਸ਼ ਹੈ ਕਿ ਅਸੀਂ ਕੇ. ਡੀ. ਐਲ. ਰਾਹੀਂ ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਸਭਿਆਚਾਰ, ਸਿੱਖ ਲਿਟਰੇਚਰ, ਸਿੱਖ ਸਾਹਿਤ ਆਦਿ ਆਪਣੀ ਨਵੀਂ ਪੀੜ੍ਹੀ ਅਤੇ ਹੋਰਨਾਂ ਕਮਿਊਨਿਟੀਆਂ ਤੱਕ ਜਾਗਰੂਕਤਾ ਪਹੁੰਚਾ ਸਕੀਏ। ਸਾਡਾ ਇਹ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਪ੍ਰਾਜੈਕਟ ਸਿੱਖ ਧਰਮ ਪ੍ਰਤੀ ਜਾਣਕਾਰੀ ਵਿਸ਼ਵ ਪੱਧਰ ਤੱਕ ਪਹੁੰਚਾਉਣ ਲਈ ਇਕ ਛੋਟਾ ਜਿਹਾ ਉਪਰਾਲਾ ਹੈ ਪਰ ਇਸ ਯੁੱਗ ਵਿਚ ਸਮੇਂ ਅਨੁਸਾਰ ਇਹ ਇਕ ਵਧੀਆ ਤਰੀਕਾ ਹੈ ਕਿ ਅਸੀਂ ਆਪਣੇ ਧਰਮ ਦੀ ਜਾਣਕਾਰੀ ਦਾ ਪਸਾਰ ਵਿਸ਼ਵ ਪੱਧਰ ਤੱਕ ਕਰ ਸਕੀਏ। ਇੱਥੇ ਇਹ ਵਰਣਨਯੋਗ ਹੈ ਕਿ ਤੀਰਥ ਸਿੰਘ ਜੀ ਕੇ. ਡੀ. ਐਲ. ਦੇ ਟੈਕਨੀਕਲ ਮਾਹਿਰ ਹਨ।

**ਸੁਖਵਿੰਦਰ ਸਿੰਘ ਸੰਧੂ** (ਦਿਲ ਸੰਧੂ) ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਮੇਰਾ ਪਿਛਲਾ ਪਿੰਡ ਮਾਲੜੀ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਹੈ ਤੇ ਜਦੋਂ ਮੈਂ 6ਵੀਂ ਕਲਾਸ ਵਿਚ ਸੀ ਤਾਂ ਸਾਡੇ ਪਿੰਡ ਡਾਕਟਰ ਸਾਹਿਬ ਆਏ, ਜਿਹਨਾਂ ਦਾ ਨਾਂ ਦਲੀਪ ਸਿੰਘ ਸੀ। ਉਹਨਾਂ ਸਾਨੂੰ ਕਿਤਾਬਾਂ ਪੜ੍ਹਨ ਨੂੰ ਦੇਣੀਆਂ, ਅਸੀਂ ਪੜ੍ਹਨੀਆਂ ਫਿਰ ਉਹਨਾਂ ਸਾਥੋਂ ਕੀ ਪੜ੍ਹਿਆ, ਉਸ ਬਾਰੇ ਪੁੱਛਣਾ ਤੇ ਸਾਡੀ ਹੌਸਲਾ ਅਫਜ਼ਾਈ ਲਈ ਸਾਨੂੰ ਪੈਨ, ਪੈਨਸਿਲਾਂ ਇਨਾਮ ਵਜੋਂ ਦੇਣੀਆਂ। ਡਾਕਟਰ ਸਾਹਿਬ ਨੇ ਸਾਨੂੰ ਜਪੁਜੀ ਸਾਹਿਬ ਦਾ ਪਾਠ ਪੜ੍ਹਾਇਆ। ਮੈਨੂੰ ਉਹਨਾਂ ਦੀ ਸੰਗਤ 'ਚ ਪੰਜ ਸਾਲ ਰਹਿਣ ਦਾ ਮੌਕਾ ਮਿਲਿਆ ਅਤੇ ਉਹਨਾਂ ਤੋਂ ਬੜਾ ਕੁਝ ਸਿੱਖਿਆ।

**ਫਿਰ ਭਰ ਜਵਾਨੀ 'ਚ ਮੈਂ ਕੈਨੇਡਾ ਆ ਗਿਆ** ਤੇ ਇੱਥੇ ਆ ਕੇ ਇੱਥੋਂ ਦੀ ਭੱਜ-ਦੌੜ 'ਚ ਸਭ ਬਿਖਰ ਗਿਆ। ਇਸ ਭੱਜ-ਦੌੜ ਦੇ ਹੁੰਦਿਆਂ ਗੁਰਦੁਆਰਾ ਸਾਹਿਬ ਵੀ ਜਾਂਦੇ ਰਹਿਣਾ। ਇਕ ਦਿਨ ਇੱਥੋਂ ਦੇ ਇਕ ਗੁਰਦੁਆਰਾ ਸਾਹਿਬ 'ਚ ਲੜਾਈ ਹੋ ਗਈ। ਮੈਂ ਉਥੇ ਬੈਠਾ ਸੀ ਤੇ ਦੇਖਿਆ ਕਿ ਇਹ ਲੜਾਈ ਦਾ ਕਾਰਨ ਸੀ ਕਿ ਟੇਬਲ-ਚੇਅਰ ਭਾਵ ਕੁਰਸੀਆਂ ਤੇ ਬਹਿਣਾ ਜਾਂ ਭੁੰਜੇ। ਉਹਨਾਂ ਦਿਨਾਂ 'ਚ ਹੀ ਮੇਰਾ ਪੰਜਾਬ ਆਉਣਾ ਹੋ ਗਿਆ ਤੇ ਪਿੰਡ ਮਾਲੜੀ ਜਾ ਕੇ ਮੈਂ ਭਾਈ ਦਲੀਪ ਸਿੰਘ ਜੀ ਕੋਲ ਬੈਠਿਆ ਤੇ ਇਸ ਘਟਨਾ ਬਾਰੇ ਦੱਸਿਆ ਤਾਂ ਭਾਈ ਸਾਹਿਬ ਨੇ ਕਿਹਾ ਕਿ ਲੋੜ ਸਿੱਖਿਆ ਦੀ ਹੈ। ਬੱਸ ਫਿਰ ਕੀ, ਉਸ ਦਿਨ ਹੀ ਇਕ ਖਾਲਸਾ ਲਾਇਬ੍ਰੇਰੀ ਬਣਾਉਣ ਦੀ ਸੋਚ ਨੇ ਜਨਮ ਲਿਆ। ਫਿਰ ਕੀ, ਕੱਪੜਿਆਂ ਨਾਲ ਭਰਿਆ ਟਰੰਕ ਮੈਂ ਖਾਲੀ ਕਰਕੇ ਕਿਤਾਬਾਂ ਨਾਲ ਭਰ ਕੇ ਵਾਪਸ ਕੈਨੇਡਾ ਆ ਗਿਆ।

ਉਹਨਾਂ ਦਿਨਾਂ 'ਚ ਮੈਂ ਟ੍ਰੇਲਰ 'ਚ ਬਿਜਨਸ ਕਰਦਾ ਸੀ।ਵਾਹਿਗੁਰੂ ਦੀ ਕਿਰਪਾ ਹੋਈ, ਮੈਂ ਘਰ ਬਣਾ ਲਿਆ ਤੇ ਉਸ ਟ੍ਰੇਲਰ ਨੂੰ ਵੀ ਕੋਲ ਰੱਖਿਆ। ਉਹਨਾਂ ਦਿਨਾਂ ਵਿਚ ਖਾਲਸਾ ਪੰਥ ਦਾ 300 ਸਾਲਾ ਪ੍ਰਕਾਸ਼ ਦਿਹਾੜਾ 1999 'ਚ ਮਨਾਇਆ ਜਾਣਾ ਸੀ ਤੇ ਦਾਸ ਨੇ ਇਸ ਸ਼ੁਭ ਅਵਸਰ 'ਤੇ ਉਸ ਬਿਜਨਸ ਵਾਲੇ ਟ੍ਰੇਲਰ ਨੂੰ ਖਾਲਸਾ ਲਾਇਬ੍ਰੇਰੀ ਬਣਾ ਲਿਆ ਤੇ ਵੱਧ ਤੋਂ ਵੱਧ ਕਿਤਾਬਾਂ ਦਾ ਭੰਡਾਰ ਸ਼ੁਰੂ ਕੀਤਾ। ਲੋਕਾਂ 'ਚ ਚਰਚਾ ਹੋਈ, ਉਹਨਾਂ ਦਾ ਭਰਵਾਂ ਹੁੰਗਾਰਾ ਤੇ ਸਾਥ ਮਿਲਿਆ। ਉਹਨਾਂ ਦੀ ਵਧਦੀ ਮੰਗ ਨੂੰ ਮੁੱਖ ਰੱਖਦਿਆਂ ਜਲਦ ਹੀ ਕਿਤਾਬਾਂ ਦੀ ਗਿਣਤੀ 7-8 ਹਜ਼ਾਰ ਹੋ ਗਈ। ਲੋਕ ਜੁੜਦੇ ਗਏ, ਕਿਤਾਬਾਂ ਪੜ੍ਹਦੇ ਗਏ, ਕਿਤਾਬਾਂ ਵੀ ਵਧਦੀਆਂ ਗਈਆਂ।

**ਇਸ ਕੰਮ 'ਚ ਸਾਨੂੰ ਸਰੀ ਦੀ ਪਬਲਿਕ ਲਾਇਬ੍ਰੇਰੀ ਦਾ ਵੱਡਾ ਸਹਿਯੋਗ ਮਿਲਿਆ।** ਪੰਜਾਬੀ ਲਾਗੂ ਹੋਈ ਤਾਂ ਬੱਚਿਆਂ 'ਚ ਰੁਚੀ ਵਧੀ ਅਤੇ ਬੱਚੇ ਕਿਤਾਬਾਂ ਲਈ ਸਾਡੇ ਕੋਲ ਖਿੱਚੇ ਆਉਣ ਲੱਗੇ, ਸਰੀ ਦੀ ਪਬਲਿਕ ਲਾਇਬ੍ਰੇਰੀ ਨੇ ਸਭ ਨੂੰ ਸਾਡੀ ਲਾਇਬ੍ਰੇਰੀ ਦਾ ਰੈਫਰੈਂਸ ਦੇਣਾ। ਕਈ ਵਾਰ ਤਾਂ ਕਿਤਾਬਾਂ ਵੀ ਖਤਮ ਹੋ ਜਾਣੀਆਂ ਪਰ ਸਾਡੇ ਹੌਸਲੇ ਬੁਲੰਦ ਰਹਿੰਦੇ।

**ਇਸੇ ਦੌਰਾਨ ਤੀਰਥ ਸਿੰਘ ਸਾਡੇ ਨਾਲ ਜੁੜਿਆ ਜੋ ਕੰਪਿਊਟਰ ਦਾ ਮਾਹਿਰ ਹੈ।** ਸਾਡੇ ਲਈ ਬਹੁਤ ਮਦਦਗਾਰ ਸਿੱਧ ਹੋਇਆ। ਇਹਨਾਂ ਦੀ ਪਾਏਦਾਰ ਸਲਾਹ ਨਾਲ ਅਸੀਂ ਸੋਚਿਆ ਕਿ ਕਿਉਂ ਨਾ, ਸਿਰਫ ਸਰੀ ਦੇ ਹੀ ਬੱਚੇ ਜਾਂ ਵੱਡੇ ਕਿਤਾਬਾਂ ਸਾਡੇ ਕੋਲ ਲੈਣ ਆਉਣ, ਕਿਉਂ ਨਾ ਕੋਈ ਅਜਿਹਾ ਉਪਰਾਲਾ ਕੀਤਾ ਜਾਵੇ ਕਿ ਇਹ ਕਿਤਾਬਾਂ ਨੂੰ ਘਰ ਬੈਠੇ ਹੀ ਉਪਲਬਧ ਕਰਾਇਆ ਜਾਵੇ। ਇੱਥੋਂ ਤੱਕ ਕਿ ਨਾ ਕਿ ਸਿਰਫ ਸਰੀ ਦੇ ਬੱਚੇ ਬਲਕਿ ਇਸ ਦੇ ਇਰਦ-ਗਿਰਦ ਵੀ ਨਹੀਂ ਬਲਕਿ ਵਿਸ਼ਵ ਪੱਧਰ 'ਤੇ ਇਸ ਦਾ ਫਾਇਦਾ ਉਠਾ ਸਕਣ। ਸੋ ਇਸ ਦੇ ਨਾਲ ਹੀ ਖਾਲਸਾ ਲਾਇਬ੍ਰੇਰੀ ਦੇ ਨਾਲ-ਨਾਲ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਦਾ ਰੂਪ ਦਿੱਤਾ।

ਇਸ ਵਿਚ ਆਪ ਸਭ ਦਾ ਪਿਆਰ-ਸਤਿਕਾਰ, ਸਹਿਯੋਗ ਹੀ ਸਾਨੂੰ ਇੱਥੇ ਤੱਕ ਲੈ ਆਇਆ। ਤੁਹਾਡਾ ਸਭ ਦਾ ਇਸੇ ਤਰ੍ਹਾਂ ਸਹਿਯੋਗ ਰਿਹਾ ਤਾਂ ਪ੍ਰਮਾਤਮਾ ਦੀ ਮਿਹਰ ਸਦਕਾ ਇਹ ਉਪਰਾਲਾ ਹੁਣ ਅੱਗੇ ਹੀ ਵਧਦਾ ਜਾਵੇਗਾ।

ਅਖੀਰ 'ਚ ਮੈਂ ਇਕ ਗੱਲ ਤੁਹਾਡੇ ਸਭ ਨਾਲ ਜ਼ਰੂਰ ਸਾਂਝੀ ਕਰਨੀ ਚਾਹਾਂਗਾ ਕਿ ਜਿਸ ਦੀ ਪ੍ਰੇਰਨਾ ਸਾਨੂੰ ਸਰੀ (ਕੈਨੇਡਾ) ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੋਂ ਮਿਲੀ ਕਿ ਉਹਨਾਂ ਉਥੋਂ ਦੇ ਬੱਚਿਆਂ ਤੇ ਉਹਨਾਂ ਦਾ ਮਾਤਾ-ਪਿਤਾ ਨੂੰ ਅਰਜ਼ ਕੀਤੀ ਕਿ ਤੁਸੀਂ ਆਪਣੇ ਬੱਚਿਆਂ ਨੂੰ ਕਮਿਊਨਿਟੀ ਸਰਵਿਸ (ਆਵਰਜ਼/ਘੰਟੇ) ਪੂਰੇ ਕਰਨ ਲਈ ਦੂਸਰੇ ਧਾਰਮਿਕ ਸਥਾਨ ਜਾਂ ਹੋਰ ਜਗ੍ਹਾ ਭੇਜਦੇ ਹੋ, ਕਿਉਂ ਨਾ ਬੱਚੇ ਖਾਲਸਾ ਲਾਇਬ੍ਰੇਰੀ 'ਚ ਆਪਣੀ ਕਮਿਊਨਿਟੀ ਸਰਵਿਸ ਕਰਨ 'ਤੇ ਅਸੀਂ ਉਹਨਾਂ ਨੂੰ ਗੁਰੂ ਘਰ ਵੱਲੋਂ ਸਰਟੀਫਿਕੇਟ ਜਾਰੀ ਕਰਾਂਗੇ ਜੋ ਕਾਲਜ-ਯੂਨੀਵਰਸਿਟੀਆਂ 'ਚ ਮਾਨਤਾ ਪ੍ਰਾਪਤ ਹੋਵੇਗਾ, ਅਜਿਹਾ ਉਪਰਾਲਾ ਇੱਥੇ ਵੀ ਕੀਤਾ ਜਾ ਸਕਦਾ ਹੈ।

**ਬੀਬੀ ਬਲਜਿੰਦਰ ਕੌਰ ਜੀ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ** ਕਿ ਇਸ ਕੰਮ ਵਿਚ ਮਾਵਾਂ ਰੋਲ ਜ਼ਿਆਦਾ ਨਿਭਾਅ ਸਕਦੀਆਂ ਹਨ। ਉਹ ਆਪਣੇ ਆਪ ਤੇ ਆਪਣੇ ਬੱਚਿਆਂ ਨੂੰ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਦੀ ਐਪ ਡਾਊਨਲੋਡ ਕਰਕੇ ਦੇਣ ਜਾਂ ਦੱਸਣ ਤਾਂ ਕਿ ਬੱਚੇ ਆਪਣੇ ਧਰਮ ਨਾਲ ਜੁੜੇ ਰਹਿਣ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜਦੋਂ ਅਜਿਹੇ ਮਾਧਿਅਮ ਰਾਹੀਂ ਉਹ ਸਿੱਖ ਧਰਮ ਪ੍ਰਤੀ ਜਾਣਕਾਰੀ ਹਾਸਲ ਕਰ ਸਕਣ। ਇਸ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ 'ਚ ਕਿਤਾਬਾਂ ਹਨ। ਬੱਚਿਆਂ ਦੀ ਰੁਚੀ ਵਧਾਉਣ 'ਚ ਬੱਚਿਆਂ ਦੇ ਮਾਤਾ-ਪਿਤਾ ਦੇ ਨਾਲ-ਨਾਲ ਉਹਨਾਂ ਦੇ ਦਾਦਾ-ਦਾਦੀ ਜੀ, ਨਾਨਾ-ਨਾਨੀ ਜੀ ਵੀ ਵਧੀਆ ਰੋਲ ਨਿਭਾਅ ਸਕਦੇ ਹਨ। ਸੋ ਆਪਾਂ ਸਾਰੇ ਇਸ ਨੇਕ ਕੰਮ 'ਚ ਸਹਿਯੋਗ ਕਰੀਏ।

ਇਸ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਦੀ ਟੀਮ ਤੋਂ ਇਲਾਵਾ ਮੀਡੀਏ ਵਜੋਂ ਹਾਜ਼ਰ ਸਰਵਸ੍ਰੀ ਪ੍ਰੇਮ ਕੁਮਾਰ ਚੁੰਬਰ, ਗੁਰਜਤਿੰਦਰ ਸਿੰਘ ਰੰਧਾਵਾ ਅਤੇ ਬਲਵੰਤ ਸਿੰਘ ਮੱਲਾ ਨੇ ਵੀ ਆਪੋ-ਆਪਣੇ ਵਿਚਾਰ ਰੱਖੇ ਤੇ ਇਹਨਾਂ ਤੋਂ ਇਲਾਵਾ ਸਰਵਸ੍ਰੀ ਹਰਬੰਸ ਸਿੰਘ ਸਰਾਂਓ, ਦਿਲ ਨਿੱਜਰ, ਮਹੇਸ਼ਇੰਦਰ ਸਿੰਘ, ਮੋਹਨ ਰਾਮ ਪਾਲ, ਭਾਈ ਅਜਮੇਰ ਸਿੰਘ ਅਤੇ ਅਜਮੇਰ ਸਿੰਘ ਗੋਗੀ ਆਦਿ ਨਾਂ ਵਰਣਨਯੋਗ ਹਨ। ਇਸ ਸਮਾਗਮ ਦੌਰਾਨ ਕੇ. ਡੀ. ਐਲ. ਟੀਮ, ਅਤੇ ਲੋਕਲ ਮੀਡੀਆ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਅਖੀਰ 'ਚ ਜਸਵੀਰ ਸਿੰਘ ਸਿੱਧੂ ਨੇ ਖਾਲਸਾ ਡਿਜ਼ੀਟਲ ਲਾਇਬ੍ਰੇਰੀ ਦੀ ਸਮੁੱਚੀ ਟੀਮ, ਮੀਡੀਆ, ਸਾਰੇ ਬੁਲਾਰਿਆਂ ਤੇ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦਾ ਅੱਜ ਦੇ ਇਸ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਤੇ ਇਸ ਉਪਰੰਤ ਗੁਰੂ ਘਰ ਦੇ ਅਤੁੱਟ ਲੰਗਰ ਵਰਤਾਏ ਗਏ।

ਅੱਜ ਦੇ ਸਮਾਗਮ ਨੂੰ ਸਫਲ ਬਣਾਉਣ 'ਚ ਜਿਹਨਾਂ ਨੇ ਸਹਿਯੋਗ ਕੀਤਾ ਉਹਨਾਂ ਵਿਚ ਗੁਰਚਰਨ ਬਸਰਾ, ਕੇਨੀ ਵਿਰਕ, ਗੁਰਚਰਨ ਖਹਿਰਾ, ਚਰਨਜੀਤ ਸਿੰਘ ਵਿਰਕ, ਆਈਵਿਨ ਵਿਰਕ, ਅਜੇਮੀਤ ਵਿਰਕ, ਕੰਵਲਪ੍ਰੀਤ ਵਿਰਕ, ਜੈਸੀਕਾ ਵਿਰਕ, ਅਨੂਪ ਵਿਰਕ, ਗੁਰਮਨ ਵਿਰਕ, ਸੁਦਰਸ਼ਨ ਕੌਰ ਵਿਰਕ, ਰੁਪਿੰਦਰ ਕੌਰ ਸਿੱਧੂ, ਸੁਰਿੰਦਰਪਾਲ ਸਿੰਘ ਸਿੱਘੂ, ਗੁਰਲੀਨ ਸਿੱਧੂ, ਪਰਲੀਨ ਸਿੱਧੂ, ਦਿੱਲ ਨਿੱਜਰ, ਬਾਠ ਪਰਿਵਾਰ, ਬਾਬਾ ਕਾਬਲ ਸਿੰਘ, ਬਾਬਾ ਅਜਮੇਰ ਸਿੰਘ, ਬਾਬਾ ਗੁਰਬਚਨ ਸਿੰਘ, ਜਸਵੰਤ ਕੋਰ, ਗੁਰੀ ਕੰਗ, ਗੋਗੀ ਸੰਧੂ, ਮਹੇਸ਼ਇੰਦਰ ਸਿੰਘ, ਮਨਜੀਤ ਸਿੰਘ ਖਾਲਸਾ, ਮਨਸੂਰ ਚੱਠਾ, ਮਹਿੰਦਰ ਸਿੰਘ ਗੁਰਾਇਆ, ਸਵਰਨ ਕੌਰ ਗੋਰਾਇਆ, ਜਸਵੰਤ ਕੌਰ ਜੌਹਲ, ਸਵਰਨ ਸਿੰਘ ਹੋਠੀ, ਰਣਬੀਰ ਸੈਣੀ, ਜਸਵੀਰ ਸਿੱਧੂ, ਉਂਕਾਰ ਸਿੰਘ, ਜੋਗਿੰਦਰ ਸਿੰਘ, ਡਾ. ਹਰਬੰਸ ਸਿੰਘ ਸਰਾਓ, ਤੀਰਥ ਸਿੰਘ ਢਿੱਲੋਂ, ਬਿੱਲੂ ਸੰਧੂ, ਗੁਰਚਰਨ ਬਸਰਾ ਆਦਿ ਨਾਂ ਵਰਣਨਯੋਗ ਹਨ।

**ਰਿਪੋਰਟ ਅਤੇ ਤਸਵੀਰਾਂ-**
**ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ








**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 23 ਜੁਲਾਈ ਦਿਨ ਐਤਵਾਰ ਨੂੰ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ, ਪਾਠ ਦੀ ਸੇਵਾ ਗੁਰੂ ਘਰ ਦੇ ਹਰਮਨਪਿਆਰੇ ਸ਼ਰਧਾਲੂ ਭਾਈ ਗੁਰਸ਼ਰਨਪ੍ਰੀਤ ਸਿੰਘ ਜੀ ਵੱਲੋਂ ਕੀਤੀ ਗਈ। ਜਿਸ ਵਿਚ ਐਤਵਾਰ ਸਵੇਰੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਨਿਭਾਈ। ਪ੍ਰਬੰਧਕ ਕਮੇਟੀ ਵੱਲੋਂ ਭਾਈ ਗੁਰਸ਼ਰਨਪ੍ਰੀਤ ਸਿੰਘ ਜੀ ਦੇ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਗਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਪਰਿਵਾਰ ਨੂੰ ਭਾਰਤ ਤੋਂ ਅਮਰੀਕਾ ਆਉਣ ਦੀ ਖੁਸ਼ੀ ਵਿਚ ਸਾਰੇ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਸਾਰਾ ਦਿਨ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ ਦੀ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ

**ਫਰਿਜ਼ਨੋ–** ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ (ਸੇਵਾਦਾਰਾਂ) ਦੀ ਮਿਆਦ ਖਤਮ ਹੋਣ ਤੋਂ ਬਾਅਦ ਨਵੀਂ ਕਮੇਟੀ ਦੀ ਚੋਣ ਬੀਤੀ 16 ਜੁਲਾਈ 2017 ਦਿਨ ਐਤਵਾਰ ਨੂੰ 2 ਵਜੇ ਬਾਅਦ ਦੁਪਹਿਰ ਗੁਰੂ ਘਰ ਫਰਿਜ਼ਨੋ ਵਿਖੇ ਹੋਈ। ਵਰਣਨਯੋਗ ਹੈ ਕਿ ਪ੍ਰਬੰਧਕ ਕਮੇਟੀ ਦੀ ਮਿਆਦ 2 ਸਾਲ ਹੁੰਦੀ ਹੈ। ਵਿਚਾਰਾਂ ਕਰਨ ਉਪਰੰਤ ਸਾਰੀ ਸੰਗਤ ਨੇ ਪਹਿਲੀ ਪ੍ਰਬੰਧਕ ਕਮੇਟੀ (ਸੇਵਾਦਾਰਾਂ) ਨੂੰ ਹੀ ਸਰਬ ਸੰਮਤੀ ਨਾਲ ਹੱਥ ਖੜ੍ਹੇ ਕਰਕੇ ਜੈਕਾਰਿਆਂ ਦੀ ਗੂੰਜ ਵਿਚ ਅਗਲੇ 2 ਸਾਲਾਂ ਲਈ ਫਿਰ ਦੁਬਾਰਾ ਸੇਵਾ ਕਰਨ ਦੀ ਡਿਊਟੀ ਬਖਸ਼ ਦਿੱਤੀ, ਭਾਵ ਚੋਣ ਕੀਤੀ।

ਇਸ ਮੌਕੇ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਗਈ ਕਿ ਜਿਸ ਤਰ੍ਹਾਂ ਪਹਿਲੇ ਸਮੇਂ ਵਿਚ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਗੁਰੂ ਘਰ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਸੇਵਾ ਨਿਭਾਈ ਹੈ, ਇਸੇ ਤਰ੍ਹਾਂ ਅਗਲੇ 2 ਸਾਲਾਂ ਲਈ ਵੀ ਪ੍ਰੇਮ-ਪਿਆਰ/ ਸ਼ਰਧਾ ਅਤੇ ਤਨਦੇਹੀ ਨਾਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਦਲਿਤ ਸਮਾਜ ਦ ਹੋਰ ਰਹਿਬਰਾਂ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਦੀ ਸ਼ਕਤੀ ਅਤੇ ਹਿੰਮਤ ਬਖਸ਼ੇ। ਚੋਣ ਸਬੰਧੀ ਸਾਰੀ ਕਾਰਵਾਈ ਬੜੇ ਸੁਚੱਜੇ ਢੰਗ ਨਾਲ ਸ਼ਾਂਤੀਪੂਰਵਕ ਸੰਪੰਨ ਹੋਈ।




ਗੁਰਦੁਆਰਾ ਸਾਹਿਬ ਫਰਿਜ਼ਨੋ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ,ਮੈਂਬਰ ਅਤੇ ਸੰਗਤ

TANDOOR
Indian Restaurant
27167 Mission Blvd. Hayward, CA 95544


ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.


ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532

L.A. MERCHANDISE
Whole Sale +Retail
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।
* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।


LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax


Baksho Kaur Bisla Hardev Singh Bisla
500 N. Palora Ave. Yuba City, CA 95991
530-671-0439, Fax 530-822-0439 Cell- 530-844-3250

# ਪੀ. ਸੀ. ਐਸ. ਸੈਕਰਾਮੈਂਟੋ ਵੱਲੋਂ 6 ਅਗਸਤ ਦੇ ਤੀਆਂ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ-** ਪੰਜਾਬੀ ਕਲਚਰਲ ਸੁਸਾਇਟੀ ਵੱਲੋਂ 18ਵੇਂ ਤੀਆਂ ਦੇ ਮੇਲੇ ਦੀਆਂ ਤਿਆਰੀਆਂ 6 ਹਫਤੇ ਪਹਿਲਾਂ ਹੀ ਸ਼ੁਰੂ ਕਰ ਦਿੱਤੀਆਂ ਸਨ। ਹਰ ਸਾਲ ਦੀ ਤਰ੍ਹਾਂ ਇਸ ਸਲ ਵੀ ਹਰੇਕ ਐਤਵਾਰ-ਸੋਮਵਾਰ ਸ਼ਾਮ ਨੂੰ ਪਾਰਕ ਵਿਚ ਪੀ. ਸੀ. ਐਸ. ਦੇ ਲੇਡੀਜ਼ ਮੈਂਬਰਾਂ ਵੱਲੋਂ ਬੱਚੀਆਂ, ਭੈਣਾਂ ਨੂੰ ਜੋ ਵੀ ਮੇਲੇ 'ਚ ਹਿੱਸਾ ਲੈਣਾ ਚਾਹੁੰਦੀਆਂ ਹਨ, ਉਹਨਾਂ ਨੂੰ ਸਿਖਲਾਈ ਦੇਣ ਲਈ ਕੈਂਪ ਲਗਾਇਆ ਜਾਂਦਾ ਹੈ, ਜਿਸ ਵਿਚ ਗਿੱਧੇ ਤੇ ਭੰਗੜੇ ਦੀ ਸਿਖਲਾਈ ਦਿੱਤੀ ਜਾਂਦੀ ਹੈ। ਪੀ. ਸੀ. ਐਸ. ਦਾ ਮੁੱਖ ਮਕਸਦ ਹੀ ਹੈ ਕਿ ਆਪਣੇ ਬੱਚਿਆਂ ਨੂੰ ਤੇ ਕਮਿਊਨਿਟੀ ਨੂੰ ਆਪਣੇ ਸਭਿਆਚਾਰ ਨਾਲ ਜੋੜੀਏ, ਕਿਉਂਕਿ ਇਹ ਪੇਂਡੂ ਮੇਲੇ ਹਨ ਤੇ ਪਿੰਡਾਂ ਦੇ ਲੋਕ ਹੀ ਇਹਨਾਂ ਮੇਲਿਆਂ ਦੀ ਰਹਿਨੁਮਾਈ ਕਰ ਸਕਦੇ ਹਨ। ਇਸ ਵਾਰ ਮੇਲੇ 'ਚ ਬੀਬੀਆਂ ਵੱਲੋਂ ਮਲਵਈ ਗਿੱਧਾ ਵੀ ਤਿਆਰ ਕੀਤਾ ਗਿਆ ਹੈ, ਜੋ ਕਿ ਸਰੋਤਿਆ ਲਈ ਬਹੁਤ ਹੀ ਦਿਲਚਸਪ ਆਈਟਮ ਹੋਵੇਗਾ। ਇਸ ਵਾਰ ਗਿੱਧਾ, ਡਿਊਟ ਸੌਂਗ, ਲਾਈਵ ਬੋਲੀਆਂ, ਸਕਿੱਟ ਤੇ ਡੀ. ਜੇ. ਪੇਸ਼ ਕੀਤਾ ਜਾਵੇਗਾ। ਸੁਸਾਇਟੀ ਵੱਲੋਂ ਬੀਬੀਆਂ, ਭੈਣਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਹ ਮੇਲਾ ਦਿਨ ਐਤਵਾਰ 6 ਅਗਸਤ ਨੂੰ 1 ਵਜੇ ਲੂਥਰ ਬਰਬੈਂਕ ਹਾਈ ਸਕੂਲ 3500 ਫਲੋਰਿਨ ਰਾਈਡ ਸੈਕਰਾਮੈਂਟੋ-95923 ਵਿਖੇ ਹੋ ਰਿਹਾ ਹੈ। ਇਸ ਮੇਲੇ ਦੀ ਕੋਈ ਟਿਕਟ ਨਹੀਂ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: **ਮਨਦੀਪ ਫਰਵਾਲਾ 916-212-1826, ਪਰਦੀਪ ਪੂਨੀ 916-308-7889, ਬਲਦੇਵ ਕੌਰ 916-996-2010**



## ਯੂਬਾ ਸਿਟੀ ਵਿਖੇ ਮਲਟੀਕਲਚਰਲ ਪ੍ਰੋਗਰਾਮ ਤਹਿਤ ਪੰਜਾਬੀ ਬੀਬੀਆਂ ਨੇ ਵੀ ਪਾਈ ਧਮਾਲ

**ਯੂਬਾ ਸਿਟੀ, ਕੈਲੀਫੋਰਨੀਆ –** ਯੂਬਾ ਸਿਟੀ ਵਿਖੇ ਵੈਟਰਨ ਮੈਮੋਰੀਅਲ ਹਾਲ ਵਿਚ ਵੱਖ ਵੱਖ ਭਾਈਚਾਰਿਆਂ ਦੇ ਗਰੁਪਾਂ ਤੇ ਕਲਾਕਾਰਾਂ ਨੇ ਕਾਫੀ ਰੰਗ ਬੰਨ੍ਹਿਆ। ਇਸ ਦੌਰਾਨ ਗੀਤਾਂ, ਨਾਚ, ਸਕਿੱਟਾਂ, ਫੈਸ਼ਨ ਸ਼ੋਅ ਦਾ ਮੁੱਖ ਆਕਰਸ਼ਣ ਰਿਹਾ। ਇਸ ਬਹੁ-ਸਭਿਆਚਾਰਕ ਪ੍ਰੋਗਰਾਮ ਦੌਰਾਨ ਗਿੱਧਾ, ਨਾਚ, ਸਕਿੱਟਾਂ, ਫੈਸ਼ਨ ਸ਼ੋਅ



ਦਾ ਮੁੱਖ ਆਕਰਸ਼ਣ ਰਿਹਾ। ਇਸ ਬਹੁ ਸਭਿਆਚਾਰਕ ਪ੍ਰੋਗਰਾਮ ਦੌਰਾਨ ਗਿੱਧਾ, ਭੰਗੜਾ ਵੀ ਪੰਜਾਬੀ ਬੀਬੀਆਂ ਵੱਲੋਂ ਪੇਸ਼ ਕੀਤਾ ਗਿਆ ਜਿਸ ਨੂੰ ਹਰ ਇਕ ਨੇ ਸਲਾਹਿਆ। ਵੱਖ ਵੱਖ ਸਭਿਆਚਾਰ ਨੂੰ ਪ੍ਰਦਰਸ਼ਿਤ ਕਰਦਾ ਬੇਹੱਦ ਰੋਚਕ ਤੇ ਖਿੱਚ ਭਰਪੂਰ ਇਸ ਪ੍ਰੋਗਰਾਮ ਕੈਨਸੈ (ਕਨੂਸਾ ਸਟਰ ਕਰਾਸ ਮਿਸ਼ਨ ਲਾਈਨ) ਵੱਲੋਂ ਸਪਾਂਸਰ ਕੀਤਾ ਗਿਆ ਸੀ, ਮੈਰੀ ਐਲਿਕਸ, ਤਜਿੰਦਰ ਕੌਰ, ਨਵਨੀਤ ਰੰਧਾਵਾ, ਬਖਸ਼ੋ ਬੀਸਲਾ, ਵਿਮਲਾ, ਇੰਦਰਜੀਤ ਕੌਰ, ਸੁੱਖੀ, ਮਲਕੀਤ, ਕਰਮਜੀਤ ਦੀ ਅਗਵਾਈ ਵਿਚ ਇਹ ਪ੍ਰੋਗਰਾਮ ਸਟਰ ਕਾਉਂਟੀ ਲਾਇਬ੍ਰੇਰੀ ਦੇ ਸਹਿਯੋਗ ਨਾਲ ਇਕ ਯਾਦਗਾਰੀ ਪ੍ਰੋਗਰਾਮ ਹੋ ਨਿੱਬੜਿਆ। ਇਸ ਮੌਕੇ ਮੁੱਖ ਮਹਿਮਾਨਾਂ ਤੇ ਵਿਸ਼ੇਸ਼ ਮਹਿਮਾਨਾਂ ਨੇ ਪ੍ਰੋਗਰਾਮ ਦੇ ਆਯੋਜਕਾਂ ਨੂੰ ਸਫਲ ਮਲਟੀਕਲਚਰਲ ਪ੍ਰੋਗਰਾਮ ਪੇਸ਼ ਕਰਨ ਲਈ ਵਧਾਈ ਦਿੱਤੀ। ਮਿਸਿਜ ਇੰਦਰਜੀਤ ਕੌਰ, ਤਾਜ ਹੋਟਲ ਯੂਬਾ ਸਿਟੀ ਵੱਲੋਂ ਸਪਲਾਈ ਕੀਤੀ ਗਈ ਫਰੀ ਫੂਡ ਦਾ ਕਲਾਕਾਰਾਂ ਤੇ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ।

ਜਿਹਨਾਂ ਕਲਾਕਾਰਾਂ ਨੇ ਇਸ ਪ੍ਰੋਗਰਾਮ ਵਿਚ ਭਾਗ ਲਿਆ, ਉਹਨਾਂ ਨੂੰ ਵੱਖ ਵੱਖ ਪ੍ਰਕਾਰ ਦੇ ਇਨਾਮ ਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



Entry Free
"ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ"
Entry Free
P.C.S. Sacramento
ਵਲੋਂ ਪੇਸ਼ ਹੈ 17ਵੀਆਂ
ਤੀਆਂ
TEEYAN




On Sunday, the 6th AUGUST 2017 At 1.00 P. M.
AT Luther Burbank High School
3500 Florin Road SACRAMENTO CA 95823
Featuring : Songs, Gidha, Dances, Skits, D.J. and Much More
ALL LADIES AND GIRLS ARE INVITED
ORGANIZING COMMITTEE
Baldev Kaur, Rashpal Kaur Parhar, Harpreet Sahota, Daljit Mehanger Gill, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Surinder Gill, Rani Bindra, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi, Baljit kaur, Jatinder Sangha, Jasmeen, Sarabjit Kaur, Rozy Sandhu & Mandeep Pharwala
For Participation\ & Stalls Please Call : Mandeep Pharwala @ 916-212-1826, Pardeep Pooni @ 916-308-7889, Baldev Kaur @916- 996-2010,
Email: palpharwala@yahoo.com I Website : www.sacpcs.com
ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।
ਐਂਟਰੀ ਬਿਲਕੁਲ ਮੁਫਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ
Designed at : Barapind Printing Press, Email: barapindpress@gmail.com
ਇਸ ਪ੍ਰੋਗਰਾਮ ਦੇ ਮੁੱਖ ਸਪਾਂਸਰ ਹਨ "ਬੱਗਾ ਜਿਊਲਰਜ਼" (916-912-8842, 916-329-8772)

## ਸ਼ਹੀਦ ਸਰਦਾਰ ਊਧਮ ਸਿੰਘ ਜੀ ਦੇ ਸ਼ਹੀਦੀ ਦਿਨ 'ਤੇ ....

# 'ਜਦੋਂ ਗੱਜਿਆ ਲੰਡਨ ਵਿਚ ਸੂਰਮਾ'



ਲੋਕਾਂ 'ਚ ਇਹ ਆਮ ਧਾਰਨਾ ਹੈ ਕਿ ਸ਼ਹੀਦ ਸਰਦਾਰ ਊਧਮ ਸਿੰਘ ਜੀ ਨੇ ਜਨਰਲ ਡਾਇਰ ਨੂੰ ਮਾਰ ਕੇ ਜਲ੍ਹਿਆਂ ਵਾਲੇ ਬਾਗ ਦੇ ਹੱਤਿਆ ਕਾਂਡ ਦਾ ਬਦਲਾ ਲਿਆ ਸੀ ਪਰ ਭਾਰਤ ਦੇ ਇਸ ਮਹਾਨ ਸਪੂਤ ਨੇ ਬ੍ਰਿਗੇਡੀਅਰ ਜਨਰਲ ਰੇਜੀਨਲਡ ਇੱਡਵਰਡ ਹੈਰੀ ਡਾਇਰ ਨੂੰ ਨਹੀਂ, ਸਗੋਂ ਮਾਈਕਲ ਓਡਵਾਇਰ ਜੋ ਉਸ ਸਮੇਂ ਪੰਜਾਬ ਪ੍ਰਾਂਤ ਦਾ ਗਵਰਨਰ ਸੀ, ਨੂੰ ਮਾਰਿਆ ਸੀ, ਜਿਸ ਦੇ ਹੁਕਮਾਂ ਨਾਲ 13 ਅਪ੍ਰੈਲ 1919 ਈਸਵੀ ਨੂੰ ਵਿਸਾਖੀ ਵਾਲੇ ਦਿਨ, ਜੱਲ੍ਹਿਆਂ ਵਾਲੇ ਬਾਗ 'ਚ ਇਹ ਹੱਤਿਆ ਕਾਂਡ ਹੋਇਆ ਸੀ। ਉਸ ਨੇ ਨਿਰਦੋਸ਼ ਭਾਰਤੀਆਂ 'ਤੇ ਜੋ ਪੁਰਅਮਨ ਤਰੀਕੇ ਨਾਲ ਆਪਣੀ ਸਭਾ ਕਰ ਰਹੇ ਸਨ। ਉਹਨਾਂ 'ਤੇ ਬਿਨਾਂ ਕੋਈ ਚਿਤਾਵਨੀ ਦਿੱਤਿਆਂ, ਅੰਧਾ-ਧੁੰਦ ਗੋਲੀਆਂ ਚਲਾ ਕੇ ਇਸ ਤਰ੍ਹਾਂ ਦੀ ਬਰਬਰਤਾ ਪੂਰਨ ਕਾਰਵਾਈ ਕੀਤੀ ਸੀ ਤਾਂ ਜੋ ਭਾਰਤੀਆਂ 'ਚ ਦਹਿਸ਼ਤ ਪੈਦਾ ਕੀਤੀ ਜਾ ਸਕੇ। ਉਹ ਚਾਹੁੰਦਾ ਸੀ ਕਿ ਭਾਰਤੀ ਲੋਕ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਆਜ਼ਾਦੀ ਲਈ ਆਪਣੀ ਜ਼ੁਬਾਨ ਨਾਲ ਖੋਲ੍ਹਣ। ਸਰਦਾਰ ਊਧਮ ਸਿੰਘ ਜੀ ਇਸ ਘਟਨਾ ਲਈ ਗਵਰਨਰ ਮਾਈਕਲ ਓਡਵਾਇਰ ਤੇ ਜਨਰਲ ਰੇਜੀਨਲਡ ਇਡਵਰਡ ਹੈਰੀ ਡਾਇਰ ਨੂੰ ਜ਼ਿੰਮੇਵਾਰ ਸਮਝਦੇ ਸਨ।

26 ਦਸੰਬਰ, 1899 ਨੂੰ ਪੰਜਾਬ 'ਚ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਕਸਬੇ 'ਚ ਜਨਮੇ ਸਰਦਾਰ ਊਧਮ ਸਿੰਘ ਜੀ ਨੇ ਜੱਲ੍ਹਿਆਂ ਵਾਲੇ ਬਾਗ 'ਚ ਹੋਏ ਇਸ ਨਰਸੰਹਾਰ ਦਾ ਬਦਲਾ ਲੈਣ ਲਈ ਪ੍ਰਤੀਗਿਆ ਕੀਤੀ ਸੀ। ਜਿਸ 'ਚ ਸੈਂਕੜੇ ਨਿਰਦੋਸ਼ ਭਾਰਤੀਆਂ ਦੀ ਸਮੂਹਿਕ ਹੱਤਿਆ ਕੀਤੀ ਗਈ ਸੀ, ਦਾ ਬਦਲਾ 21 ਸਾਲ ਬਾਅਦ, ਅੰਗਰੇਜ਼ਾਂ ਦੇ ਘਰ ਜਾ ਕੇ ਲਿਆ ਸੀ। ਇਸ ਤਰ੍ਹਾਂ ਵਿਦੇਸ਼ੀ ਧਰਤੀ 'ਤੇ ਜਾ ਕੇ, ਕਿਸੇ ਦੇ ਘਰ 'ਚ ਇਸ ਤਰ੍ਹਾਂ ਦੀ ਹਕੀਕਤ ਨੂੰ ਅੰਜ਼ਾਮ ਦੇਣਾ, ਇਕ ਬਹੁਤ ਹੀ ਮਹਾਨਤਾ ਪੂਰਵਕ ਕਾਰਨਾਮਾ ਸੀ। ਇਸੇ ਲਈ ਹੀ ਸ਼ਹੀਦ ਸਰਦਾਰ ਊਧਮ ਸਿੰਘ ਜੀ ਦੀ ਇਹ ਕੁਰਬਾਨੀ, ਉਹਨਾਂ ਨੂੰ ਦੂਸਰੇ ਹੋਰ ਆਜ਼ਾਦੀ ਦੇ ਕੌਮੀ ਪ੍ਰਵਾਨਿਆਂ ਨਾਲੋਂ ਸਿਰਮੌਰ ਰੱਖਦੀ ਹੈ।



ਪ੍ਰੋ: ਐਚ.ਐਲ.ਕਪੂਰ

ਇਤਿਹਾਸਕਾਰ ਡਾ: ਸਰਵਦਾਨੰਦ ਦੇ ਅਨੁਸਾਰ ਸ਼ਹੀਦ ਸਰਦਾਰ ਊਧਮ ਸਿੰਘ ਭਾਰਤ 'ਚ ਸਭ ਧਰਮਾਂ ਨੂੰ ਪਿਆਰ ਕਰਦੇ ਸਨ। ਇਸੇ ਲਈ ਹੀ ਉਨ੍ਹਾਂ ਨੇ ਆਪਣਾ ਨਾਂ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ ਸੀ, ਜਿਹੜਾ ਕਿ ਭਾਰਤ ਦੇ ਤਿੰਨਾਂ ਧਰਮਾਂ ਦਾ ਪ੍ਰਤੀਕ ਹੈ ਪਰ ਇਤਿਹਾਸਕਾਰ ਸਰਦਾਰ ਨਵਤੇਜ ਸਿੰਘ ਜੀ ਆਪਣੀ ਲਿਖੀ ਸਰਦਾਰ ਊਧਮ ਸਿੰਘ ਜੀ ਦੀ ਜੀਵਨੀ ਵਿਚ ਲਿਖਦੇ ਹਨ ਕਿ ਜਦੋਂ ਸਰਦਾਰ ਊਧਮ ਸਿੰਘ ਜੀ ਇੰਗਲੈਂਡ ਗਏ ਤੇ ਉਹਨਾਂ ਨੇ ਇਕ ਮੁਸਲਮਾਨ ਔਰਤ ਨਾਲ ਸ਼ਾਦੀ ਕਰ ਲਈ ਸੀ ਤੇ ਆਪਣਾ ਨਾਮ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ ਸੀ ਪਰ ਇਸਤੋਂ ਇਲਾਵਾ ਉਹਨਾਂ ਦੇ ਹੋਰ ਵੀ ਕਈ ਨਾਮ ਸਨ ਜਿਵੇਂ:-ਉਦਵਨ ਸਿੰਘ, ਉਧੇ ਸਿੰਘ, ਫਰੈਂਕ ਬ੍ਰਾਜ਼ੀਲ ਆਦਿ। ਇਹ ਨਾਮ ਉਨ੍ਹਾਂ ਆਪਣੀ ਗੁਪਤਤਾ ਬਣਾਈ ਰੱਖਣ ਲਈ ਬਦਲੇ ਸਨ। ਇਹ ਜ਼ਰੂਰੀ ਵੀ ਸੀ ਕਿ ਉਹਨਾਂ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਰਗਰਮੀ ਨੂੰ, ਕੋਈ ਪਛਾਣ ਕੇ ਸ਼ਿਕਾਇਤ ਨਾ ਕਰ ਦੇਵੇ ਤਾਂ ਜੋ, ਉਹ ਛੇਤੀ ਪਕੜੇ ਨਾ ਜਾ ਸਕਣ।

ਸਰਦਾਰ ਊਧਮ ਸਿੰਘ ਜੀ ਅਨਾਥ ਸਨ। ਉਹਨਾਂ ਦੇ ਪਿਤਾ ਦਾ ਨਾਮ ਸਰਦਾਰ ਟਹਿਲ ਸਿੰਘ ਜੀ ਸੀ ਤੇ ਮਾਤਾ ਦਾ ਨਾਮ ਹਰਨਾਮ ਕੌਰ ਸੀ। ਸੰਨ 1901 'ਚ ਉਹਨਾਂ ਦੀ ਮਾਤਾ ਤੇ ਸੰਨ 1907 ਵਿਚ ਉਹਨਾਂ ਦੇ ਪਿਤਾ ਦੀ ਮੌਤ ਹੋ ਗਈ। ਉਨ੍ਹਾਂ ਦੀ ਪਰਵਰਿਸ਼ ਕਰਨ ਵਾਲਾ ਕੋਈ ਨਾ ਰਿਹਾ ਤੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਵੱਡੇ ਭਰਾ ਨੂੰ ਅੰਮ੍ਰਿਤਸਰ ਦੇ ਕੇਂਦਰੀ ਖਾਲਸਾ ਯਤੀਮਖਾਨਾ, ਪੁਤਲੀ ਘਰ ਵਿਖੇ ਲਿਆਂਦਾ ਗਿਆ। ਉਨ੍ਹਾਂ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਤੇ ਭਰਾ ਦਾ ਨਾਮ ਮੁਕਤਾ ਸਿੰਘ ਸੀ ਪ੍ਰੰਤੂ ਅਨਾਥ ਆਸ਼ਰਮ 'ਚ ਕ੍ਰਮਵਾਰ ਉਨ੍ਹਾਂ ਨੂੰ ਊਧਮ ਸਿੰਘ ਤੇ ਸਾਧੂ ਸਿੰਘ ਦੇ ਨਵੇਂ ਨਾਮ ਮਿਲੇ।

ਅਨਾਥ ਆਸ਼ਰਮ 'ਚ ਅਜੇ ਦੋਹਾਂ ਭਰਾਵਾਂ ਦੀ ਜ਼ਿੰਦਗੀ ਚੱਲ ਹੀ ਰਹੀ ਸੀ ਕਿ ਉਨ੍ਹਾਂ ਦੇ ਵੱਡੇ ਭਰਾ ਦੀ 1917 'ਚ ਮੌਤ ਹੋ ਗਈ ਤੇ ਇਸ ਸੰਸਾਰ 'ਚ ਊਧਮ ਸਿੰਘ ਜੀ ਇਕੱਲੇ ਰਹਿ ਗਏ। ਆਸ਼ਰਮ 'ਚ ਰਹਿੰਦਿਆਂ ਹੀ ਊਧਮ ਸਿੰਘ ਜੀ ਨੇ ਆਪਣੀ ਮੈਟ੍ਰਿਕ ਦੀ ਪ੍ਰੀਖਿਆ ਵੈਜਨਾਥ ਹਾਈ ਸਕੂਲ ਅੰਮ੍ਰਿਤਸਰ ਤੋਂ 1918 'ਚ ਪਾਸ ਕਰ ਲਈ ਤੇ ਸੰਨ 1919 'ਚ ਅਨਾਥ ਆਸ਼ਰਮ ਛੱਡ ਦਿੱਤਾ ਤੇ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਚੱਲ ਰਹੇ ਸੰਘਰਸ਼ 'ਚ ਸ਼ਾਮਲ ਹੋ ਗਏ।

ਊਧਮ ਸਿੰਘ ਜੀ ਦੇ ਪਿਤਾ ਭਾਰਤ ਸਰਕਾਰ ਦੇ ਰੇਲਵੇ ਵਿਭਾਗ 'ਚ ਕਰਾਸਿੰਗ ਵਾਚਮੈਨ ਦੇ ਅਹੁਦੇ 'ਤੇ ਪਿੰਡ ਉੱਪਲੀ ਵਿਖੇ ਨਿਯੁਕਤ ਸਨ। ਇਤਿਹਾਸਕਾਰ ਸ: ਨਵਤੇਜ ਸਿੰਘ ਜੀ ਆਪਣੀ ਪੁਸਤਕ ਵਿਚ ਲਿਖਦੇ ਹਨ ਕਿ ਸਰਦਾਰ ਊਧਮ ਸਿੰਘ ਜੀ ਨੇ ਵੀ 'ਨਾਰਦਰਨ ਵੈਸਟਰਨ ਰੇਲਵੇ' 'ਚ 1917 ਤੋਂ 1922 ਤੱਕ ਬਤੌਰ ਇਕ ਟਰੇਨੀ ਡਰਾਈਵਰ, ਫਾਇਰਮੈਨ ਜਾਂ ਗਾਰਡ ਦੇ ਤੌਰ 'ਤੇ ਨੌਕਰੀ ਕੀਤੀ ਤੇ 'ਇੰਡੀਆ ਜਨਰਲ ਸਰਵਿਸ' ਦਾ ਮੈਡਲ ਵੀ ਵਜ਼ੀਰਸਥਾਨ ਕੰਪੇਨ ਜੋ 1919 ਤੋਂ 1921 ਤੱਕ ਚੱਲੀ ਸੀ ਦੇ ਬਦਲੇ 'ਚ ਪ੍ਰਾਪਤ ਕੀਤਾ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਦੋ ਪ੍ਰਮੁੱਖ ਨੇਤਾ ਡਾ: ਸਤਪਾਲ ਤੇ ਡਾ: ਸੈਫੂਦੀਨ ਕਿਚਲੂ ਤੇ ਉਹਨਾਂ ਦੇ ਨਾਲ ਕੁਝ ਹੋਰ ਨੇਤਾਵਾਂ ਨੂੰ 'ਰੋਲਟ ਐਕਟ' ਦਾ ਵਿਰੋਧ ਕਰਨ 'ਤੇ ਮਿਤੀ 10 ਅਪ੍ਰੈਲ, 1919 ਨੂੰ ਅੰਗਰੇਜ਼ ਸਰਕਾਰ ਨੇ ਗ੍ਰਿਫਤਾਰ ਕਰ ਲਿਆ। ਇਸ ਦਾ ਵਿਰੋਧ ਕਰ ਰਹੀ ਭੀੜ 'ਤੇ ਅੰਗਰੇਜ਼ ਸਰਕਾਰ ਨੇ ਲਾਠੀਚਾਰਜ ਕੀਤਾ ਤੇ ਗੋਲੀ ਵੀ ਚਲਾਈ। ਇਸ ਤੇ ਭੀੜ ਆਪੇ ਤੋਂ ਬਾਹਰ ਹੋ ਗਈ ਤੇ ਪੁਲਿਸ ਨਾਲ ਝੜੱਪਾਂ 'ਚ ਚਾਰ ਅੰਗਰੇਜ਼ ਵੀ ਮਾਰੇ ਗਏ ਤੇ ਇਸ ਭੀੜ ਨੇ ਬ੍ਰਿਟਿਸ਼ ਬੈਂਕਾਂ ਨੂੰ ਅੱਗ ਵੀ ਲਗਾ ਦਿੱਤੀ। ਰੋਲਟ ਐਕਟ ਇਕ ਅਜਿਹਾ ਐਕਟ ਸੀ, ਜਿਹੜਾ ਭਾਰਤੀਆਂ ਦੇ ਮੂਲ ਅਧਿਕਾਰਾਂ ਨੂੰ ਖਤਮ ਕਰਨ ਵਾਲਾ ਐਕਟ ਸੀ।

ਇਹਨਾਂ ਉਕਤ ਨੇਤਾਵਾਂ ਦੀ ਰਿਹਾਈ ਲਈ ਤੇ ਰੋਲਟ ਐਕਟ ਦੇ ਵਿਰੋਧ 'ਚ ਅੰਮ੍ਰਿਤਸਰ ਜੱਲ੍ਹਿਆਂ ਵਾਲਾ ਬਾਗ ਵਿਖੇ ਲੋਕਾਂ ਨੇ 13 ਅਪ੍ਰੈਲ, 1919 ਨੂੰ ਵਿਸਾਖੀ ਵਾਲੇ ਦਿਨ ਇਕ ਸਭਾ ਰੱਖੀ। ਇਸ ਸਭਾ 'ਚ ਕੋਈ 20 ਹਜ਼ਾਰ ਦੇ ਕਰੀਬ ਲੋਕ ਇਕੱਤਰ ਸਨ। ਇਸ ਸਭਾ 'ਚ ਸਰਦਾਰ ਊਧਮ ਸਿੰਘ ਜੀ ਤੇ ਯਤੀਮਖਾਨੇ ਦੇ ਉਹਨਾਂ ਦੇ ਕੁਝ ਸਾਥੀ ਲੋਕਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਹੇ ਸਨ।

ਇਸ ਸਭਾ ਤੋਂ ਗੁੱਸੇ ਵਿਚ ਆਏ ਉਸ ਸਮੇਂ ਪੰਜਾਬ ਪ੍ਰਾਂਤ ਦੇ ਗਵਰਨਰ ਮਾਈਕਲ ਓਡਵਾਇਰ ਨੇ ਬ੍ਰਿਗੇਡੀਅਰ ਜਨਰਲ ਰੇਜੀਨਲਡ ਇਡਵਰਡ ਹੈਰੀ ਡਾਇਰ ਨੂੰ ਹੁਕਮ ਦਿੱਤਾ ਕਿ ਭਾਰਤੀਆਂ ਨੂੰ ਅਜਿਹਾ ਸਬਕ ਸਿਖਾਏ ਜਿਸ ਨਾਲ ਉਹ ਆਉਣ ਵਾਲੇ ਸਮੇਂ ਵਿਚ ਅਜਿਹੀ ਸਭਾ ਨਾ ਕਰ ਸਕਣ। ਜਨਰਲ ਡਾਇਰ ਨੇ 90 ਸੈਨਿਕਾਂ ਦੀ ਮਦਦ ਨਾਲ ਜੱਲ੍ਹਿਆਂ ਵਾਲੇ ਬਾਗ ਨੂੰ ਘੇਰਾ ਪਾ ਲਿਆ ਤੇ ਮਸ਼ੀਨ ਗੰਨਾਂ ਨਾਲ ਅੰਧਾ-ਧੁੰਦ ਗੋਲੀਬਾਰੀ ਕਰਕੇ ਸੈਂਕੜੇ ਭਾਰਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਜੱਲ੍ਹਿਆਂ ਵਾਲੇ ਬਾਗ ਵਿਚ ਲੋਕਾਂ ਦੇ ਆਉਣ ਤੇ ਜਾਣ ਲਈ ਸਿਰਫ ਇਕੋ ਹੀ, ਕੋਈ ਚਾਰ ਜਾਂ ਪੰਜ ਫੁੱਟ ਦਾ ਚੌੜਾ ਬੜਾ ਤੰਗ ਜਿਹਾ ਰਸਤਾ ਹੈ 'ਤੇ ਗੰਨਾਂ ਬੀੜ ਦਿੱਤੀਆਂ ਤਾਂ ਜੋ ਇਸ ਰਸਤੇ ਰਾਹੀਂ ਲੋਕ ਬਾਹਰ ਵੱਲ ਨਾ ਭੱਜ ਸਕਣ, ਬਾਕੀ ਸਾਰੇ ਬਾਗ ਦੇ ਇਰਦ-ਗਿਰਦ ਰਿਹਾਇਸ਼ੀ ਮਕਾਨਾਂ ਦੀ ਪਿੱਠ ਲੱਗਦੀ ਹੈ। ਆਪਣੀ ਜਾਨ ਬਚਾਉਣ ਲਈ ਕੁਝ ਲੋਕਾਂ ਨੇ ਦੀਵਾਰਾਂ ਚੜ੍ਹ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਤੇ ਕੁਝ ਇਕ ਲੋਕਾਂ ਨੇ ਜਾਨ ਬਚਾਉਣ ਲਈ ਬਾਗ ਵਿਚ ਮੌਜੂਦ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਬਾਗ ਵਿਚ ਲੱਗੇ ਬੋਰਡ ਤੇ ਲਿਖਿਆ ਹੋਇਆ ਹੈ ਕਿ 120 ਲਾਸ਼ਾਂ ਸਿਰਫ ਖੂਹ ਵਿਚੋਂ ਹੀ ਮਿਲੀਆਂ।

ਸਰਕਾਰੀ ਤੌਰ 'ਤੇ ਮੌਤਾਂ ਦੀ ਗਿਣਤੀ 379 ਦੱਸੀ ਗਈ ਹੈ ਜਦੋਂ ਕਿ ਪੰਡਤ ਮਦਨ ਮੋਹਨ ਮਾਲਵੀਆ ਅਨੁਸਾਰ ਘੱਟ ਤੋਂ ਘੱਟ 1300 ਲੋਕ ਮਾਰੇ ਗਏ ਸੀ। ਸੁਆਮੀ ਸ਼ਰਧਾ ਨੰਦ ਜੀ ਦੇ ਕਥਨ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1500 ਸੌ ਤੋਂ ਉਪਰ ਸੀ ਜਦੋਂ ਕਿ ਉਸ ਸਮੇਂ ਦੇ ਅੰਮ੍ਰਿਤਸਰ ਦੇ ਸਿਵਲ ਸਰਜਨ ਡਾਕਟਰ ਸਮਿੱਥ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1800 ਤੋਂ ਜ਼ਿਆਦਾ ਸੀ।

ਰਾਜਨੀਤਿਕ ਕਾਰਨਾਂ ਕਰਕੇ ਜੱਲ੍ਹਿਆਂ ਵਾਲੇ ਬਾਗ ਵਿਚ ਹੋਈਆਂ ਮੌਤਾਂ ਦੀ ਗਿਣਤੀ ਦੇ ਅੰਕੜੇ ਕਦੇ ਸਾਹਮਣੇ ਨਹੀਂ ਆਏ। ਇਸ ਬਰਬਰਤਾਪੂਰਨ ਘਟਨਾ ਦਾ ਸਰਦਾਰ ਊਧਮ ਸਿੰਘ ਜੀ 'ਤੇ ਬਹੁਤ ਅਸਰ ਹੋਇਆ ਤੇ ਉਹਨਾਂ ਨੇ ਜੱਲ੍ਹਿਆਂ ਵਾਲੇ ਬਾਗ ਦੀ ਆਪਣੀ ਮੁੱਠੀ ਵਿਚ ਮਿੱਟੀ ਲੈ ਕੇ ਗਵਰਨਰ ਮਾਈਕਲ ਓਡਵਾਇਰ ਤੇ ਡਾਇਰ ਨੂੰ ਸਬਕ ਸਿਖਾਉਣ ਲਈ ਕਸਮ ਖਾਧੀ।

ਇਸ ਘਟਨਾ ਪਿੱਛੋਂ ਸ: ਊਧਮ ਸਿੰਘ ਜੀ 'ਨੌਜਵਾਨ ਕ੍ਰਾਂਤੀ ਗਰੁੱਪ' ਵਿਚ ਸ਼ਾਮਲ ਹੋ ਗਏ। ਉਹ ਸਰਦਾਰ ਭਗਤ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਸਨ। ਉਹ ਹਰ ਸਮੇਂ ਆਪਣੇ ਪਾਸ ਸਰਦਾਰ ਭਗਤ ਸਿੰਘ ਜੀ ਦੀ ਫੋਟੋ ਰੱਖਦੇ ਸਨ ਤੇ ਸਰਦਾਰ ਭਗਤ ਸਿੰਘ ਜੀ ਨੂੰ ਆਪਣਾ ਗੁਰੂ ਮੰਨਦੇ ਸਨ। ਸੰਨ 1924 ਵਿਚ ਸ: ਊਧਮ ਸਿੰਘ ਜੀ 'ਗਦਰ ਪਾਰਟੀ' ਵਿਚ ਸ਼ਾਮਲ ਹੋ ਗਏ। 'ਗਦਰ ਪਾਰਟੀ' ਉਸ ਸਮੇਂ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਜਾਗਰਿਤ ਕਰਕੇ, ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਤਿਆਰ ਕਰ ਰਹੀ ਸੀ। ਸਰਦਾਰ ਊਧਮ ਸਿੰਘ ਜੀ ਰਾਮ ਪ੍ਰਸਾਦ ਬਿਸਮਿਲਾ ਨੂੰ ਬਹੁਤ ਪਸੰਦ ਕਰਦੇ ਸਨ ਜੋ ਭਾਰਤ ਦੀ ਆਜ਼ਾਦੀ ਲਈ ਤਰਾਨੇ ਲਿਖਦੇ ਸਨ ਤੇ ਕ੍ਰਾਂਤੀਕਾਰੀਆਂ ਦੇ ਹਰਮਨ ਪਿਆਰੇ ਕਵੀ ਸਨ। ਸਰਦਾਰ ਊਧਮ ਸਿੰਘ ਜੀ ਕਈ ਸਾਲ ਲਾਲਾ ਲਾਜਪਤ ਰਾਏ ਤੇ ਸਰਦਾਰ ਕਿਸ਼ਨ ਸਿੰਘ ਜੀ ਦੇ ਸੰਪਰਕ ਵਿਚ ਵੀ ਰਹੇ ਕਿਉਂਕਿ ਉਹਨਾਂ ਦੇ ਚੰਗੇ ਮਿੱਤਰ ਵੀ ਸਨ।

1927 ਵਿਚ ਅਮਰੀਕਾ ਵਿਖੇ ਥੋੜ੍ਹਾ ਸਮਾਂ ਰਹਿਣ ਉਪਰੰਤ ਸਰਦਾਰ ਭਗਤ ਸਿੰਘ ਜੀ ਦੇ ਕਹਿਣ ਤੇ ਵਾਪਸ ਭਾਰਤ ਆ ਗਏ। ਉਹ ਅਮਰੀਕਾ ਤੋਂ ਆਪਣੇ 25 ਸਾਥੀਆਂ ਸਮੇਤ ਭਾਰਤ ਵਾਪਸ ਆਏ ਤੇ ਆਪਣੇ ਨਾਲ ਪਿਸਤੌਲ ਤੇ ਹੋਰ ਅਸਲਾ ਵੀ ਆਪਣੇ ਨਾਲ ਲੈ ਕੇ ਆਏ। ਸਰਦਾਰ ਊਧਮ ਸਿੰਘ ਜੀ ਕੋਲ ਅਸਲੇ ਦਾ ਲਾਇਸੈਂਸ ਨਾ ਹੋਣ ਕਾਰਨ ਤੇ ਆਪਣੇ ਨਾਲ ਅਮਰੀਕਾ ਤੋਂ ਗਦਰ ਪਾਰਟੀ ਦੇ ਅਖਬਾਰ 'ਗਦਰ-ਏ-ਗੂੰਜ' ਦੀਆਂ ਕਾਪੀਆਂ ਵੀ ਲੋਕਾਂ ਨੂੰ ਗਦਰ ਪਾਰਟੀ ਦੀ ਅਮਰੀਕਾ ਤੇ ਹੋਰ ਦੇਸ਼ਾਂ ਵਿਚ ਭਾਰਤ ਨੂੰ ਆਜ਼ਾਦ ਕਰਾਉਣ ਲਈ ਕਾਰਗੁਜ਼ਾਰੀ ਦਿਖਾਉਣ ਲਈ ਨਾਲ ਲਿਆਏ ਸਨ, ਸਮੇਤ ਗ੍ਰਿਫਤਾਰ ਕਰ ਲਏ ਗਏ। ਇਸ ਕੇਸ ਵਿਚ ਉਹਨਾਂ ਨੂੰ ਪੰਜ ਸਾਲ ਦੀ ਬਾਮੁਸ਼ੱਕਤ ਜੇਲ੍ਹ ਜਾਣਾ ਪਿਆ। ਇਸ ਮੁਕੱਦਮੇ ਦੌਰਾਨ ਉਹਨਾਂ ਨੇ ਅਦਾਲਤ ਵਿਚ ਇਹ ਬਿਆਨ ਦਿੱਤਾ ਕਿ ਰੂਸ ਦੇ ਬੋਲਸਵਿਕੀ ਤੋਂ ਉਹ ਪੂਰੀ ਤਰ੍ਹਾਂ ਪ੍ਰਭਾਵਿਤ ਹਨ ਤੇ ਉਹਨਾਂ ਦਾ ਉਦੇਸ਼ ਭਾਰਤ ਵਿਚ ਹਕੂਮਤ ਕਰ ਰਹੇ ਅੰਗਰੇਜ਼ਾਂ ਨੂੰ ਕਤਲ ਕਰਨ ਦਾ ਹੈ ਤਾਂ ਜੋ ਭਾਰਤ ਆਜ਼ਾਦ ਹੋ ਸਕੇ।

1931 ਵਿਚ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਪੰਜਾਬ ਪੁਲਿਸ ਦੀ ਉਨ੍ਹਾਂ 'ਤੇ ਹਰ ਵਕਤ ਨਜ਼ਰ ਰਹਿੰਦੀ ਸੀ। ਰਿਹਾਅ ਹੋਣ ਤੋਂ ਬਾਅਦ ਫਿਰ ਉਹ ਆਪਣੇ ਜੱਦੀ ਘਰ ਸੁਨਾਮ ਵਿਖੇ ਆ ਗਏ, ਉਥੇ ਵੀ ਉਹਨਾਂ ਨੂੰ ਪੰਜਾਬ ਪੁਲਿਸ ਬਹੁਤ ਤੰਗ ਤੇ ਪ੍ਰੇਸ਼ਾਨ ਕਰਦੀ ਰਹਿੰਦੀ ਸੀ। ਥੋੜ੍ਹਾ ਚਿਰ ਉਥੇ ਰਹਿਣ ਉਪਰੰਤ ਉਹ ਫਿਰ ਅੰਮ੍ਰਿਤਸਰ ਆ ਗਏ ਤੇ ਇੱਥੇ ਉਹਨਾਂ ਨੇ ਰਾਮ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਹੇਠ 'ਸਾਈਨ ਬੋਰਡ ਪੇਂਟਰ' ਦੀ ਦੁਕਾਨ ਖੋਲ੍ਹ ਲਈ ਤੇ ਥੋੜ੍ਹਾ ਸਮਾਂ ਇਹ ਕੰਮ ਕਰਨ ਉਪਰੰਤ ਉਹ ਜੰਮੂ ਆ ਗਏ। ਉਥੋਂ ਉਹ ਪੁਲਿਸ ਦੀਆਂ ਨਜ਼ਰਾਂ ਤੋਂ ਬਚ ਕੇ ਜਰਮਨ ਚਲੇ ਗਏ। ਸਰਦਾਰ ਊਧਮ ਸਿੰਘ ਜੀ ਯੂਰਪ ਦੇ ਕਈ ਦੇਸ਼ਾਂ 'ਚ ਘੁੰਮਦੇ ਹੋਏ 1934 ਵਿਚ ਲੰਡਨ ਪਹੁੰਚ ਗਏ। ਇੱਥੇ ਪਹੁੰਚ ਕੇ ਉਨ੍ਹਾਂ ਨੇ ਮਾਈਕਲ ਓਡਵਾਇਰ ਤੇ ਜਨਰਲ ਡਾਇਰ ਨੂੰ ਮਾਰਨ ਲਈ ਪੂਰੀ ਵਿਉਂਤਬੰਦੀ ਕੀਤੀ। ਉਨ੍ਹਾਂ ਨੇ ਇੱਥੇ, ਇਕ ਕਾਰ ਤੇ ਪਿਸਤੌਲ ਖਰੀਦਿਆ ਤੇ ਫਿਰ ਢੁਕਵਾਂ ਸਮਾਂ ਆਉਣ ਦਾ ਇੰਤਜ਼ਾਰ ਕਰਨ ਲੱਗੇ। ਭਾਰਤ ਦੇ ਮਹਾਨ ਯੋਧੇ ਨੂੰ ਜਿਸ ਮੌਕੇ ਦੀ ਇੰਤਜ਼ਾਰ ਸੀ, ਉਹ ਢੁਕਵਾਂ ਸਮਾਂ ਉਸ ਨੂੰ 13 ਮਾਰਚ, 1940 ਨੂੰ ਉਸ ਸਮੇਂ ਮਿਲਿਆ, ਜਦੋਂ ਮਾਈਕਲ ਓਡਵਾਇਰ ਲੰਡਨ ਦੇ ਕੈਗਸਟਨ ਹਾਲ ਵਿਚ 'ਈਸਟ ਇੰਡੀਆ ਐਸੋਸੀਏਸ਼ਨ' ਅਤੇ ਸੈਂਟਰਲ ਏਸ਼ੀਆ ਸੁਸਾਇਟੀ (ਹੁਣ ਰਾਇਲ ਸੁਸਾਇਟੀ ਫਾਰ ਏਸ਼ੀਅਨ ਅਫੇਅਰਜ਼) ਵੱਲੋਂ ਕੀਤੀ ਜਾ ਰਹੀ ਮੀਟਿੰਗ ਵਿਚ ਭਾਸ਼ਣ ਦੇਣਾ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਲਾਰਡ ਜੈੱਟਲੈਂਡ ਨੇ ਕਰਨੀ ਸੀ ਤੇ ਉਹ ਉਸ ਸਮੇਂ 'ਸੈਕਟਰੀ ਆਫ ਸਟੇਟ ਫਾਰ ਇੰਡੀਆ' ਸੀ।

ਸਰਦਾਰ ਊਧਮ ਸਿੰਘ ਜੀ ਨੇ ਇਕ ਮੋਟੀ ਕਿਤਾਬ ਨੂੰ ਵਿਚੋਂ ਕੱਟ ਕੇ ਰਿਵਾਲਵਰ ਨੂੰ ਲੁਕੋਣ ਲਈ ਜਗ੍ਹਾ ਬਣਾ ਲਈ ਤੇ ਕੈਗਸਟਨ ਹਾਲ ਵਿਚ ਦਾਖਲ ਹੋਣ ਲਈ ਕਾਮਯਾਬ ਹੋ ਗਏ। ਜਿਉਂ ਹੀ ਮਾਈਕਲ ਓਡਵਾਇਰ ਦਾ ਭਾਸ਼ਣ ਖਤਮ ਹੋਇਆ ਤੇ ਸਟੇਜ ਦੇ ਲਾਗੇ ਜਾ ਕੇ ਆਪਣਾ ਮੋਰਚਾ ਸੰਭਾਲਦਿਆਂ ਹੀ ਮਾਈਕਲ ਓਡਵਾਇਰ ਨੂੰ 'ਅਸਮਾਨੀ ਬਿਜਲੀ ਵਾਂਗ ਗਰਜਦਿਆਂ ਹੋਇਆਂ ਲਲਕਾਰਿਆ ਤੇ ਉਸ 'ਤੇ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ ਦੋ ਗੋਲੀਆਂ ਲੱਗੀਆਂ ਤੇ ਮਾਈਕਲ ਓਡਵਾਇਰ ਉਥੇ ਹੀ ਸਟੇਜ 'ਤੇ ਢੇਰੀ ਹੋ ਗਿਆ। ਉਸ ਦੀਆਂ ਗੋਲੀਆਂ ਨਾਲ ਦੂਸਰੇ ਵੀ ਕਈ ਆਦਮੀ ਸਟੇਜ 'ਤੇ ਜ਼ਖ਼ਮੀ ਹੋ ਗਏ, ਜਿਹਨਾਂ ਦੇ ਨਾਮ ਹਨ ਲੁਈਜ਼ ਡੈਨੀ, ਲਾਰੈਂਸ ਡਨਡਸ-ਦੂਜਾ, ਮਾਰਕਿਊਜ਼ ਆਫ ਜੈੱਟਲੈਂਡ, ਚਾਰਲਸ ਕੋਕਰੈਨੀ ਬੈਲੀ ਤੇ ਦੂਸਰਾ ਬੈਰਨ ਲਾਮੈਂਗਟਨ। ਹਾਲ ਵਿਚ ਉਸ ਸਮੇਂ ਹਾਹਾਕਾਰ ਮੱਚ ਗਈ। ਸਰਦਾਰ ਊਧਮ ਸਿੰਘ ਜੀ ਨੇ ਉਥੋਂ ਭੱਜਣ ਦਾ ਯਤਨ ਨਹੀਂ ਕੀਤਾ। ਇਸ ਸਮੇਂ ਮੀਟਿੰਗ ਵਿਚ ਇਕ ਹਾਜ਼ਰ ਅੰਗਰੇਜ਼ ਔਰਤ ਜਿਸਦਾ ਨਾਮ ਬਰਥਾ ਹੈਰਿੰਗ ਸੀ, ਨੇ ਪਿਛਿਓਂ ਊਧਮ ਸਿੰਘ ਜੀ ਨੂੰ ਜੱਫਾ ਮਾਰ ਕੇ ਪਕੜ ਲਿਆ। ਊਧਮ ਸਿੰਘ ਜੀ ਦੇ ਪਿਸਤੌਲ ਵਿਚ ਅਜੇ ਗੋਲੀਆਂ ਸਨ। ਉਹ ਉਸ ਔਰਤ ਦੇ ਗੋਲੀ ਮਾਰ ਕੇ ਭੱਜ ਸਕਦੇ ਸਨ ਪਰ ਉਹਨਾਂ ਨੇ ਇੰਝ ਨਹੀਂ ਕੀਤਾ ਤੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ। ਅਦਾਲਤ ਵਿਚ ਉਹਨਾਂ ਕੋਲੋਂ ਜੱਜ ਨੇ ਪੁੱਛਿਆ ਕਿ ਤੁਸੀਂ ਉਸ ਔਰਤ ਦੇ ਗੋਲੀ ਕਿਉਂ ਨਹੀਂ ਮਾਰੀ ਤਾਂ ਇਸ ਦਾ ਉੱਤਰ ਸਰਦਾਰ ਊਧਮ ਸਿੰਘ ਜੀ ਨੇ ਦਿੱਤਾ ਕਿ ਮੈਂ ਔਰਤ 'ਤੇ ਗੋਲੀ ਚਲਾ ਕੇ ਭੱਜ ਸਕਦਾ ਸੀ ਪਰ ਭਾਰਤੀ ਸੰਸਕ੍ਰਿਤੀ ਤੇ ਤਹਿਜ਼ੀਬ ਵਿਚ ਇਕ ਔਰਤ 'ਤੇ ਹਮਲਾ ਕਰਨਾ ਪਾਪ ਹੈ।

ਮੁਕੱਦਮੇ ਦੌਰਾਨ ਉਹਨਾਂ ਨੂੰ ਬਰਿਕਸਟਨ ਦੀ ਜੇਲ੍ਹ ਵਿਚ ਰੱਖਿਆ ਗਿਆ, ਜਿੱਥੋਂ ਉਹ ਸ: ਸ਼ਿਵ ਸਿੰਘ ਜੌਹਲ ਨੂੰ ਚਿੱਠੀਆਂ ਲਿਖਦੇ ਰਹੇ ਜੋ ਮਾਈਕਲ ਓਡਵਾਇਰ ਦੇ ਕਤਲ ਤੋਂ ਬਾਅਦ ਲਿਖੀਆਂ ਸਨ। ਇਹ ਚਿੱਠੀਆਂ ਖੋਜ ਤੋਂ ਉਪਰੰਤ ਪ੍ਰਾਪਤ ਹੋਈਆਂ ਹਨ ਤੇ ਜਿਨ੍ਹਾਂ ਨੂੰ ਛਾਪਿਆ ਗਿਆ ਹੈ। ਇਨ੍ਹਾਂ ਚਿੱਠੀਆਂ ਤੋਂ ਸਰਦਾਰ ਊਧਮ ਸਿੰਘ ਜੀ ਦੇ ਬੁਲੰਦ ਇਰਾਦਿਆਂ, ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਤੇ ਬਹਾਦਰੀ ਦਾ ਪਤਾ ਲੱਗਦਾ ਹੈ। He called himself a guest of His Majesty King George and he looked upon death as a bride he was going to wed.' ਉਸ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਆਦਰਸ਼ਾਂ 'ਤੇ ਚੱਲ ਕੇ ਦੇਸ਼ ਲਈ ਕੁਰਬਾਨੀ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਿਆ ਹੈ। ਉਸ ਨੇ ਕੇਸ ਦੌਰਾਨ ਅਦਾਲਤ ਵਿਚ ਮੰਗ ਰੱਖੀ ਕਿ ਉਸ ਦੀਆਂ ਅਸਥੀਆਂ ਭਾਰਤ ਭੇਜੀਆਂ ਜਾਣ ਪਰ ਫਾਂਸੀ ਉਪਰੰਤ ਅੰਗਰੇਜ਼ ਸਰਕਾਰ ਨੇ ਭੇਜਣ ਦੀ ਇਜਾਜ਼ਤ ਉਦੋਂ ਨਾ ਦਿੱਤੀ।

ਇਸ ਜੇਲ੍ਹ ਵਿਚ ਉਹ 42 ਦਿਨ ਭੁੱਖ ਹੜਤਾਲ 'ਤੇ ਰਹੇ ਤੇ ਉਹਨਾਂ ਨੂੰ ਜ਼ਬਰਦਸਤੀ ਖੁਰਾਕ ਦੇ ਕੇ ਉਨ੍ਹਾਂ ਦਾ ਮਰਨ ਵਰਤ ਤੁੜਵਾਇਆ ਗਿਆ। 4 ਜੂਨ, 1940 ਤੱਕ ਸੈਂਟਰਲ ਕ੍ਰਿਮੀਨਲ ਕੋਰਟ, ਓਲਡ ਵੈਲੀ ਵਿਚ ਉਹਨਾਂ ਤੇ ਕਤਲ ਦਾ ਕੇਸ ਚਲਾਇਆ ਗਿਆ ਤੇ ਜੱਜ ਐਟਕਿਨਸਨ ਨੇ ਉਹਨਾਂ ਤੋਂ ਪੁੱਛਿਆ ਕਿ ਤੁਸੀਂ ਇਹ ਕਤਲ ਕਿਉਂ ਕੀਤਾ ਤਾਂ ਸਰਦਾਰ ਊਧਮ ਸਿੰਘ ਜੀ ਨੇ ਬੜੀ ਦਲੇਰੀ ਨਾਲ ਉੱਤਰ ਦਿੱਤਾ ਕਿ, "ਮੈਨੂੰ ਮਾਈਕਲ ਓਡਵਾਇਰ 'ਤੇ ਜੱਲ੍ਹਿਆਂ ਵਾਲਾ ਬਾਗ ਵਿਖੇ ਹੋਏ ਕਤਲ ਕਾਂਡ ਪ੍ਰਤੀ ਗੁੱਸਾ ਸੀ ਤੇ ਇਸ ਲਈ ਇਹ ਡਜ਼ਰਬ ਵੀ ਕਰਦਾ ਸੀ।" 31 ਜੁਲਾਈ, 1940 ਨੂੰ ਪੈਂਟਨ ਵਿਲੇ ਦੀ ਜੇਲ੍ਹ ਵਿਚ ਸਰਦਾਰ ਊਧਮ ਸਿੰਘ ਜੀ ਨੂੰ ਫਾਂਸੀ ਲਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਫਾਂਸੀ ਨੂੰ ਸਰਦਾਰ ਊਧਮ ਸਿੰਘ ਜੀ ਨੇ ਹੱਸਦੇ-ਹੱਸਦੇ ਸਵੀਕਾਰ ਕੀਤਾ।

ਸਰਦਾਰ ਊਧਮ ਸਿੰਘ ਜੀ ਨੇ ਆਪਣੀ ਇਹ ਪ੍ਰਤਿੱਗਿਆ ਪੂਰੀ ਕਰਕੇ ਦੁਨੀਆਂ ਨੂੰ ਇਹ ਸੰਦੇਸ਼ ਦਿੱਤਾ ਕਿ ਭਾਰਤੀ ਸੂਰਬੀਰ ਅੱਤਿਆਚਾਰੀਆਂ ਨੂੰ ਕਦੇ ਨਹੀਂ ਬਖ਼ਸ਼ਦੇ। 31 ਜੁਲਾਈ, 1974 ਨੂੰ ਬ੍ਰਿਟਿਸ਼ ਸਰਕਾਰ ਨੇ, ਭਾਰਤ ਸਰਕਾਰ, ਗਿਆਨੀ ਜ਼ੈਲ ਸਿੰਘ ਜੀ ਤੇ ਐਮ. ਐਲ. ਏ. ਸਰਦਾਰ ਸਾਧੂ ਸਿੰਘ ਜੀ ਦੇ ਯਤਨਾਂ ਨਾਲ ਸ਼ਹੀਦ ਸਰਦਾਰ ਊਧਮ ਸਿੰਘ ਜੀ ਦੀਆਂ ਅਸਥੀਆਂ ਨੂੰ ਭਾਰਤ ਲਿਆਂਦਾ ਤੇ ਇਹਨਾਂ ਅਸਥੀਆਂ ਨੂੰ ਉਸ ਸਮੇਂ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ, ਰਾਸ਼ਟਰਪਤੀ ਸ੍ਰੀ ਸ਼ੰਕਰ ਦਿਆਲ ਸ਼ਰਮਾ ਜੀ ਤੇ ਗਿਆਨੀ ਜ਼ੈਲ ਸਿੰਘ ਜੀ ਨੇ ਬੜੇ ਸਤਿਕਾਰ ਸਹਿਤ ਪ੍ਰਾਪਤ ਕੀਤਾ ਤੇ ਲੱਖਾਂ ਦੀ ਗਿਣਤੀ ਵਿਚ ਭਾਰਤ ਵਾ-ਸੀਆਂ ਨੇ ਇਹਨਾਂ ਨੂੰ ਆਪਣੇ ਸ਼ਰਧਾ ਸੁੰਮਨ ਭੇਂਟ ਕੀਤੇ ਤੇ ਸਰਕਾਰੀ ਸਨਮਾਨਾਂ ਨਾਲ ਇਹਨਾਂ ਦਾ ਸੰਸਕਾਰ, ਉਹਨਾਂ ਦੇ ਜੱਦੀ ਕਸਬੇ ਸੁਨਾਮ (ਪੰਜਾਬ) ਵਿਖੇ ਕੀਤਾ ਤੇ ਉਨ੍ਹਾਂ ਦੀਆਂ ਅਸਤੀਆਂ ਨੂੰ ਸਤਲੁਜ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤਾ। ਜਿੱਥੇ ਮਾਈਕਲ ਓਡਵਾਇਰ ਨੂੰ ਸਰਦਾਰ ਊਧਮ ਸਿੰਘ ਜੀ ਨੇ ਗੋਲੀਆਂ ਮਾਰ ਕੇ ਉਡਾਅ ਦਿੱਤਾ, ਉਥੇ ਜਨਰਲ ਡਾਇਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੇ ਮਾਨਸਿਕ ਪ੍ਰੇਸ਼ਾਨੀਆਂ ਨਾਲ ਤੜਫ-ਤੜਫਕੇ, ਬੁਰੀ ਤਰ੍ਹਾਂ ਆਪਣੀ ਮੌਤੇ ਮਰ ਗਿਆ ਸੀ।

ਸਰਦਾਰ ਊਧਮ ਸਿੰਘ ਜੀ ਨੂੰ ਆਪਣੀ ਪੇਟ-ਪੂਰਤੀ ਲਈ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਬਹੁਤ ਪਾਪੜ ਵੇਲਣੇ ਪਏ। ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਤੇ ਕਈ ਦੇਸ਼ਾਂ ਦੀ ਯਾਤਰਾ ਵੀ ਕਰਨੀ ਪਈ। ਊਧਮ ਸਿੰਘ ਜੀ ਨੇ ਕੋਈ ਇਕ ਸਾਲ ਦੇ ਕਰੀਬ ਫੌਜ ਵਿਚ ਨੌਕਰੀ ਬਸਰਾ ਵਿਖੇ ਵੀ ਕੀਤੀ। ਦੋ ਸਾਲਾਂ ਦੇ ਕਰੀਬ ਉਹ ਬ੍ਰਿਟਿਸ਼ ਈਸਟ ਅਫਰੀਕਾ ਵਿਚ ਵੀ ਰਿਹਾ। ਉਥੋਂ ਉਹ ਕੁਝ ਮਹੀਨਿਆਂ ਲਈ ਭਾਰਤ ਵੀ ਵਾਪਸ ਆ ਗਿਆ ਤੇ ਫਿਰ ਛੇਤੀ ਹੀ ਇੰਗਲੈਂਡ ਲੰਡਨ ਵਿਖੇ ਸਰਦਾਰ ਪ੍ਰੀਤਮ ਸਿੰਘ ਜੀ ਦੀ ਕੰਪਨੀ ਵਿਚ ਚਲਾ ਗਿਆ।

ਸਰਦਾਰ ਊਧਮ ਸਿੰਘ ਵਾਇਆ ਮੈਕਸੀਕੋ ਅਮਰੀਕਾ ਵੀ ਗਿਆ ਤੇ ਤਕਰੀਬਨ ਦੋ ਸਾਲ ਕੈਲੇਫੋਰਨੀਆ ਵਿਚ ਰਿਹਾ ਤੇ ਕੰਮ ਵੀ ਕੀਤਾ। ਫਿਰ ਕੁਝ ਮਹੀਨੇ ਡੈਟਰਾਇਟ ਤੇ ਸ਼ਿਕਾਗੋ ਤੇ ਉਸ ਤੋਂ ਬਾਅਦ ਪੂਰਬੀ ਨਿਊਯਾਰਕ ਵਿਚ ਕੋਈ ਪੰਜ ਸਾਲਾਂ ਤੱਕ ਰਿਹਾ। ਇੱਥੇ ਉਸ ਨੇ ਸ਼ਿਪਿੰਗ ਕੰਪਨੀ ਵਿਚ ਕੰਮ ਕੀਤਾ। ਇੱਥੇ ਉਸ ਸਮੇਂ ਅਮਰੀਕੀ ਸ਼ਿਪਿੰਗ ਕੰਪਨੀਆਂ ਵਿਚ ਭਾਰਤੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ। ਇੱਥੇ ਉਨ੍ਹਾਂ ਨੇ ਆਪਣਾ ਨਾਮ ਬਦਲ ਕੇ Frank Brizil of Porto Rico ਰੱਖ ਲਿਆ ਤੇ ਇਕ Seaman ਦੇ ਤਜਰਬੇ ਦਾ ਸਰਟੀਫਿਕੇਟ ਵੀ ਪ੍ਰਾਪਤ ਕਰ ਲਿਆ। ਇੱਥੇ ਉਹਨਾਂ ਨੇ ਇਕ ਕੰਪਨੀਆਂ ਵਿਚ ਕੰਮ ਵੀ ਕੀਤਾ। ਨਿਊਯਾਰਕ ਤੋਂ ਉਹਨਾਂ ਨੇ ਸਮੁੰਦਰੀ ਜਹਾਜ਼ ਰਾਹੀਂ ਯੂਰਪ ਦੇ ਕਈ ਦੇਸ਼ਾਂ ਦਾ ਸਫ਼ਰ ਵੀ ਕੀਤਾ। ਸਭ ਤੋਂ ਪਹਿਲਾਂ ਉਹ ਫਰਾਂਸ ਪਹੁੰਚੇ। ਉਸ ਤੋਂ ਬਾਅਦ ਬੈਲਜੀਅਮ, ਜਰਮਨੀ, ਲਾਤੁਨੀਆਂ ਦੇ ਵਿਲਨਾਂ ਤੇ ਵਾਪਸੀ ਹੰਗਰੀ, ਪੋਲੈਂਡ, ਸਵਿਟਜ਼ਰਲੈਂਡ, ਇਟਲੀ ਤੇ ਫਿਰ ਫਰਾਂਸ ਤੋਂ ਵਾਪਸ ਅਮਰੀਕਾ ਆ ਗਏ। ਇਸ ਪਿੱਛੋਂ ਥੋੜ੍ਹੇ ਮਹੀਨੇ ਅਮਰੀਕਾ ਵਿਚ ਰਹਿ ਕੇ ਫਿਰ ਸਮੁੰਦਰੀ ਜਹਾਜ਼ਾਂ ਵਿਚ ਕਈ ਮੈਡੀਟੇਰੀਅਨ ਬੰਦਰਗਾਹਾਂ 'ਤੇ ਇਕ ਤਰਖਾਣ (ਕਾਰਪੈਂਟਰ) ਦੇ ਤੌਰ 'ਤੇ ਨੌਕਰੀ ਕੀਤੀ ਤੇ ਅਖੀਰ ਇਕ ਪੋਤ ਰਾਹੀਂ ਉਹ ਕਰਾਚੀ ਪਹੁੰਚ ਗਏ। ਉਥੋਂ ਹੁੰਦੇ ਹੋਏ 1927 ਵਿਚ ਕਲਕੱਤਾ ਪਹੁੰਚ ਗਏ। ਅਮਰੀਕਾ ਰਹਿੰਦੇ ਸਮੇਂ ਉਹ ਗਦਰ ਪਾਰਟੀ ਦਾ ਕ੍ਰਾਂਤੀਕਾਰੀ ਸਾਹਿਤ ਪੜ੍ਹ ਕੇ ਜੋ ਕਿ 'ਗਦਰ' ਅਖ਼ਬਾਰ ਵਿਚ ਛਪਦਾ ਸੀ, ਤੋਂ ਬਹੁਤ ਪ੍ਰਭਾਵਿਤ ਹੋਏ। 27 ਜੁਲਾਈ 1927 ਨੂੰ ਉਹਨਾਂ ਨੂੰ ਗਦਰੀ ਸਾਹਿਤ ਤੇ ਇਤਰਾਜ਼ਯੋਗ ਪੋਸਟ ਕਾਰਡ ਕੋਲ ਰੱਖਣ ਕਰਕੇ ਜੁਰਮਾਨਾ ਵੀ ਕੀਤਾ ਗਿਆ।

(ਬਾਕੀ ਅਗਲੇ ਸਫੇ ਤੇ)

# ਆਉ ਆਪਣੇ ਸਿਧਾਂਤ ਵੱਲ ਮੁੜ ਚੱਲੀਏ



ਨਿਸਾਨ ਸਿੰਘ ਢਿੱਲੋਂ
91-98767-30001

ਦੁਨੀਆਂ ਦੇ ਇਤਿਹਾਸ ਫਰੋਲੀਏ ਤਾਂ ਪਤਾਂ ਲਗਦਾ ਹੈ ਕਿ ਸਿੱਖ ਇਤਹਾਸ ਕਿੰਨਾ ਵਿਲਖੱਣ ਅਤੇ ਗੌਰਵਮਈ ਹੈ । ਭਾਵੇਂ ਕੇ ਦੂਸਰੇ ਧਰਮਾਂ ਨਾਲੋਂ ਉਮਰ ਵਿੱਚ ਛੋਟਾ ਹੈ, ਪਰ ਸ਼ਹੀਦੀਆਂ ਦੀ ਕਤਾਰ ਸਭ ਧਰਮਾਂ ਨਾਲੋਂ ਵੱਡੀ ਹੈ । ਸਿੱਖ ਕੌਮ ਦੀ ਇੱਕ ਖਾਸ ਅਤੇ ਪ੍ਰਭਾਵ ਸ਼ਾਲੀ ਗੱਲ ਇਹ ਰਹੀ, ਕਿ ਕਿਸੇ ਦੇ ਬਣਾਏ ਰਾਹਾਂ ਉਪਰ ਖਾਲਸਾ ਨਹੀਂ ਚੱਲਿਆ ਸਗੋਂ ਜਿਸ ਰਸਤੇ ਥਾਣੀ ਤੁਰਿਆ ਪਿੱਛੇ ਆਪਣੇ ਆਪ ਰਾਹ ਬੱਣਦੇ ਗਏ । ਜਿਸ ਸਿੱਖ ਪੰਥ ਦੀਆ ਗੂੰਜਾਂ  ਕਾਬਲ ਕੰਧਾਰ ਤੱਕ ਗੂੰਜੀਆਂ, ਉਸ ਪੰਥ ਨੂੰ ਬਾਦਸ਼ਾਹ ਦਰਵੇਸ਼, ਸਾਹਿਬ ਏ ਕਮਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਆਪਣੇ ਹੱਥੀਂ ਸਾਜਿਆ ਅਤੇ ਉਸ ਸਿੱਖ ਪੰਥ ਦੇ ਬੂਟੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪੜਦਾਦੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਾਣੀ ਦੀ ਥਾਂ ਆਪਣੇ ਖੂਨ ਨਾਲ ਸਿੰਜਿਆ, ਉਸ ਦੀ ਹੋਂਦ ਨੂੰ ਲੰਬੇਰੀ ਅਤੇ ਬੁਨਿਆਦ ਨੂੰ ਪਕੇਰਾ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਹੀ ਵਾਰ ਦਿੱਤਾ ਅਤੇ ਸਾਡੇ ਵੱਲ ਹੱਥ ਨੂੰ ਵਧਾਉਂਦੇ ਹੋਏ ਇੱਕ ਮਾਣ ਕੀਤਾ, ਕਿ, ਇੱਨ ਪੁਤਰੱਨ ਕੇ, ਸੀਸ ਪਰ ਵਾਰ ਦੀਏ ਸੁਤ ਚਾਰ, ਚਾਰ ਮੂਏ ਤੋ ਕਿਆ ਭਇਆ, ਜੀਵਤ ਲਾਖ ਹਜਾਰ, ਦਸ਼ਮੇਸ਼ ਪਿਤਾ ਜੀ ਨੇ ਆਪਣੇ ਪੁੱਤਰ ਵਾਰ ਕਿ ਸਾਨੂੰ ਗੋਦ ਲਿਆ । ਸਿੱਖ ਕੌਮ ਨੂੰ ਸਭ ਤੋਂ ਨਿਆਰਾ ਵਿਲੱਖਣ ਸਿਧਾਂਤ ਬਖਸ਼ ਕਿ ਰਾਜ ਕਰਨ ਦੇ ਯੋਗ ਕੀਤਾ । ਜਿਸ ਨਿਆਰੇਪਣ ਦਾ ਸਿੱਖ ਕੌਮ ਨੂੰ ਪਾਂਦੀਂ ਬਣਾਇਆ ਸੀ । ਉਹ ਨਿਆਰਾਪਣ ਅੱਜ ਸਿੱਖ ਕੌਮ ਕੋਲ ਹੈ? ਜਿਸ ਦਸਤਾਰ ਲਈ ਕਦੇ ਖਾਲਸੇ ਪੰਥ ਨੇ ਬਿਅੰਤ ਕੁਰਬਾਨੀਆਂ ਕੀਤੀਆਂ । ਉਹ ਦਸਤਾਰ ਅੱਜ ਵੀ ਸਿੱਖ ਦੇ ਸੀਸ ਦਾ ਤਾਜ ਹੈ? ਸਿੱਖਾਂ ਦੇ ਵਡੇਰਿਆਂ ਦੇ ਕਿਰਦਾਰ ਨੂੰ ਗੈਰ ਧਰਮ ਦੇ ਲੋਕ ਅੱਜ ਵੀ ਵੀ ਯਾਦ ਕਰਦੇ ਹਨ ਕੀ ਸਿੱਖ ਦਾ ਕਿਰਦਾਰ ਅੱਜ ਵੀ ਆਪਣੇ ਪੁੁਰਖਾਂ ਵਾਂਗੂੰ ਬਰਕਰਾਰ ਹੈ ?ਖੰਡੇ ਬਾਟੇ ਦੇ ਅਮ੍ਰਿਤ ਦੀ ਪਾਹੁਲ ਦੇਣ ਲੱਗਿਆ ਜਿਸ ਜਾਤ, ਪਾਤ, ਉਚ ਨੀਚ, ਛੂਆ ਛਾਤ, ਦਾ ਗੁਮਾਨ ਗੁਰੂ ਜੀ ਨੇ ਮਿਟਾਇਆ ਸੀ । ਕਿਤੇ ਦੋਬਾਰਾ ਉਹਨਾਂ ਜਾਤਾ ਪਾਤਾ ਵਿੱਚ ਹੀ ਉਲਜ ਕੇ ਤਾਂ ਨਹੀਂ ਰਹਿ ਗਿਆ ਗੁਰੂ ਕਾ ਖਾਲਸਾ? ਕਿਤੇ ਦੁਬਾਰਾ ਗੁਰੂ ਕਾ ਸਿੱਖ ਗੁਰੂ ਘਰ ਦਾ ਬੇਦਾਵੀਆ ਤਾਂ ਨਹੀ ਹੋ ਗਿਆ । ਜੇਕਰ ਹੈ, ਤਾਂ ਚੇਤਾ ਰੱਖਿਉ ਕਿ ਗੁਰੂ ਸਾਹਿਬ ਜੀ ਨੇ ਨਾਂ ਤਾਂ ਘਮਸਾਨ ਦੀ ਜੰਗ ਵਿੱਚ ਗਵਾਂਚਣ ਦਿੱਤਾ ਸੀ ਅਤੇ ਨਾਂ ਹੀ ਸਰਸਾ ਨਦੀ ਵਿੱਚ ਭਿਜਣ ਦਿੱਤਾ ਸੀ ਉਬੇਦਾਵਾ?

ਜੇਕਰ ਅੱਜ ਕੱਲ ਦੇ ਸਿੱਖ ਵੱਲ ਝਾਤੀ ਮਾਰੀਏ ਤਾਂ ਇੱਕ ਗੱਲ ਸਾਫ ਸਮਝ ਪੈਂਦੀ ਹੈ, ਨਾਂ ਤਾਂ ਸਿੱਖ ਕੋਲ ਵਿਲਖੱਣ ਸਿਧਾਂਤ ਹੀ ਰਿਹਾ ਅਤੇ ਨਾ ਹੀ ਸਰੂਪ, ਅੱਜ ਦਾ ਸਿੱਖ ਜਾਤ ਪਾਤ ਦੇ ਚੱਕਰਾਂ ਵਿੱਚ ਹੀ ਸਿੰਮਟ ਕੇ ਰਹੇ ਗਿਆ ਹੈ । ਸਿੱਖਾਂ ਦੀ ਮਾਨਸਿਕਤਾ ਵਿੱਚ ਨਿਘਾਰ ਇਹਨੇ ਵੱਡੇ ਪੱਧਰ ਤੇ ਆ ਚੁੱਕਾ ਹੈ, ਮਨੁੱਖ ਜਾਤੀ ਵਿੱਚ ਤਾਂ ਜਾਤ ਪਾਤ, ਕੁਲ, ਗੋਤ, ਵਿੱਚ ਵੰਡਿਆ ਹੀ ਸੀ ਨਾਲ ਇਸ ਅਧਾਰ ਤੇ ਆਪਣੇ ਗੁਰੂ ਘਰ ਵੀ ਵੰਡ ਲਏ ਅਤੇ ਹੁਣ ਗੱਲ ਏਥੋਂ ਤੱਕ ਆਣ ਪਹੁੰਚੀ ਹੈ ਕਿ ਆਪਣੀ ਜਾਤ ਬਰਾਦਰੀ ਦੀ ਪੱਤੀ ਦੇ ਗੁਰਦਵਾਰੇ ਹੀ ਮੱਥਾ ਟੇਕਣ ਜਾਂਦਾ ਹੈ, ਸਾਰਿਆ ਤੋਂ ਨਿਆਰਾ ਅਖਵਾਉਂਣ ਵਾਲਾ ਸਿੱਖ । ਘਰ ਵਿੱਚ ਖੁਸ਼ੀ ਗਮੀ ਹੋਣ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵੀ ਆਪਣੀ ਗੋਤ ਨਾਲ ਸਬੰਧਤ ਗੁਰੂ ਘਰੋਂ ਹੀ ਲਿਆਉਂਦਾ ਹੈ । ਖੰਡੇ ਬਾਟੇ ਦੇ ਅੰਮ੍ਰਿਤ ਦੀਆਂ ਵੰਡੀਆ ਵੀ ਪਾ ਲਈਆਂ ਹਨ ।  ਜਿਸ ਗੁਰੂ ਕੇ ਖਾਲਸੇ ਨੂੰ ਪੂਰਨ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਦਾ ਹੁਕਮ ਸੀ, ਉਹ ਅੱਜ ਰੋਟ ਸੀਰਨੀਆਂ ਸੱਪਾਂ ਦੀਆਂ ਖੁੱਡਾਂ ਤੇ ਚੜਉਂਦਾ ਅਤੇ ਪਖੰਡੀ ਬਾਬਿਆਂ ਦੇ ਡੇਰਿਆਂ ਤੇ ਲੇਟਨੀਆਂ ਲੈਦਾਂ ਫਿਰਦਾ ਹੈ । ਪੁਤਰਾਂ ਧੀਆਂ ਦੇ ਅਨੰਦ ਕਾਰਜ ਵੀ ਤਾਂਤਰਿਕ ਜੋਤਸ਼ੀਆਂ ਨੂੰ ਪੁੱਛ ਕੇ ਰੱਖਦਾ ਹੈ । ਜਿਸ ਖਾਲਸੇ ਨੂੰ ਸੰਤ ਸਿਪਾਹੀ ਦਾ ਖਿਤਾਬ ਵਿਰਸੇ ਵਿੱਚ ਹੀ ਮਿਲਿਆ ਸੀ, ਉਸ ਖਾਲਸੇ ਦਾ ਗੁਰਬਾਣੀ ਤੋਂ ਵਿਸ਼ਵਾਸ ਉਠ ਕਿ ਧਾਗੇ ਤਵੀਤਾਂ ਪਤਰੀਆਂ ਟੇਵੇ ਬਣਾਉਂਣ ਵਿੱਚ ਲੱਗ ਚੁੱਕਾ ਹੈ । ਜਿਹੜਾ ਸਿੱਖ ਕਿਤੇ ਗਜਨੀ ਦੇ ਬਜਾਰ ਵਿਚੋਂ ਬੇਗਾਨੀਆ ਦੀ ਇਜੱਤ ਵੀ ਬਚਾ ਕੇ ਲੈ ਆਉਂਦਾ ਸੀ, ਅੱਜ ਉਹ ਆਪਣੀ ਕੌਮ ਦਾ ਇੰਨਸਾਫ ਲੈਣ ਲਈ ਦਰ ਦਰ ਦੀਆਂ ਠੋਕਰਾਂ ਖਾਦਾਂ ਫਿਰਦਾ ਹੈ। ਫਿਰ ਉਸ ਤੋਂ ਦੂਸਰਿਆਂ ਦੀ ਰਾਖੀ ਅਤੇ ਸੰਤ ਸਿਪਾਹੀ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ । ਜਿਹਨਾਂ ਕੇਸਾਂ ਬਦਲੇ ਬੰਦ ਬੰਦ ਕੱਟ ਗਏ, ਪੁਠੀਆਂ ਖੱਲਾ ਲੱਥ ਗਈਆਂ ਸਿਰ ਦਾ ਖੋਪਰ ਤੱਕ ਉਤਰ ਗਿਆ ਅੱਜ ਉਹ ਕੇਸ ਨਾਈਆਂ ਦੀਆਂ ਦੁਕਾਨਾਂ ਤੇ ਪੈਰਾਂ ਵਿੱਚ ਰੋਲ ਦਿੱਤੇ ਹਨ ।  ਸਭੇ ਸਾਂਝੀਵਾਲ ਸਦਾਇਨ, ਦਾ ਸਿਧਾਂਤ ਤਾਂ ਹੁੱਣ ਸਿੱਖਾਂ ਦੇ ਨੇੜੇ ਤੇੜੇ ਵੀ ਨਹੀ ਫੱੜਕਦਾ, ਜਿਸ ਖਾਲਸੇ ਨੂੰ ਮਾਨਸਿਕ ਅਤੇ ਸਰੀਰ ਤੌਰ ਤੇ ਬਲੀ ਬਣਾਇਆ ਸੀ, ਉਸਦੀ ਮਾਨਸਿਕਤਾ ਵਿੱਚ ਏਨੀ ਨਿਵਾਣਤਾ ਆ ਗਈ ਹੈ ਕਿ ਅੱਜ ਉਸਦੀ ਨੌਜਵਾਨ ਪੀੜੀ ਨਸ਼ੇ ਵਿੱਚ ਟੱਲੀ ਹੋਈ ਸਮਾਝ ਵਿਰੋਧੀ ਗਤੀਵਿਦੀਆਂ ਵਿੱਚ ਗੁਲਤਾਨ ਹੋਈ ਫਿਰਦੀ ਹੈ । ਜਿਸ ਧਰਮ

**(ਬਾਕੀ ਸਫਾ 18 ਤੇ)**

# 'ਜਦੋਂ ਗੱਜਿਆ ਲੰਡਨ ਵਿਚ ਸੂਰਮਾ'

ਲੰਡਨ ਵਿਚ ਉਹ 9 Alder Street, Commercial Road ਵਿਖੇ ਉਹਨਾਂ ਦੀ ਰਿਹਾਇਸ਼ ਸੀ। 5 ਜੁਲਾਈ 1934 ਨੂੰ ਊਧਮ ਸਿੰਘ ਜੀ ਨੇ ਆਪਣੇ ਪਾਸਪੋਰਟ 'ਤੇ ਅੰਦਰਾਜ਼ ਕਰਾਉਣ ਲਈ ਦਿੱਤਾ। ਇਹ ਪਾਸਪੋਰਟ ਉਨ੍ਹਾਂ ਨੂੰ ਲਾਹੌਰ ਤੋਂ ਜਾਰੀ ਹੋਇਆ ਸੀ ਤੇ ਇਸ ਦਾ ਨੰਬਰ 52753 ਸੀ। ਇਸ 'ਤੇ ਉਨ੍ਹਾਂ ਨੇ ਆਪਣਾ ਪਤਾ 4 ਬੈਸਟ ਲੇਨ ਕੈਂਟਰਬਰੀ, ਕੈਂਟ ਲਿਖਿਆ ਤੇ ਇਹ ਕਿਹਾ ਕਿ ਉਹ ਭਾਰਤ ਵਿਚ ਖੇਡਾਂ ਦਾ ਸਮਾਨ ਵੇਚੇਗਾ ਪਰ ਇੱਥੇ ਉਹ ਇਸ ਦਾ ਕੋਈ ਸਬੂਤ ਪੇਸ਼ ਨਾ ਕਰ ਸਕਿਆ। ਫਿਰ ਉਸ ਨੇ ਇਹ ਐਲਾਨ ਕੀਤਾ ਕਿ ਉਹ ਭਾਰਤ ਮੋਟਰ ਸਾਈਕਲ ਤੇ ਸੜਕ ਰਸਤੇ ਜਰਮਨੀ, ਬੈਲਜੀਅਮ, ਪੋਲੈਂਡ ਤੇ ਫਿਰ ਰੂਸ ਤੋਂ ਹੁੰਦਾ ਹੋਇਆ ਭਾਰਤ ਜਾਏਗਾ। ਇਸ ਐਲਾਨ ਤੇ ਕਿਸੇ ਨੂੰ ਵੀ ਉਸ 'ਤੇ ਸ਼ੱਕ ਨਹੀਂ ਹੋਇਆ ਕਿ ਉਹ ਇਕ ਭਾਰਤੀ ਕ੍ਰਾਂਤੀਕਾਰੀ ਉਗਰਵਾਦੀ ਹੈ।

16 ਮਈ, 1936 ਨੂੰ ਉਸ ਨੇ ਲੰਡਨ ਵਿਚ ਫਿਰ ਆਪਣੇ ਪਾਸਪੋਰਟ ਤੇ ਅੰਦਰਾਜ਼ ਕਰਵਾਉਣ ਲਈ ਅਪਲਾਈ ਕੀਤਾ ਕਿ ਉਸ ਨੂੰ ਹਾਲੈਂਡ, ਜਰਮਨੀ, ਪੋਲੈਂਡ, ਆਸਟ੍ਰੀਆ, ਹੰਗਰੀ ਤੇ ਇਟਲੀ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਇੱਥੇ ਉਸ ਨੇ ਆਪਣਾ ਪਤਾ 4-ਡਿਊਕ ਸਟਰੀਟ, ਸਪਿਟਲਫੀਲਡਜ਼-ਈ ਦਿੱਤਾ ਤੇ ਉਸ ਨੂੰ ਇਜਾਜ਼ਤ ਮਿਲ ਗਈ।

16 ਮਈ, 1936 ਨੂੰ ਉਸਨੇ ਲੰਡਨ ਵਿਚ ਫਿਰ ਆਪਣੇ ਪਾਸਪੋਰਟ ਤੇ ਅੰਦਰਾਜ਼ ਲਈ ਅਪਲਾਈ ਕੀਤਾ ਕਿ ਉਸ ਨੂੰ ਹਾਲੈਂਡ, ਜਰਮਨੀ, ਪੋਲੈਂਡ, ਆਸਟ੍ਰੀਆ, ਹੰਗਰੀ ਤੇ ਇਟਲੀ ਦੀ ਇਜਾਜ਼ਤ ਦਿੱਤੀ ਜਾਵੇ। ਇੱਥੇ ਉਸ ਨੇ ਆਪਣਾ ਪਤਾ 4-ਡਿਊਕ ਸਟਰੀਟ, ਸਪਿਟਲਫੀਲਡਜ਼- ਈ ਦਿੱਤਾ ਤੇ ਉਸ ਨੂੰ ਇਜਾਜ਼ਤ ਮਿਲ ਗਈ।

16 ਮਈ, 1936 ਨੂੰ ਉਸ ਨੇ ਫਿਰ ਬਰਲਿਨ ਵਿਖੇ ਪਾਸਪੋਰਟ ਤੇ ਅੰਦਰਾਜ਼ ਕਰਵਾਉਣ ਲਈ ਦਰਖਾਸਤ ਦਿੱਤੀ ਕਿ ਉਹ ਪੂਰਬੀ ਯੂਰਪੀਨ ਦੇਸ਼ਾਂ ਅਤੇ ਰੂਸ ਜਾਣਾ ਚਾਹੁੰਦਾ ਹੈ ਪਰ ਇਸ 'ਤੇ ਇਤਰਾਜ਼ ਲਾ ਦਿੱਤਾ ਤੇ ਉਸ ਨੂੰ ਕਿਹਾ ਕਿ ਉਸ ਦੀ ਦਰਖਾਸਤ ਵਾਪਸ ਲੰਡਨ ਵੈਰੀਫਿਕੇਸ਼ਨ ਲਈ ਭੇਜੀ ਜਾਵੇਗੀ ਪਰ ਊਧਮ ਸਿੰਘ ਜੀ ਨੇ ਇੱਥੇ ਇਹ ਆਪਣੀ ਦਰਖਾਸਤ ਵਾਪਸ ਲੈ ਲਈ।

25 ਜੂਨ, 1936 ਨੂੰ ਉਹ ਫਿਰ ਲੈਨਿਨਗਰਾਡ ਤੋਂ ਲੰਡਨ ਵਿਚ ਪਹੁੰਚਿਆ। ਜੂਨ ਤੋਂ ਨਵੰਬਰ ਮਹੀਨੇ ਤੱਕ ਉਹ ਇਕ ਅੰਗਰੇਜ਼ ਔਰਤ ਦੇ ਪਾਸ ਪੂਰਬੀ ਲੰਡਨ ਵਿਚ ਰਿਹਾ ਤੇ ਇਕ ਸਿਨੇਮੇ ਵਿਚ ਨੌਕਰੀ ਕੀਤੀ ਤੇ ਫਿਲਮ ਦੇ ਇੰਨਟਰਵਲ ਵੇਲੇ ਭੀੜ ਨੂੰ ਚੀਜ਼ਾਂ ਵੇਚਦਾ ਸੀ। ਇੱਥੇ ਰਹਿੰਦਿਆਂ ਉਹ ਭਾਰਤ ਨੂੰ ਕ੍ਰਾਂਤੀਕਾਰੀਆਂ ਲਈ ਹਥਿਆਰ ਵੀ ਸਮਗਲ ਕਰਦਾ ਰਿਹਾ ਹੈ। ਇੱਥੇ ਉਸਦੀ ਸ਼ਿਕਾਇਤ ਵੀ ਸਰਕਾਰ ਕੋਲ ਹੋਈ ਕਿ ਉਹ ਉਗਰ ਵਿਚਾਰਧਾਰਾ ਵਾਲਾ ਆਦਮੀ ਹੈ ਤੇ ਹੱਥਿਆਰਾਂ ਦੀ ਸਮੱਗਲਿੰਗ ਕਰਦਾ ਹੈ ਪਰ ਇਹ ਦੋਸ਼ ਕੋਰਟ ਵਿਚ ਸਾਬਤ ਨਾ ਹੋ ਸਕਿਆ।

ਅਗਸਤ 1938 ਵਿਚ ਉਸ 'ਤੇ ਇੰਗਲੈਂਡ ਰਹਿੰਦਿਆਂ, ਇਹ ਦੋਸ਼ ਵੀ ਲੱਗੇ ਕਿ ਉਹ ਧਮਕੀਆਂ ਦੇ ਕੇ ਲੋਕਾਂ ਤੋਂ ਧੰਨ ਇਕੱਠਾ ਕਰਦਾ ਹੈ। ਅਦਾਲਤ ਇਨ੍ਹਾਂ ਦੋਸ਼ਾਂ ਨਾਲ ਸਹਿਮਤ ਨਾ ਹੋਈ ਤੇ ਉਸ ਨੂੰ ਫਿਰ ਦੋਸ਼ ਮੁਕਤ ਕਰਕੇ ਦੂਸਰੀ ਵਾਰ ਛੱਡ ਦਿੱਤਾ।

ਲੰਡਨ ਵਿਚ ਉਗਰ ਵਿਚਾਰ ਰੱਖਣ ਵਾਲੇ ਭਾਰਤੀਆਂ ਨਾਲ ਭਾਰਤੀ ਆਜ਼ਾਦੀ ਲਈ ਕੀਤੀਆਂ ਸਭਾਵਾਂ ਦਾ ਵੀ ਅੰਗਰੇਜ਼ ਸਰਕਾਰ ਨੂੰ ਪਤਾ ਨਾ ਲੱਗਾ।

ਕੌਮੀ ਰਜਿਸਟ੍ਰੇਸ਼ਨ ਵਾਲੇ ਦਿਨ ਉਸ ਨੇ ਆਪਣਾ ਨਾਮ ਆਜ਼ਾਦ ਸਿੰਘ ਦਰਜ ਕਰਵਾਇਆ, ਜਿਸ ਦਾ ਰਜਿਸਟ੍ਰੇਸ਼ਨ ਨੰਬਰ EACK/305/7 ਹੈ। ਕਿੱਤਾ ਤਰਖਾਣਾ (ਕਾਰਪੈਂਟਰੀ), ਜਨਮ 23 ਅਕਤੂਬਰ, 1905, ਪਤਾ 581 Wimben Road, Bourne mouth ਲਿਖਵਾਇਆ।

ਅਗਲਾ ਹੋਰ ਰਿਕਾਰਡ ਜਿਹੜਾ ਇਸ ਰਜਿਸਟ੍ਰੇਸ਼ਨ ਤੋਂ ਪਹਿਲਾਂ ਦਾ ਸੀ ਉਹ ਵੀ ਜੇਲ੍ਹ ਦੇ ਡੀਟੈਕਟਿਵ ਸਰਜਿੰਟ ਲਿਸਾਨੀ ਨੇ ਨਾਲ ਨੱਥੀ ਕਰ ਦਿੱਤਾ।

ਜਿੱਥੇ ਉਹ ਆਖਰੀ ਸਮੇਂ ਨੌਕਰੀ ਕਰਦਾ ਸੀ, ਉਥੋਂ ਉਸ ਨੂੰ 7 ਦਸੰਬਰ, 1939 ਨੂੰ ਮੁਅੱਤਲ ਕਰ ਦਿੱਤਾ। ਉਸ ਸਮੇਂ ਉਸ ਨੂੰ 17 ਰੁਪਏ ਹਫਤੇ ਦੇ ਮਿਲਦੇ ਸਨ ਤੇ ਇੱਥੇ ਇਨ੍ਹਾਂ ਦਾ ਨਾਮ ਸਿੰਘ ਆਜ਼ਾਦ ਸੀ।

ਇਹ ਉਕਤ ਸਾਰਾ ਰਿਕਾਰਡ (A Short Biographical Sketch) ਪੁਲਿਸ ਰਿਕਾਰਡ ਵਿਚ ਫਾਈਲ ਨੰਬਰ: ਐਮ. ਈ. ਪੀ. 03/1743 'ਤੇ ਦਰਜ ਹੈ। ਇਹ ਫਾਈਲ ਸਰਕਾਰੀ ਭੇਦ ਵਜੋਂ 56 ਸਾਲਾਂ ਤੱਕ ਗੁਪਤ ਰੱਖੀ ਗਈ ਸੀ।

ਮਾਈਕਲ ਉਡਵਾਇਰ ਦੇ ਕਤਲ ਦਾ ਸਾਰੇ ਭਾਰਤ ਵਿਚ ਬਹੁਤ ਵੱਡਾ ਪ੍ਰਤੀਕਰਮ ਹੋਇਆ। ਬਹੁਤ ਸਾਰੇ ਭਾਰਤੀ ਲੋਕਾਂ ਖਾਸ ਕਰ ਨੌਜਵਾਨਾਂ ਨੇ ਇਸ ਕਤਲ ਨੂੰ ਜਾਇਜ਼ ਠਹਿਰਾਇਆ ਤੇ ਸਰਦਾਰ ਊਧਮ ਸਿੰਘ ਜੀ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਇਹ ਉਸ ਦਾ ਭਾਰਤ ਦੀ ਆਜ਼ਾਦੀ ਲਈ ਇਕ ਮਹਾਨ ਕਾਰਨਾਮਾ ਹੈ।

ਮਹਾਤਮਾ ਗਾਂਧੀ ਜੀ ਨੇ ਮਾਈਕਲ ਉਡਵਾਇਰ ਦੇ ਇਸ ਕਤਲ ਨੂੰ ਆਪਣੇ ਲਈ ਇਕ ਗਹਿਰਾ ਸਦਮਾ ਦੱਸਿਆ ਤੇ ਕਿਹਾ ਅਗਰ ਇਹ ਪਾਗਲਪੁਣੇ ਦਾ ਕਾਰਾ ਹੈ ਤਾਂ ਮੈਂ ਇਸ ਦਾ ਸਤਿਕਾਰ ਕਰਦਾ ਹਾਂ। ਮੈਂ ਉਮੀਦ ਕਰਦਾ ਹਾਂ ਇਸ ਨੂੰ ਰਾਜਨੀਤਿਕ ਫੈਸਲੇ ਤੇ ਅਸਰ ਪਾਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ।

ਮਹਾਤਮਾ ਗਾਂਧੀ ਵੱਲੋਂ ਦਿੱਤੇ ਗਏ ਇਸ ਬਿਆਨ ਦੀ 'ਦੀ ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕਨ' ਆਰਮੀ ਨੇ ਜ਼ਬਰਦਸਤ ਵਿਰੋਧਤਾ ਕੀਤੀ ਤੇ ਕਿਹਾ ਕਿ "ਇਹ ਭਾਰਤੀ ਨੌਜਵਾਨਾਂ ਲਈ ਇਕ ਚੈਲਿੰਜ ਹੈ"।

ਪੰਡਤ ਜਵਾਹਰ ਲਾਲ ਨਹਿਰੂ ਨੇ 'ਨੈਸ਼ਨਲ ਹੈਰਾਲਡ' ਵਿਚ ਕਿਹਾ ਕਿ 'ਮੈਨੂੰ ਮਾਈਕਲ ਉਡਵਾਇਰ ਦੀ ਮੌਤ ਦਾ ਬਹੁਤ ਦੁੱਖ ਹੈ ਕਿਉਂਕਿ ਇਹ ਧੋਖੇ ਨਾਲ ਕੀਤਾ ਗਿਆ ਕਤਲ ਹੈ। ਪਰ ਇਸ 'ਤੇ ਹਮੇਸ਼ਾ ਪਛਤਾਵਾ ਰਹੇਗਾ ਤੇ ਇਸ ਦੇ ਜੋ ਵੀ ਨਤੀਜੇ ਨਿਕਲਣਗੇ, ਉਸਦਾ ਭਾਰਤ ਦੇ ਰਾਜਨੀਤਿਕ ਭਵਿੱਖ 'ਤੇ ਜ਼ਰੂਰ ਅਸਰ ਹੋਵੇਗਾ।" ਪ੍ਰੰਤੂ 18 ਮਾਰਚ 1940 ਦੇ 'ਅੰਮ੍ਰਿਤਾ ਬਾਜ਼ਾਰ' ਪੱਤ੍ਰਿਕਾ ਵਿਚ ਆਪਣੇ ਪਹਿਲੇ ਦਿੱਤੇ ਗਏ ਵਿਰੋਧੀ ਬਿਆਨਾਂ ਦੇ ਉਲਟ, ਆਪਣੀ ਗਲਤੀ ਨੂੰ ਸੁਧਾਰਦਿਆਂ ਕਿਹਾ ਕਿ "ਮਾਈਕਲ ਉਡਵਾਇਰ ਦੇ ਕਤਲ ਦਾ ਸਬੰਧ ਪੰਜਾਬ ਦੀਆਂ ਘਟਨਾਵਾਂ ਨਾਲ ਸਬੰਧਤ ਹੈ, ਜਿਹਨਾਂ ਨੂੰ ਭਾਰਤ ਕਦੇ ਭੁਲਾਅ ਨਹੀਂ ਸਕਦਾ।"

ਪੰਜਾਬ ਕਾਂਗਰਸ ਪਾਰਟੀ ਦੀ ਵਿਧਾਨ ਸਭਾ ਦੇ ਮੁਖੀ ਸ੍ਰੀ ਦੀਵਾਨ ਚਮਨ ਲਾਲ ਜੀ ਨੇ ਇਹ ਕਹਿ ਕੇ ਪ੍ਰੀਮੀਅਰ ਲਈ ਵੋਟ ਪਾਉਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ 'ਮਾਈਕਲ ਉਡਵਾਇਰ ਦਾ ਕਤਲ ਧੋਖੇ ਨਾਲ ਕੀਤਾ ਗਿਆ।'

'ਆਲ ਇੰਡੀਆ ਕਾਂਗਰਸ ਪਾਰਟੀ' ਦੇ 21ਵੇਂ ਸਾਲਾਨਾ ਇਜਲਾਸ ਵਿਚ ਜਿਹੜਾ ਕਿ ਜੱਲ੍ਹਿਆਂ ਵਾਲਾ ਬਾਗ ਦੀ ਘਟਨਾ ਨੂੰ ਯਾਦ ਕਰਨ ਲਈ ਮਨਾਇਆ ਜਾ ਰਿਹਾ ਸੀ, 'ਆਲ ਇੰਡੀਅਨ ਯੂਥ ਕਾਂਗਰਸ' ਦੇ ਵਿੰਗ ਨੇ ਸਰਦਾਰ ਊਧਮ ਸਿੰਘ ਜੀ ਦੇ ਹੱਕ ਵਿਚ ਕ੍ਰਾਂਤੀਕਾਰੀ ਨਾਹਰੇ ਲਾਏ ਤੇ ਜਨਰਲ ਮਾਈਕਲ ਉਡਵਾਇਰ ਦੇ ਕਤਲ ਨੂੰ ਇਕ ਦੇਸ਼ ਭਗਤੀ ਦੀ ਕਾਰਵਾਈ ਤੇ ਇਕ ਦਲੇਰਾਨਾ ਕਦਮ ਦੱਸਿਆ।

"ਅੰਤਰ ਰਾਸ਼ਟਰੀ ਮੀਡੀਆ ਨੇ ਸਰਦਾਰ ਊਧਮ ਸਿੰਘ ਜੀ ਦੇ ਇਸ ਅੰਜ਼ਾਮ ਨੂੰ 'ਦੀ ਟਾਈਮਜ਼ ਆਫ ਲੰਡਨ' ਨੇ ਆਜ਼ਾਦੀ ਪ੍ਰਾਪਤੀ ਲਈ, ਇਕ ਮਹਾਨ ਲੜਾਕੂ ਦੱਸਿਆ। ਇਸ ਕਾਰਵਾਈ ਨੂੰ ਭਾਰਤ ਵਿਚ ਲੋਕਾਂ 'ਤੇ ਹੋ ਰਹੇ ਜ਼ੁਲਮ ਤੇ ਲਤਾੜੇ ਜਾ ਰਹੇ ਲੋਕਾਂ ਦਾ ਕ੍ਰੋਧ ਦੱਸਿਆ।'

ਰੋਮ ਤੋਂ ਬਰਗਰੈਟ ਨੇ ਇਸ ਨੂੰ ਊਧਮ ਸਿੰਘ ਜੀ ਦੀ ਇਕ ਦਲੇਰਾਨਾ ਕਾਰਵਾਈ ਦੱਸਿਆ।

ਸੰਨ 1962 ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਆਪਣੇ ਪਹਿਲਾਂ ਦਿੱਤੇ ਵਿਰੋਧੀ ਬਿਆਨ ਨੂੰ ਸੁਧਾਰਦਿਆਂ ਕਿਹਾ ਕਿ ਸਰਦਾਰ ਊਧਮ ਸਿੰਘ ਜੀ ਦਾ ਸਤਿਕਾਰ ਤੇ ਸਿਫਤ ਕਰਦਿਆਂ ਕਿਹਾ ਕਿ, 'ਉਸ ਨੇ ਫਾਂਸੀ ਦੇ ਰੱਸੇ ਨੂੰ ਮੁਸਕਰਾਉਂਦੇ ਹੋਏ ਚੁੰਮਿਆ, ਜਿਸ ਕਰਕੇ ਹੀ ਅਸੀਂ ਅੱਜ ਆਜ਼ਾਦੀ ਮਾਣ ਰਹੇ ਹਾਂ।'

ਅੱਜ ਦੇ ਬੜੇ ਨਾਜ਼ੁਕ ਦੌਰ 'ਚ ਦੇਸ਼ ਦੀ ਪ੍ਰਗਤੀ ਦੀ ਕਿਸ਼ਤੀ ਨੂੰ ਸਹੀ-ਸਲਾਮਤ ਕਿਨਾਰੇ ਲਾਉਣਾ ਤੇ ਸਾਮਰਾਜੀ ਗਲਬੇ ਦੀ ਪੰਜਾਲੀ ਨੂੰ ਗ਼ਲੋਂ ਲਾਹੁਣਾ, ਸਰਮਾਏਦਾਰੀ-ਜਗੀਰੂ ਮੱਕੜਜਾਲ ਤੋਂ ਨਿਜ਼ਾਤ ਪਾਉਣਾ, ਧਾਰਮਿਕ ਕੱਟੜਤਾ ਜਿਸ ਦੀ ਹਨ੍ਹੇਰੀ ਅੱਜ ਸਾਰੇ ਸੰਸਾਰ 'ਤੇ ਝੱਖੜ ਬਣ ਕੇ ਝੁੱਲ ਰਹੀ ਹੈ, ਜਾਤ-ਪ੍ਰਸਤੀ, ਗੁਰਬਤ, ਬੇਕਾਰੀ, ਵਿਤਕਰੇਬਾਜੀ, ਰਾਜਨੀਤਿਕ ਨੇਤਾਵਾਂ ਦੀ ਆਪਣੀ ਸੰਤਾਨ ਨੂੰ ਰਾਜਨੀਤਿਕ ਖੇਤਰ 'ਚ ਭ੍ਰਿਸ਼ਟ ਤਰੀਕਿਆਂ ਨਾਲ ਭ੍ਰਿਸ਼ਟਾਚਾਰ ਕਰਨ ਲਈ ਸਥਾਪਤ ਕਰਨ ਦੀ ਦੌੜ, ਜਾਬਰ ਤੇ ਜ਼ੁਲਮ ਤੋਂ ਮੁਕਤੀ ਹੋਣਾ, ਆਜ਼ਾਦ-ਖੁਸ਼ਹਾਲ ਅਤੇ ਸਰਵ-ਸਾਂਝੀਵਾਲਤਾ ਭਰਿਆ ਰਾਜ, ਦੇਸ਼ ਵਾਸੀਆਂ ਨੂੰ ਦੇਣਾ, ਲੋਕਾਂ ਦੀ ਚੇਤਨਤਾ ਨੂੰ ਜਗਾਉਣਾ, ਸਾਡਾ 21ਵੀਂ ਸਦੀ ਦਾ ਮਨੋਰਥ ਹੋਣਾ ਚਾਹੀਦਾ ਹੈ। ਅੱਜ ਦੇ ਸਮੇਂ ਦੀ ਲੋਕਰਾਜੀ ਵਿਵਸਥਾ 'ਚ ਹਰ ਪ੍ਰਾਣੀ ਦੀ ਇਹੀ ਮੰਗ ਹੈ। ਜ਼ੋਰਾਵਰਾਂ ਨੂੰ ਇਹ ਐਵੇਂ ਭਰਮ ਹੈ ਕਿ ਇਤਿਹਾਸ ਉਹਨਾਂ ਦੀ ਮਰਜ਼ੀ ਨਾਲ ਸਿਰਜਿਆ ਜਾਵੇਗਾ ਪਰ ਇਤਿਹਾਸ ਕਿਸੇ ਦੀ ਪਰਵਾਹ ਨਹੀਂ ਕਰਦਾ ਤੇ ਇਸ 'ਚ ਸਮੇਂ-ਸਮੇਂ 'ਤੇ ਬਦਲਾਅ ਆਉਂਦਾ ਰਹਿੰਦਾ ਹੈ।

ਉਕਤ ਵਿਚਾਰ ਸਾਡੇ ਮਹਾਨ ਇਨਕਲਾਬੀਆਂ ਦੇ ਇਹੋ ਹੀ ਸਨ ਕਿ ਸਾਡਾ ਦੇਸ਼ ਇਨ੍ਹਾਂ ਗੁਣਾਂ ਨਾਲ ਭਰਪੂਰ ਹੋਵੇ ਪਰ ਸਾਡੇ ਦੇਸ਼ ਦੇ ਆਮ ਲੋਕਾਂ ਦੀ ਬਦਕਿਸਮਤੀ ਇਹ ਹੈ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ, ਹੋਇਆ ਇਸ ਦੇ ਉਲਟ ਹੀ ਹੈ। ਉਹਨਾਂ ਦੇ ਦੇਸ਼ ਨੂੰ ਖੁਸ਼ਹਾਲ ਦੇਖਣ ਦੇ ਸੁਪਨੇ ਸਾਕਾਰ ਨਹੀਂ ਹੋਏ ਹਨ। ਗਰੀਬੀ, ਬੇਰੁਜ਼ਗਾਰੀ, ਤਕੜੇ ਦਾ ਰਾਜ, ਦੇਸ਼ 'ਚ ਰੱਜ ਕੇ ਭ੍ਰਿਸ਼ਟਾਚਾਰ, ਲੁੱਟ-ਖਸੁੱਟ, ਗੁੰਡਾਗਰਦੀ ਇਹਨਾਂ ਦੇ ਖਿਲਾਫ ਬੋਲਣ ਵਾਲੇ 'ਤੇ ਝੂਠੀ ਮੁਕੱਦਮੇਬਾਜੀ ਤਾਂ ਕਿ ਉਹ ਬੋਲਣ ਵਾਲਾ ਅਦਾਲਤੀ ਮੁਕੱਦਮਿਆਂ 'ਚ ਹੀ ਉਲਝਿਆ ਰਹੇ, ਡੈਮੋਕਰੇਸੀ ਨਹੀਂ ਸਗੋਂ ਡਾਂਗੋਕਰੇਸੀ ਦਾ ਰਾਜ, ਧਰਮ ਦੇ ਨਾਂ ਤੇ ਰਾਜਨੀਤੀ ਕਰਕੇ ਲੋਕਾਂ ਨੂੰ ਗੁੰਮਰਾਹ ਕਰਨਾ ਤੇ ਲੋਕਰਾਜੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ।

ਭਾਰਤ ਦੇਸ਼ 'ਚ ਜਾਂ ਤਾਂ ਰਾਜਨੀਤਿਕ ਲੋਕ ਅਮੀਰ ਹੋਏ ਹਨ ਜਿਹਨਾਂ ਨੇ ਸਿਰੇ ਦਾ ਭ੍ਰਿਸ਼ਟਾਚਾਰ ਕਰਕੇ ਆਪਣੀਆਂ ਤਿਜੋਰੀਆਂ ਭਰੀਆਂ ਹਨ ਤੇ ਸਰਕਾਰ ਨੂੰ ਟੈਕਸ ਨਾ ਦੇ ਕੇ, ਵਿਦੇਸ਼ਾਂ 'ਚ ਆਪਣੀ ਕਾਲੀ ਪੂੰਜੀ ਜਮ੍ਹਾ ਕਰਵਾਈ ਹੋਈ ਹੈ ਜਾਂ ਫਿਰ ਜੋਤਸ਼ੀ ਤੇ ਧਰਮ ਦੇ ਨਾਂ 'ਤੇ ਡੇਰੇਦਾਰ, ਸਾਧ-ਫਕੀਰ ਤੇ ਬਾਬੇ ਜੋ 'ਆਪੇ ਰੱਬ' ਬਣੀ ਫਿਰਦੇ ਹਨ ਤੇ ਲੋਕਾਂ 'ਚ ਅੰਧ-ਵਿਸ਼ਵਾਸ ਫੈਲਾਅ ਕੇ ਭੋਲੀ-ਭਾਲੀ ਜਨਤਾ ਨੂੰ ਲੁੱਟ ਕੇ ਤੇ ਗੁੰਮਰਾਹ ਕਰਕੇ ਅਮੀਰ ਹੋਈ ਜਾ ਰਹੇ ਹਨ। ਇਹਨਾਂ ਦੋਹਾਂ ਵਰਗਾਂ ਨੇ ਦੇਸ਼ ਨੂੰ ਖੋਖਲਾ ਕਰ ਦਿੱਤਾ ਹੈ। ਇਨ੍ਹਾਂ 'ਚੋਂ ਇਕ ਵਰਗ ਨੇ ਲੋਕਾਂ 'ਚ ਰਾਜਨੀਤਿਕ ਚੇਤਨਤਾ ਨਹੀਂ ਆਉਣ ਦਿੱਤੀ ਤੇ ਦੂਸਰੇ ਵਰਗ ਨੇ ਧਰਮ ਦੇ ਨਾਂ 'ਤੇ ਲੋਕਾਂ 'ਚੋਂ ਅੰਧ-ਵਿਸ਼ਵਾਸ ਨਹੀਂ ਜਾਣ ਦਿੱਤਾ। ਦੋਸਤੋ! ਇਨ੍ਹਾਂ ਸਾਧਾਂ-ਫਕੀਰਾਂ ਨੂੰ ਧਰਮ ਦੇ ਨਾਂ 'ਤੇ ਪੈਸਾ ਮੱਤ ਚੜ੍ਹਾਓ, ਮੱਥੇ ਟੇਕ ਕੇ ਸਜਦੇ ਮਤ ਕਰੋ? ਇਹਨਾਂ ਪਾਸ ਕੋਈ ਗੈਬੀ ਸ਼ਕਤੀ ਨਹੀਂ ਹੈ। ਇਹ ਲੋਕ ਸਾਡੇ ਤੁਹਾਡੇ ਵਰਗੇ ਹੀ ਹਨ। ਇਹ ਉਹ ਲੋਕ ਹਨ ਜੋ ਸਮਾਜਿਕ ਗ੍ਰਿਸਤੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਨਾ ਕਰ ਸਕਣ ਕਾਰਨ, ਸਮਾਜ ਦੀ ਮੁੱਖ ਧਾਰਾ 'ਚੋਂ ਭਗੌੜੇ ਹੋਏ-ਹੋਏ ਲੋਕ ਹਨ। ਇਨ੍ਹਾਂ ਭੇਖੀ ਲੋਕਾਂ ਨੂੰ ਚੜ੍ਹਾਵੇ ਬੰਦ ਕਰ ਦਿਓਗੇ ਤਾਂ ਇਹਨਾਂ ਦੀ ਝੂਠੀ ਦੁਕਾਨਦਾਰੀ ਆਪੇ ਬੰਦ ਹੋ ਜਾਵੇਗੀ ਤੇ ਇਹ ਅਮੀਰ ਨਹੀਂ ਹੋ ਸਕਣਗੇ। ਇਹ ਲੋਕ ਆਪੇ ਬੇਰੁਜ਼ਗਾਰ ਹੋ ਕੇ ਆਪਣੇ ਘਰ ਬੈਠ ਜਾਣਗੇ। ਆਪਣੀਆਂ ਸਮੱਸਿਆਵਾਂ ਆਪਣੀ ਵਿਗਿਆਨਕ ਸੋਚ ਤੇ ਗਿਆਨ ਭਰਪੂਰ ਸੂਝ-ਬੂਝ ਨਾਲ, ਕਾਰਨ ਲੱਭ ਕੇ ਆਪੇ ਉਨ੍ਹਾਂ ਦਾ ਹੱਲ ਕਰੋ? ਇਸ ਤਰੀਕੇ ਨਾਲ ਹੀ ਇਹਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਦੂਸਰਾ ਰਾਜਨੀਤਿਕ ਵਰਗ ਹੈ। ਇਹਨਾਂ 'ਚ ਰਵਾਇਤੀ ਰਾਜਨੀਤਿਕ ਪਾਰਟੀਆਂ, ਦੇਸ਼ ਆਜ਼ਾਦ ਹੋਣ ਤੋਂ ਅੱਜ ਤੱਕ ਲਗਾਤਾਰ ਵਾਰੀ-ਵਾਰੀ ਰਾਜ ਕਰਦੀਆਂ ਆ ਰਹੀਆਂ ਹਨ। ਉਹਨਾਂ ਨੂੰ ਪਤਾ ਹੈ ਕਿ ਸਾਡੇ ਤੋਂ ਬਗੈਰ, ਲੋਕਾਂ ਕੋਲ ਕੋਈ ਹੋਰ ਤੀਸਰਾ ਬਦਲ ਨਹੀਂ ਹੈ ਤੇ ਉਹ ਇਕ-ਦੂਜੇ ਦੇ ਭ੍ਰਿਸ਼ਟਾਚਾਰੀ ਲੋਕਾਂ 'ਤੇ ਕਾਨੂੰਨੀ ਚਾਰਾਜੋਈ ਨਹੀਂ ਕਰਦੀਆਂ। ਲੋਕਰਾਜ 'ਚ ਲੋਕ-ਸ਼ਕਤੀ ਵੱਡੀ ਹੁੰਦੀ ਹੈ ਜੋ ਭ੍ਰਿਸ਼ਟਾਚਾਰ ਕਰਨ ਵਾਲੇ ਲੋਕਾਂ ਨੂੰ ਟੀਸੀ ਤੋਂ ਲਾਹ ਕੇ ਹੇਠਾਂ ਜ਼ਮੀਨ 'ਤੇ ਲੈ ਆਉਂਦੀ ਹੈ। ਇਸ ਲਈ ਆਪਣੀ ਲੋਕਰਾਜੀ ਸ਼ਕਤੀ ਨੂੰ ਉਹਨਾਂ ਲੋਕਾਂ 'ਤੇ ਲਾਓ ਜਿਹੜੇ ਆਮ ਆਦਮੀ ਦੀ ਭਲਾਈ ਲਈ, ਇਮਾਨਦਾਰੀ ਨਾਲ ਕੰਮ ਕਰੇ ਤਾਂ ਹੀ ਇਹਨਾਂ ਭ੍ਰਿਸ਼ਟ ਰਾਜਨੀਤਿਕ ਲੋਕਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹਨਾਂ ਲੋਕਾਂ ਦੀਆਂ ਲੂੰਬੜ ਚਾਲਾਂ ਤੋਂ ਲੋਕਾਂ ਨੂੰ ਸੁਚੇਤ ਹੋਣ ਦੀ, ਅੱਜ ਸਮੇਂ ਦੀ ਮੰਗ ਹੈ। ਇਸ ਤਰ੍ਹਾਂ ਦਾ ਪਰਿਵਰਤਨ ਕਰਨ ਨਾਲ ਹੀ, ਸਾਡੇ ਇਨਕਲਾਬੀ ਸ਼ਹੀਦ ਦੇਸ਼ ਭਗਤਾਂ ਦਾ ਦੇਸ਼ ਲਈ ਸਿਰਜਿਆ ਸੁਪਨਾ ਸਾਕਾਰ ਹੋ ਸਕਦਾ ਹੈ ਤੇ ਦੇਸ਼ ਖੁਸ਼ਹਾਲ ਬਣ ਸਕਦਾ ਹੈ।

31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਜੀ ਦਾ ਉਤਰੀ ਅਮਰੀਕਾ ਵਿਖੇ ਕਈ ਸੰਸਥਾਵਾਂ ਇਸ ਮਹਾਨ ਇਨਕਲਾਬੀ ਯੋਧੇ ਦਾ ਸ਼ਹੀਦੀ ਦਿਵਸ ਹਰ ਸਾਲ ਨਿਰੰਤਰ ਮਨਾਉਂਦੀਆਂ ਹਨ।

ਸਰਦਾਰ ਊਧਮ ਸਿੰਘ ਇਕ ਅਜਿਹਾ ਮਹਾਨ ਇਨਕਲਾਬੀ ਤੇ ਮਹਾਨ ਦੇਸ਼ ਭਗਤ ਸ਼ਹੀਦ ਹੈ ਜਿਸ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਤੇ ਜੱਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਦਾ, ਉਸ ਸਮੇਂ ਦੇ ਪੰਜਾਬ ਦੇ ਗਵਰਨਰ ਸਰ ਮਾਈਕਲ ਉਡਵਾਇਰ ਤੋਂ ਬਦਲਾ ਲੈਣ ਲਈ, ਬੜਾ ਲੰਮਾ ਸਮਾਂ ਕਸ਼ਟਾਂ ਦਾ ਸਾਹਮਣਾ ਕਰਕੇ ਉਸਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਤੇ ਮੌਤ ਦੇ ਘਾਟ ਉਤਾਰ ਦਿੱਤਾ। ਉਸ ਨੇ ਮਿਤੀ 31 ਜੁਲਾਈ, 1940 ਨੂੰ ਫਾਂਸੀ ਦੇ ਰੱਸੇ ਨੂੰ ਖੁਸ਼ੀ-ਖੁਸ਼ੀ ਮੁਸਕਰਾਉਂਦਿਆਂ ਚੁੰਮਿਆ ਤੇ ਭਾਰਤ ਮਾਂ ਦਾ ਇਹ ਲਾਲ, ਸਦਾ ਲਈ ਸ਼ਹੀਦੀ ਜਾਮ ਪੀ ਗਿਆ।

ਅਜਿਹੇ ਮਹਾਨ ਸ਼ਹੀਦਾਂ ਦਾ, ਦੇਸ਼ ਸਦਾ ਰਿਣੀ ਰਹੇਗਾ। ਆਓ ਦੇਸ਼ ਵਾਸੀਓ! ਇਨ੍ਹਾਂ ਮਹਾਨ ਇਨਕਲਾਬੀ ਯੋਧਿਆਂ ਦੇ ਦੇਸ਼ ਲਈ ਸੰਜੋਏ ਸੁਪਨਿਆਂ ਨੂੰ 21ਵੀਂ ਸਦੀ 'ਚ ਚੇਤੰਨ ਹੋ ਕੇ ਸਿਰਜੀਏ ਤੇ ਸਮਾਜ ਨੂੰ ਉਕਤ ਦੱਸੇ ਗਏ ਕੋਹੜ 'ਚੋਂ ਸਮਾਜਿਕ ਪਰਿਵਰਤਨ ਲਿਆ ਕੇ ਨਿਜ਼ਾਤ ਦਿਵਾਈਏ ਤੇ ਦੇਸ਼ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਹੰਭਲਾ ਮਾਰੀਏ। ਇਹਨਾਂ ਸੰਸਥਾਵਾਂ ਵੱਲੋਂ ਦੇਸ਼ ਦੇ ਇਸ ਮਹਾਨ ਕ੍ਰਾਂਤੀਕਾਰੀ ਸ਼ਹੀਦ ਨੂੰ ਦਿੱਤੀ ਜਾ ਰਹੀ ਸ਼ਰਧਾਂਜਲੀ ਦੇ ਮੌਕੇ 'ਤੇ ਮੈਂ ਵੀ ਆਪਣੇ ਸ਼ਰਧਾ-ਸੁੰਮਨ ਪੇਸ਼ ਕਰਦਾ ਹੋਇਆ ਉਹਨਾਂ ਨੂੰ ਸਲਿਊਟ ਮਾਰਦਾ ਹਾਂ। ਸ੍ਰੀ ਜਗਦੰਬਿਕਾ ਪ੍ਰਸ਼ਾਦ ਜੀ ਦੀਆਂ ਨਿਮਨ-ਲਿਖਤ ਲਿਖੀਆਂ ਗਈਆਂ ਸੱਤਰਾਂ ਦੇ ਨਾਲ ਮੈਂ ਆਪਣੇ ਲੇਖ ਦੀ ਸਮਾਪਤੀ ਕਰਦਾ ਹਾਂ:

"ਸ਼ਹੀਦੋਂ ਕੀ ਚਿਤਾਓਂ ਪਰ, ਲਗੇਂਗੇ ਹਰ ਵਰਸ ਮੇਲੇ।
ਵਤਨ ਪੇ ਮਿਟਨੇ ਵਾਲੋਂ ਕਾ, ਯਹੀ ਬਾਕੀ ਨਿਸ਼ਾ ਹੋਗਾ।"

* (ਹਵਾਲਾ ਪੁਸਤਕਾਂ: ਲਿਖਾਰੀ ਸਰਦਾਰ ਸਿਕੰਦਰ ਸਿੰਘ 'ਸ਼ਹੀਦ ਊਧਮ ਸਿੰਘ' ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ।
* ਸਰਦਾਰ ਨਵਤੇਜ ਸਿੰਘ ਪੁਸਤਕ : ਚੈਲਿੰਜ ਟੂ ਇੰਮਪੀਰੀਅਲ ਹੈਰੋਮੋਨੀ ਊਧਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ।
* ਪ੍ਰੋ: ਚਮਨ ਲਾਲ 'ਵੇਅਰ ਹੈਜ਼ ਮੁਹੰਮਦ ਸਿੰਘ ਆਜ਼ਾਦ ਗੌਨ', ਦਿੱਲੀ ਯੂਨੀਵਰਸਿਟੀ



ਪ੍ਰਿੰਸੀਪਲ ਦਰਸ਼ਨ ਸਿੰਘ ਦਰਸ਼ਨ
1102 ਫਰੈਂਡਜ਼ ਇੰਨਕਲੇਵ, ਹੁਸ਼ਿਆਰਪੁਰ
singhdarshan1362@gmail.com

# ਦੇਸ ਦੁਆਬਾ ਦੇ ਕੰਧ ਚਿੱਤਰ -2 / ਰਾਧਾ ਕ੍ਰਿਸ਼ਨ ਮੰਦਿਰ ਦੇ ਕੰਧ-ਚਿੱਤਰ

**ਸਥਿਤੀ :-** ਇਹ ਮੰਦਿਰ, ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਿਸ਼ਨ ਕੋਟ ਵਿੱਚ ਹੈ ਜੋ ਸ੍ਰੀ ਹਰਗੋਬਿੰਦਪੁਰ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੂੰ ਜਾਂਦੀ ਸੜਕ ਉੱਤੇ ਸਥਿਤ ਹੈ। ਇਹ ਪਿੰਡ ਮੁੱਖ ਸੜਕ ਤੋਂ ਸੱਜੇ ਪਾਸੇ ਨੂੰ ਜਾਂਦੀ ਲਿੰਕ ਰੋੜ 'ਤੇ ਕੋਈ ਦੋ ਕਿਲੋ ਮੀਟਰ ਦੀ ਦੂਰੀ 'ਤੇ ਹੈ।ਇਹ ਮੰਦਿਰ ਪੂਰਨ ਤੌਰ 'ਤੇ ਕੰਧ-ਚਿੱਤਰਾਂ ਅਤੇ ਡਿਜ਼ਾਇਨਾਂ ਨਾਲ ਪਰਿਵਾਰ ਕਰਦਾ ਹੈ।

ਜਿਵੇਂ ਕਿ ਇਸ ਮੰਦਿਰ ਦਾ ਨਾਮ 'ਰਾਧਾ ਕ੍ਰਿਸ਼ਨ ਮੰਦਿਰ' ਹੈ। ਇਸ ਵਾਸਤੇ ਇਸ ਮੰਦਿਰ ਵਿੱਚ ਇਨ੍ਹਾਂ ਦੇ ਜ਼ਿਆਦਾਤਰ ਚਿੱਤਰ ਹਨ ਜੋ ਜੀਵਨ ਦੇ ਹਰ ਪਹਿਲੂ ਨੂੰ ਦਰਸਾਉਂਦੇ ਹਨ। ਇਸ ਮੰਦਿਰ ਦੀ ਪੱਛਮੀ ਦਿਸ਼ਾ ਵਿੱਚ ਇੱਕ ਬਰਾਂਡਾ ਹੈ। ਜਿਸ ਦੀਆਂ ਤਿੰਨੋਂ ਕੰਧਾਂ ਉੱਤੇ ਹਿੰਦੂ ਮਿੱਥ ਅਨੁਸਾਰ ਚਿੱਤਰ ਬਣੇ ਹੋਏ ਹਨ; ਇਸ ਬਰਾਂਮਦੇ ਦੀ ਉੱਤਰੀ ਕੰਧ ਉੱਪਰ ਰਾਧਾ ਕ੍ਰਿਸ਼ਨ ਜੀ ਦਾ ਵੱਡ-ਆਕਾਰ ਚਿੱਤਰ ਪੂਰੀ ਕੰਧ ਉੱਪਰ ਸਚਿੱਤਰਿਤ ਕੀਤਾ ਹੋਇਆ ਹੈ। ਇਸ ਕੰਧਾਂ ਚਿੱਤਰ ਵਿੱਚ ਸ੍ਰੀ ਕ੍ਰਿਸ਼ਨ ਜੀ ਬੜੀ ਮਧੁਰ ਆਵਾਜ਼ ਵਿੱਚ ਬਾਂਸੁਰੀ ਬਜਾ ਰਹੇ ਹਨ ਅਤੇ ਰਾਧਾ ਜੀ ਉਨ੍ਹਾਂ ਦੇ ਪ੍ਰੇਮ ਰਸ ਵਿੱਚ ਰੰਗੇ, ਸੁਣ ਰਹੇ ਹਨ।

ਕਲਾਕਾਰ ਨੇ ਇਸ ਸਾਰੇ ਦ੍ਰਿਸ਼ ਨੂੰ ਭੂਮੀ ਉੱਤੇ ਹੀ ਚਿਤਰਿਆ ਹੈ। ਸਿਪਾਹੀਆਂ ਨੇ ਘੋੜਿਆਂ ਨੂੰ ਪੂਰੀ ਯੁੱਧ ਕਲਾ ਸ਼ਕਤੀ ਨਾਲ ਦੌੜਾਇਆ ਹੋਇਆ ਹੈ। ਵਿਚਕਾਰ ਵਾਲੇ ਘੋੜੇ ਉੱਤੇ ਇੱਕ ਅੰਗਰੇਜ਼ ਅਫ਼ਸਰ ਸਵਾਰ ਹੈ ਜਦਕਿ ਦੂਸਰੇ ਘੋੜੇ ਵੀ ਪੂਰੀ ਹਰਕਤ ਵਿੱਚ ਹਨ ਪਰ ਉਹ ਉੱਪਰਲੀ ਭੂਮੀ ਵਿੱਚ ਚਿਤਰੇ ਹੋਣ ਕਰਕੇ ਉਨ੍ਹਾਂ ਉੱਪਰਲੇ ਸਵਾਰ ਨਹੀਂ ਦਿਸਦੇ। ਇਸ ਚਿੱਤਰ ਵਿੱਚ ਆਕਾਸ਼ ਨਹੀਂ ਦਿਖਾਇਆ।

ਜਮੀਨ ਵਿੱਚ ਕਲਾਕਾਰ ਨੇ ਹਰੇ, ਨੀਲੇ, ਗੁਲਾਬੀ ਭੁਰੇ, ਕਾਲੇ ਆਦਿ ਰੰਗਾਂ ਨੂੰ ਮਿਡਲ ਟੋਨ ਵਿੱਚ ਵਰਤਿਆ ਹੈ ਜਦਕਿ ਇਨ੍ਹਾਂ ਹੀ ਰੰਗਾਂ ਨੂੰ ਗੂੜ੍ਹਿਆਂ ਕਰਕੇ ਆਕ੍ਰਿਤੀਆਂ ਵਿੱਚ ਅਤੇ ਉਨ੍ਹਾਂ ਦੇ ਕੱਪੜਿਆਂ ਵਿੱਚ ਵਰਤੇ ਹਨ। ਇਸ ਚਿੱਤਰ ਵਿੱਚ ਦੀਆਂ ਸਿੱਧੀਆਂ ਰੇਖਾਵਾਂ ਨਾਲ, ਵਿਚਕਾਰ ਵਾਲ਼ੀ ਆਕ੍ਰਿਤੀਆਂ ਨੂੰ ਬਾਰਡਰ ਕੀਤਾ ਗਿਆ ਜਿਸ ਦੇ ਉੱਪਰ ਮਹਿਰਾਵ ਰੂਪੀ ਸ਼ਕਲ ਦਾ ਬਾਰਡਰ ਬਣਾ ਕੇ ਉਸ ਵਿਚਲੀ ਥਾਂ ਨੂੰ ਗੂੜ੍ਹੀ ਪਿੱਠ ਭੂਮੀ ਉੱਤੇ ਸਫ਼ੈਦ ਫੁੱਲਾਂ ਨਾਲ ਬੜੇ ਸੁੰਦਰ ਢੰਗ ਨਾ਼ਲ ਡਿਜ਼ਾਇਨ ਤਿਆਰ ਕੀਤਾ ਹੋਇਆ ਹੈ। ਆਰਕੀਟੈਚਰਲ ਕੰਪੋਜੀਸ਼ਨ ਦੀ ਪਿੱਠ ਭੂਮੀ ਵਿੱਚ ਦੂਰ ਤੱਕ ਭੂ-ਦ੍ਰਿਸ਼ ਦਿਖਾਇਆ ਗਿਆ ਹੈ। ਮੂਹਰਲੀ ਭੂਮੀ ਵਿੱਚ ਅਤੀ ਸੁੰਦਰ ਡਿਜਾਇਨਦਾਰ ਕਾਲੀਨ ਉੱਤੇ ਸਫ਼ੈਦ ਚੌਂਕੀ ਹੈ ਜਿਸ ਨੂੰ ਫਿਰ ਡਿਜ਼ਾਇਨ ਨਾਲ ਸਜਾਇਆ ਗਿਆ ਹੈ ਉਤੇ ਇਸ ਉੱਤੇ ਰਾਗਣੀ ਨੂੰ ਪ੍ਰਗਟ ਕਰਦੀ ਇੱਕ ਜਵਾਨ ਇਸਤਰੀ ਸਿਤਾਰ ਵਜਾਉਂਦੀ ਹੋਈ ਬੜੀ ਗੰਭੀਰ ਮੁਦਰਾ ਵਿੱਚ ਚਿਤਰੀ ਹੋਈ ਹੈ। ਇਸ ਦੇ ਇੱਕ ਪਾਸੜ ਚਿਹਰੇ ਉੱਤੇ



ਮੰਦਿਰ ਦਾ ਦ੍ਰਿਸ਼



ਮੰਦਿਰ ਵਿੱਚ ਸਸ਼ੋਬਤ
ਸ਼੍ਰੀ ਰਾਧਾ ਕ੍ਰਿਸ਼ਨ ਜੀ ਦੀਆਂ ਮੂਰਤੀਆਂ



ਪਿੰਡ ਕਿਸ਼ਨ ਕੋਟ ਵਿਖੇ ਸ਼੍ਰੀ ਰਾਧਾ ਕ੍ਰਿਸ਼ਨ ਮੰਦਿਰ
ਦੇ ਅੱਗੇ ਖੜੇ ਲੇਖਕ ਅਤੇ ਲੇਖਿਕਾ (ਪਤਨੀ)



ਲੜਾਈ ਨੂੰ ਦਰਸਾਉਂਦਾ ਕੰਧ-ਚਿੱਤਰ

ਸਜਿਆਂ ਹੋਇਆ ਹੈ ਵਿਸ਼ੇ :-ਇਹਨਾਂ ਚਿੱਤਰਾਂ ਦੇ ਵਿਸ਼ੇ ਹਿੰਦੂ ਇਤਿਹਾਸ-ਮਿਥਿਹਾਸ, ਸਿੱਖ ਗੁਰੂ ਸਾਹਿਬਾਨਾਂ, ਰਾਜਿਆਂ, ਸਾਧੂਆਂ, ਜੰਗਾਂ- ਜੁੱਧਾਂ ਭਜਨ ਮੰਡਲੀਆਂ, ਸੰਗੀਤਕਾਰਾਂ, ਦਵਾਰਪਾਲ ਰਖਵਾਲਿਆਂ, ਪਰੀਆਂ, ਰਾਗ-ਰਾਗਨੀਆਂ ਆਦਿ ਦੇ ਹੈ। ਇਨ੍ਹਾਂ ਚਿੱਤਰਾਂ ਵਿੱਚ ਡਿਜ਼ਾਇਨ, ਪੋਰਟਰੇਟ, ਲਘੂ, ਵੱਡ-ਆਕਾਰੀ ਚਿੱਤਰ ਆਦਿ ਦੇਖਣ ਨੂੰ ਮਿਲਦੇ ਹਨ।

ਇਮਾਰਤ ਅਤੇ ਚਿੱਤਰਕਲਾ :-ਇਸ ਮੰਦਿਰ ਦੀ ਇਮਾਰਤ ਬੜੀ ਮਜ਼ਬੂਤ ਅਤੇ ਚੰਗੀ ਹਾਲਤ ਦੀ ਹੈ ਅਤੇ ਇਸ ਦੇ ਅੱਗੇ ਲਗਭਗ ਸੱਤ ਫੁੱਟ ਚੌੜਾ ਬਰਾਮਦਾ ਵੀ ਕੰਧ-ਚਿੱਤਰਾਂ ਨਾਲ ਸਜਾਇਆ ਹੋਇਆ ਹੈ। ਜਿਸ ਦਾ ਮੁੱਖ ਦੁਆਰ ਪੱਛਮ ਵੱਲ ਨੂੰ ਹੈ। ਇਹ ਮੰਦਿਰ ਚਾਰਦੀਵਾਰੀ ਵਿੱਚ ਹੈ ਜਿਸ ਦਾ ਆਮ ਪ੍ਰਵੇਸ਼ ਦਵਾਰ ਉੱਤਰ ਵਾਲੇ ਪਾਸੇ ਖੁੱਲ੍ਹਦਾ ਹੈ।

ਵੱਡੇ ਕਮਰੇ ਵਿੱਚ ਇੱਕ ਛੋਟਾ ਕਮਰਾ ਹੈ ਜਿਸ ਵਿੱਚ ਸ੍ਰੀ ਕ੍ਰਿਸ਼ਨ ਜੀ ਅਤੇ ਰਾਧਾ ਜੀ ਦੀਆਂ ਮੂਰਤੀਆਂ ਸੁਸ਼ੋਬਤ ਹਨ। ਇਸ ਕਮਰੇ ਵਿੱਚ ਸਫ਼ੈਦੀ ਕੀਤੀ ਹੋਈ ਹੈ। ਇੱਕ ਅਨੁਮਾਨ ਅਨੁਸਾਰ ਕਿ ਇਸ ਵਿੱਚ ਵੀ ਕੰਧ-ਚਿੱਤਰ ਜਰੂਰ ਹੋਣਗੇ, ਹੋ ਸਕਦਾ ਹੈ ਕਿ ਮੰਦਿਰ ਦੀ ਰੈਨੋਵੇਸ਼ਨ ਕਰਨ ਸਮੇਂ ਇਨ੍ਹਾਂ ਉੱਤੇ ਸਫ਼ੈਦੀ ਕਰ ਦਿੱਤੀ ਹੋਵੇਗੀ। ਇਸ ਮੰਦਿਰ ਦੀਆਂ ਕੰਧਾਂ ਉੱਤੇ ਸੌ ਤੇ ਵੀ ਵੱਧ ਚਿੱਤਰ ਦੇਖਣ ਨੂੰ ਮਿਲਦੇ ਹਨ। ਇਹ ਮੰਦਿਰ ਜਲੰਧਰ ਸ਼ਹਿਰ ਦੇ ਇਕ ਰਈਸ ਨੇ ਬੜੀ ਸ਼ਰਧਾ ਭਾਵਨਾ ਨਾ਼ਲ ਬਣਾਇਆ ਸੀ। ਉਹ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਵਿੱਤ ਵਿਭਾਗ ਵਿੱਚ ਚੰਗੇ ਅਹੁਦੇ 'ਤੇ ਕੰਮ ਕਰਦਾ ਸੀ। ਅੱਜ ਕੱਲ ਇਸ ਮੰਦਿਰ ਦੀ ਦੇਖ-ਭਾ਼ਲ, ਇਥੋਂ ਦਾ ਇੱਕ

ਇਸ ਚਿੱਤਰ ਦੀ ਪਿੱਠ- ਭੂਮੀ ਵਿੱਚ ਕਲਾਕਾਰ ਨੇ ਮਨਮੋਹਕ ਭੂ-ਦ੍ਰਿਸ਼ ਚਿਤਰਿਆ ਹੈ।

ਘਮਸਾਣ ਲੜਾਈ ਨੂੰ ਦਰਸਾਉਂਦਾ ਇਹ ਕੰਧ-ਚਿੱਤਰ ਦਾ ਵਿਸ਼ਾ ਮੰਦਿਰ ਨਾ਼ਲ ਸਬੰਧ ਵਿਸ਼ਿਆਂ ਤੋਂ ਵੱਖਰਾ ਪਾਇਆ ਗਿਆ। ਲੜਾਈ ਨੂੰ ਦਰਸਾਉਂਦੇ ਦੋ ਚਿੱਤਰ ਇੱਥੋਂ ਪ੍ਰਾਪਤ ਹੋਏ ਹਨ। ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਸਿੱਖ ਕਾਲ ਸਮੇਂ ਹੋਈਆਂ ਲੜਾਈਆਂ ਨਾਲ ਤਾਲੁਕ ਰੱਖਦੇ ਹਨ। ਜਿਸ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਨਾਲ ਜਾ ਮਿਲਦਾ ਹੈ। ਇਸ ਚਿੱਤਰ ਵਿੱਚ ਅੰਗਰੇਜ਼ੀ ਸਿਪਾਹੀਆਂ, ਜਿਵੇਂ ਕਿ ਉਨ੍ਹਾਂ ਦੀ ਲੜਾਕੂ ਵਰਦੀ ਤੋਂ ਹੀ ਪਤਾ ਲੱਗਦਾ ਹੈ, ਨੂੰ ਪੈਦਲ ਅਤੇ ਘੋੜਿਆਂ ਉੱਤੇ ਦੁਸ਼ਮਣ ਦੀ ਫੌਜ 'ਤੇ ਹਮਲਾ ਕਰਨ ਲਈ ਦੌੜੇ ਜਾਂਦੇ ਦਿਖਾਇਆ ਹੈ। ਚਿੱਤਰ ਦੀ ਅਗਲੀ ਭੂਮੀ ਵਿੱਚ ਤਿੰਨ ਆਕ੍ਰਿਤੀਆਂ ਬਾਰੂਦੀ ਤੋਪ ਨੂੰ ਪੂਰੇ ਜੋਰ ਨਾਲ ਅੱਗੇ ਧਕੇਲਦੇ ਹੋਏ ਦਿਖਾਇਆ ਹੈ ਤੇ ਇੱਕ ਸਿਪਾਹੀ ਉਨ੍ਹਾਂ ਦੀ ਅਗਵਾਈ ਕਰ ਰਿਹਾ ਪਿੱਛਾ ਵੱਲ ਨੂੰ ਮੂੰਹ ਕਰੇ ਉਨ੍ਹਾਂ ਨੂੰ ਅੱਗੇ ਵਧਣ ਲਈ ਹੱਲਾਸ਼ੇਰੀ ਦੇ ਰਿਹਾ ਹੈ।



ਚਿੱਤਰ ਦੇ ਦੁਆਲੇ ਬਣਿਆ
ਡਿਜ਼ਾਇਨਦਾਰ ਬਾਰਡਰ

ਕਲਾਕਾਰ ਨੇ ਘੋੜਿਆਂ ਅਤੇ ਸੈਨਿਕਾਂ ਵਿੱਚ ਮੂਮੈਂਟ ਅਤੇ ਮੂਵਮੈਂਟ ਨੂੰ ਬੜੀ ਸਿਆਣਪ ਨਾਲ ਚਿਤਰਿਆ ਹੈ। ਜਿਸ ਨੂੰ ਰਚਨਾ ਦਾ ਇੱਕ ਪ੍ਰਮੁੱਖ ਗੁਣ ਮੰਨਿਆ ਜਾਂਦਾ ਹੈ।ਇਸ ਰਚਨਾ ਦਾ ਸਮੁੱਚਾ ਪ੍ਰਭਾਵ ਇਕਸੁਰਤਾ ਪੈਦਾ ਕਰਦਾ ਹੈ।

ਮੰਦਿਰ ਦੀਆਂ ਕੰਧਾਂ ਉੱਪਰ ਡਿਜ਼ਾਇਨਾਂ ਦੇ ਅਤੀ ਸੁੰਦਰ ਨਮੂਨੇ ਹਨ ਜੋ ਚਿੱਤਰਾਂ ਨੂੰ ਵੱਖੋ-ਵੱਖਰੇ ਕਰਦੇ ਹਨ। ਚਿੱਤਰਾਂ ਦੇ ਬਾਰਡਰ ਅਤੀ ਸੁੰਦਰ ਡਿਜ਼ਾਇਨਾਂ ਨਾ਼ਲ ਸੁਸਜਿਤ ਕੀਤੇ ਹੋਏ ਹਨ।ਇਥੇ ਪਰਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਕਲਾਕਾਰਾਂ ਨੇ ਜਿੱਥੇ ਕੰਧਾਂ 'ਤੇ ਬੜੀ ਸ਼ਿੱਦਤ ਨਾਲ ਚਿੱਤਰ ਤਿਆਰ ਕੀਤੇ ਹਨ ਉੱਥੇ ਇਨ੍ਹਾਂ ਦੇ ਦੁਆਲੇ ਡਿਜ਼ਾਇਨਾਂ ਨਾਲ ਤਿਆਰ ਕੀਤੇ ਬਾਰਡਰ ਵੀ ਬੜੀ ਮਿਹਨਤ ਨਾ਼ਲ ਅਤੀ ਸੁੰਦਰ ਤਿਆਰ ਕੀਤੇ ਗਏ ਹਨ । ਜਿਵੇਂ ਇਸ ਰਾਗ ਰਾਗਣੀ ਚਿੱਤਰ ਦੇ ਦੁਆਲੇ ਸਫ਼ੈਦ ਪਿੱਠ ਭੂਮੀ ਉੱਤੇ ਲਾਲ ਫੁੱਲਾਂ ਅਤੇ ਹਰੀਆਂ ਪੱਤੀਆਂ ਨੂੰ ਬੜੀਆਂ ਸੁੰਦਰ ਗੁਲਾਈਦਾਰ ਪਤਲੀਆਂ ਡੰਡੀਆਂ ਬਾਰਡਰ ਤਿਆਰ ਕੀਤਾ ਗਿਆ ਹੈ।

ਇਸ ਦੇ ਅੰਦਰ ਨੀਲੀਆਂ ਅਤੇ ਗੁੜ੍ਹੇ ਲਾਲ ਰੰਗ ਸੁਨਹਿਰੀ ਜੜਤ ਵਾਲਾ ਤਾਜ ਹੈ। ਵਾ਼ਲ ਲੰਬੇ ਅਤੇ ਘਣੇ ਕਾਲੇ ਹਨ। ਇਸ ਦੇ ਬਸਤਰ ਫਿਰੋਜ਼ੀ, ਗੁੜ੍ਹੇ ਲਾਲ,ਪੀਲ਼ੇ ਆਦਿ ਰੰਗਾਂ ਵਿੱਚ ਤਿਆਰ ਕੀਤੇ ਗਏ ਹਨ। ਜਿਨ੍ਹਾਂ ਦੇ ਪੱਲਿਆਂ ਨੂੰ ਸੁੰਦਰ ਡਿਜ਼ਾਇਨਾਂ ਨਾਲ ਸਜਾਇਆ ਹੋਇਆ ਹੈ। ਗੰਭੀਰ ਮੁਦਰਾ ਵਿੱਚ ਇੱਕ ਇਸਤਰੀ ਸਿਤਾਰ ਵਾਦਨ ਕਰ ਰਹੀ ਹੈ। ਇਸ ਦੇ ਹੱਥਾਂ, ਪੈਰਾਂ, ਕੰਨਾਂ ਆਦਿ ਵਿੱਚ ਵੀ ਗਹਿਣੇ ਪਾਏ ਹੋਏ ਹਨ। ਇਸ ਪ੍ਰਕਾਰ ਕਲਾਕਾਰ ਨੇ ਸਾਰੇ ਚਿੱਤਰ ਵਿੱਚ ਬਰਾਬਰਤਾ ਦੇ ਗੁਣ ਨਾਲ ਇਕਸੁਰਤਾ ਅਤੇ ਇਕਸਾਰਤਾ ਪੂਰਨ ਤੌਰ 'ਤੇ ਪੈਦਾ ਕੀਤੀ ਹੋਈ ਹੈ।

**ਕਲਾ ਸ਼ੈਲੀ:-**ਇਹ ਚਿੱਤਰ ਇੱਕ ਖ਼ਾਸ ਪਰਪੱਕ ਕੰਧ-ਚਿੱਤਰ ਰੂਪ ਵਿੱਚ ਸਚਿੱਤਰਤ ਕੀਤੇ ਹੋਏ ਹਨ; ਜਿਨ੍ਹਾਂ ਵਿੱਚ ਉੱਚ-ਕੋਟੀ ਦੀ ਰੇਖਾ ਅਤੇ ਰੰਗਾਂ ਦਾ ਕਲਾਕਾਰ ਨੇ ਬੜੀ ਸੂਝ-ਬੂਝ ਨਾਲ ਇਸਤੇਮਾਲ ਕੀਤਾ ਹੈ। ਉਸ ਨੇ ਲਾਲ, ਪੀਲੇ, ਨੀਲੇ, ਭੁਰੇ, ਹਰੇ ਆਦਿ ਰੰਗਾਂ ਦਾ ਇਸਤੇਮਾਲ ਕੀਤਾ ਹੈ। ਮਨੁੱਖੀ ਸਰੀਰ ਦੇ ਅੰਗਾਂ ਜਿਵੇਂ ਹੱਥ, ਪੈਰ, ਨੈਣ-ਨਕਸ਼, ਸਰੀਰ ਦੀ ਗੋਲਾਈ, ਮੋਟਾਈ, ਲੰਬਾਈ ਆਦਿ ਬੜੀ ਸਿਆਣਪ ਨਾਲ ਚਿੱਤਰੇ ਹਨ।ਲੱਗਪਗ ਸਾਰੇ ਵਿਸ਼ਿਆਂ ਦੇ ਚਿੱਤਰਾਂ ਵਿੱਚ (ਖਾਸ ਤੌਰ 'ਤੇ ਜੰਗਾਂ ਯੁਧਾਂ ਦੇ ਚਿੱਤਰ) ਗਤੀ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਅੰਤ ਵਿੱਚ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਇਸ ਮੰਦਿਰ ਵਿੱਚ ਕਲਾ ਦਾ ਵੱਡਾ ਭੰਡਾਰ ਹੈ। ਵੱਖ ਵੱਖ ਵਿਸ਼ਿਆਂ ਉੱਤੇ ਕਲਾਕਾਰਾਂ ਨੇ ਬੜੀ ਨਿਸ਼ਠਾ ਨਾਲ ਚਿੱਤਰ ਬਣਾਏ ਜੋ ਰੰਗ ਰੂਪ ਅਤੇ ਆਕਾਰਾਂ ਵਿੱਚ ਆਪਣੀ ਪਹਿਚਾਣ ਆਪ ਕਰਾਉਂਦੇ ਹਨ।

# ਭਾਰਤੀ ਲੋਕਤੰਤਰ ਨੂੰ ਸ਼ਰਮਸਾਰ ਨਾ ਕਰੋ



ਕੁਲਵੰਤ ਸਿੰਘ ਟਿੱਬਾ
91-92179-71379

ਹਰ ਦੇਸ਼ਵਾਸੀ ਨੂੰ ਭਾਰਤ ਦਾ ਸੰਵਿਧਾਨ ਆਪਣੀ ਗੱਲ ਕਹਿਣ ਜਾਂ ਲਿਖਣ ਦਾ ਅਧਿਕਾਰ ਦਿੰਦਾ ਹੈ। ਪਰ ਕੇਂਦਰ ਵਿੱਚ ਭਾਜਪਾ ਦੇ ਸੱਤਾ ਸੰਭਾਲਣ ਪਿੱਛੋਂ ਕਹਿਣ ਅਤੇ ਲਿਖਣ ਦੀ ਆਜ਼ਾਦੀ ਤੇ ਤੇਜ਼ੀ ਨਾਲ ਹਮਲੇ ਹੋਣ ਅਤੇ ਵਿਰੋਧੀ ਆਵਾਜ਼ ਨੂੰ ਕੁਚਲ ਦੇਣ ਦੀ ਪ੍ਰਥਾ ਵਿੱਚ ਅਥਾਹ ਵਾਧਾ ਹੋਇਆ ਹੈ। ਵਿਰੋਧੀ ਸੁਰ ਨੂੰ ਸੁਨਣ ਦਾ ਮਾਦਾ ਭਾਜਪਾ ਆਗੂਆਂ ਕੋਲ ਨਹੀ ਹੈ, ਜਿਸ ਕਾਰਣ ਸਮੇਂ ਸਮੇਂ ਅਮੀਰ ਖਾਨ, ਸ਼ਾਹਰੁਖ਼ ਖਾਨ, ਕਨ੍ਹਈਆ ਕੁਮਾਰ ਜਾਂ ਗੁਰਮੇਹਰ ਕੌਰ ਆਦਿ ਦੇ ਮਾਮਲੇ ਉੱਭਰਦੇ ਰਹੇ ਹਨ। 18 ਜੁਲਾਈ 2017 ਨੂੰ ਭਾਰਤ ਦੀ ਉੱਪਰਲੀ ਸਾਂਸਦ ਰਾਜ ਸਭਾ ਅੰਦਰ ਬਸਪਾ ਮੁਖੀ ਬੀਬੀ ਮਾਇਆਵਤੀ ਵੱਲੋਂ ਦੇਸ ਦੀ 33 ਫ਼ੀਸਦੀ ਵਸੋਂ ਤੇ ਹੋ ਰਹੇ ਜਾਤੀ ਹਮਲਿਆਂ ਦੇ ਗੱਲ ਕਹਿਣ ਸਮੇਂ ਸੱਤਾਧਾਰੀ ਦੇ ਸਾਂਸਦ ਮੈਂਬਰਾਂ ਵੱਲੋਂ ਕੀਤੀ ਹੂਟਿੰਗ ਨੂੰ ਕਿਸੇ ਤਰਾਂ ਜਾਇਜ਼ ਨਹੀ ਕਿਹਾ ਜਾ ਸਕਦਾ।

ਭਾਜਪਾ ਸਾਂਸਦ ਅਤੇ ਮੰਤਰੀ ਵਿਰੋਧੀ ਅਵਾਜਾ ਨੂੰ ਸੁਨਣ ਲਈ ਤਿਆਰ ਹੀ ਨਹੀਂ, ਜੋ ਭਾਰਤੀ ਲੋਕਤੰਤਰ ਲਈ ਠੀਕ ਨਹੀਂ ਹੈ। ਬੀਬੀ ਮਾਇਆਵਤੀ ਨਾਲ ਅਜਿਹਾ ਵਤੀਰਾ ਪਹਿਲੀ ਵਾਰ ਨਹੀ ਹੋਇਆ ਸਗੋਂ ਇਸ ਤੋਂ ਪਹਿਲਾ ਵੀ ਗੁਜਰਾਤ ਦੇ ਊਨਾ ਕਾਂਡ ਨੂੰ ਰਾਜ ਸਭਾ ਅੰਦਰ ਜ਼ੋਰਦਾਰ ਤਰੀਕੇ ਨਾਲ ਪੇਸ਼ ਕਰਨ ਤੋਂ ਤੰਗ ਭਾਜਪਾ ਦੇ ਰੂੜੀਵਾਦੀ ਸੋਚ ਰੱਖਣ ਵਾਲੇ ਸਾਂਸਦ ਦਿਆਸ਼ੰਕਰ ਸਿੰਘ ਨੇ ਮਾਇਆਵਤੀ ਨੂੰ ਸਦਨ ਅੰਦਰ ਅਪਸ਼ਬਦ ਕਹਿ ਦਿੱਤੇ ਸਨ। ਜਿਸ ਉੱਪਰ ਬਾਅਦ ਵਿੱਚ ਪਰਚਾ ਦਰਜ ਹੋ ਗਿਆ ਸੀ। ਬੀਤੇ ਮੰਗਲਵਾਰ ਨੂੰ ਮਾਇਆਵਤੀ ਉਤਰ ਪ੍ਰਦੇਸ ਦੇ ਜ਼ਿਲ੍ਹਾ ਸਹਾਰਨਪੁਰ ਦੇ ਪਿੰਡ ਸੱਬੀਰਪੁਰ ਵਿਖੇ 50 ਦਲਿਤ ਪਰਿਵਾਰ ਦੇ ਘਰ ਫੂਕਣ ਉਪਰੰਤ ਜੁਲਮ ਕਰਨ ਦੇ ਮਾਮਲੇ ਨੂੰ ਸਦਨ ਅੰਦਰ ਰੱਖ ਰਹੀ ਸੀ ਪਰ ਤਿੰਨ ਮਿੰਟ ਦੇ ਸਮੇਂ ਦੀ ਗੱਲ ਕਹਿ ਕੇ ਸਭਾ ਦੇ ਉਪ ਚੇਅਰਮੈਨ ਨੇ ਬੀਬੀ ਮਾਇਆਵਤੀ ਨੂੰ ਰੁਕਣ ਲਈ ਕਿਹਾ ਜਦਕਿ ਮਾਇਆਵਤੀ ਨੇ ਕਿਹਾ ਕਿ ਉਸ ਦੀ ਗੱਲ ਅਜੇ ਪੂਰੀ ਨਹੀਂ ਹੋਈ ।

ਇਸ ਬਹਿਸ ਵਿੱਚ ਹੀ ਲਗਭਗ 10 ਮਿੰਟ ਖ਼ਰਾਬ ਕਰ ਦਿੱਤੇ ਗਏ, ਜਦਕਿ ਇੰਨੇ ਟਾਈਮ ਵਿੱਚ ਮਾਇਆਵਤੀ ਆਪਣੀ ਗੱਲ ਕਰ ਸਕਦੀ ਸੀ। ਮਾਇਆਵਤੀ ਵੱਲੋਂ ਰਾਜ ਸਭਾ ਦੇ ਸਭਾਪਤੀ ਨੂੰ ਤਿੰਨ ਪੇਜ ਦੇ ਭੇਜੇ ਅਸਤੀਫ਼ੇ ਵਿੱਚ ਦੱਸਿਆ ਕਿ ਬਸਪਾ ਨੇ ਕਾਨੂੰਨ ਅਨੁਸਾਰ ਰੂਲ 267 ਤਹਿਤ ਦਲਿਤ ਅੱਤਿਆਚਾਰ ਦੇ ਮੁੱਦੇ ਤੇ ਸਦਨ ਅੰਦਰ ਬਹਿਸ ਕਰਵਾਉਣ ਦੀ ਮੰਗ ਕੀਤੀ ਗਈ ਸੀ।

ਰਾਜ ਸਭਾ ਅੰਦਰ ਕਿਸੇ ਨੋਟਿਸ ਤੇ ਸਿਰਫ਼ ਤਿੰਨ ਮਿੰਟ ਦਾ ਸਮਾਂ ਹੀ ਦਿੱਤਾ ਜਾਣਾ ਹੈ, ਇਹ ਕਾਨੂੰਨ ਜਾਂ ਨਿਯਮ ਰਾਜ ਸਭਾ ਦੀ ਰੂਲ ਬੁੱਕ ਵਿੱਚ ਕਿਤੇ ਵੀ ਦਰਜ ਨਹੀ ਹੈ। ਜੇਕਰ ਦੇਸ ਦੀ ਸੰਸਦ ਕੋਲ ਦੇਸ ਦੀ 33 ਫ਼ੀਸਦੀ ਦਲਿਤ ਸਮਾਜ ਦੀ ਗੱਲ ਸੁਨਣ ਦਾ ਸਮਾਂ ਨਹੀਂ ਹੈ ਤਾਂ ਇਸ ਗੱਲ ਦਾ ਅੰਦਾਜਾ ਸਹਿਜੇ ਹੀ ਲੱਗ ਜਾਂਦਾ ਹੈ ਕਿ ਦੇਸ ਦੀ ਭਾਜਪਾ ਸਰਕਾਰ ਦਲਿਤਾਂ ਪ੍ਰਤੀ ਕਿੰਨਾ ਕੁ ਗੰਭੀਰ ਹੈ ? ਦੇਸ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਦਲਿਤ ਉਮੀਦਵਾਰ ਰਾਮ ਨਾਥ ਕੋਵਿੰਦ ਦਾ ਨਾਂ ਪੇਸ਼ ਕਰਕੇ ਦਲਿਤਾਂ ਦੀ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੀ ਭਾਜਪਾ ਵੱਲੋਂ ਦਲਿਤਾਂ ਤੇ ਗੰਭੀਰ ਅੱਤਿਆਚਾਰਾਂ ਤੇ ਚਰਚਾ ਕਰਨ ਦਾ ਟਾਈਮ ਤੱਕ ਨਹੀਂ ਹੈ।

ਮਾਇਆਵਤੀ ਨੂੰ ਦੇਸ ਦੀ 33 ਫ਼ੀਸਦੀ ਦਲਿਤ ਸਮਾਜ ਦੀ ਗੱਲ ਕਰਨ ਤੋਂ ਰੋਕਣਾ ਲੋਕਤੰਤਰੀ ਕਦਰਾਂ ਕੀਮਤਾਂ ਦੇ ਖ਼ਿਲਾਫ਼ ਹੈ। ਜੇਕਰ ਮਾਇਆਵਤੀ ਆਪਣੀ ਗੱਲ ਪੂਰੀ ਕਰ ਲੈਂਦੀ, ਉਸਨੂੰ ਨਾ ਰੋਕਿਆ ਜਾਂਦਾ ਤਾਂ ਪਰਲੋ ਨਹੀਂ ਸੀ ਆਉਣ ਲੱਗੀ। ਹਰ ਇੱਕ ਗੱਲ ਕਹਿਣ ਦੀ ਪੂਰੀ ਖੁੱਲ੍ਹ ਹੋਣੀ ਚਾਹੀਦੀ ਹੈ। ਜੇਕਰ ਕੋਈ ਸਾਂਸਦ ਦੇਸ ਦੀ ਪਾਰਲੀਮੈਂਟ ਵਿੱਚ ਗੱਲ ਨਹੀਂ ਕਰ ਸਕਦਾ ਤਾਂ ਹੋਰ ਕਿੱਥੇ ਕਰੇਗਾ। ਦੇਸ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ ਦੀ ਚਾਰ ਵਾਰ ਮੁੱਖ ਮੰਤਰੀ ਰਹਿ ਚੁੱਕੀ ਅਤੇ ਰਾਜ ਸਭਾ ਮੈਂਬਰ ਤੋਂ ਇਲਾਵਾ ਦੇਸ ਦੀ ਤੀਜੀ ਸਭ ਤੋਂ ਵੱਡੀ ਰਾਸ਼ਟਰੀ ਪਾਰਟੀ ਦੀ ਮੁਖੀ ਮਾਇਆਵਤੀ ਨੇ ਅਜਿਹੇ ਵਰਤਾਰਾ ਤੋਂ ਤੰਗ ਹੋ ਕੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਨਾ ਪਿਆ।

ਬਸਪਾ ਪ੍ਰਧਾਨ ਦਾ ਕੋਈ ਲੁਕਵਾਂ ਸਿਆਸੀ ਏਜੰਡਾ ਹੋ ਸਕਦਾ ਹੈ, ਕਿਉਂਕਿ ਹਰ ਕੋਈ ਆਪੋ ਆਪਣੀ ਸਿਆਸਤ ਅਨੁਸਾਰ ਫ਼ੈਸਲਾ ਲੈਂਦਾ ਹੈ ਪਰ ਇਸ ਘਟਨਾ ਨੂੰ ਸਿਰਫ਼ ਸਿਆਸੀ ਸਟੰਟ ਕਹਿ ਕੇ ਛੁਟਿਆਇਆ ਨਹੀ ਜਾ ਸਕਦਾ। ਕਿਉਂਕਿ ਕੌਮਾਂਤਰੀ ਪੱਧਰ ਤੇ ਭਾਰਤ ਦਾ ਮਾੜਾ ਪ੍ਰਭਾਵ ਗਿਆ ਹੈ।

ਸ ਾ ਨੂੰ ਫ਼ਰਾਖ਼-ਦਿਲੀ ਨਾਲ ਵੱਡੇ ਸਟੇਟਸਮੈਨ ਪੈਦਾ ਕਰਨੇ ਚਾਹੀਦੇ ਹਨ, ਜੋ ਵੱਖ ਵੱਖ ਰਾਸ਼ਟਰੀ ਪਾਰ-ਟੀਆਂ ਅਤੇ ਖੇਤਰੀ ਪਾਰਟੀਆਂ ਦੇ ਮੁਖੀ ਹੋ ਸਕਦੇ ਹਨ ਤਾਂ ਅੰਤਰ ਰਾਸ਼ਟਰੀ ਪੱਧਰ ਤੇ ਭਾਰਤ ਦਾ ਪੱਖ ਮਜ਼ਬੂਤ ਹੋ ਸਕੇ। ਇਸ ਤੋਂ ਇਲਾਵਾ ਦਲਿਤਾਂ ਤੇ ਅੱਤਿਆਚਾਰ ਦਾ ਮੁੱਦਾ ਚੁੱਕਣਾ ਇਕੱਲੇ ਦਲਿਤ ਆਗੂਆਂ ਦਾ ਕੰਮ ਨਹੀਂ ਹੈ ਸਗੋਂ ਹਰ ਭਾਰਤੀ ਆਗੂ ਦਾ ਫ਼ਰਜ਼ ਬਣਦਾ ਹੈ ਕਿ ਉਹ ਦੇਸ ਦੀ ਵਸੋਂ ਦੇ ਇੱਕ ਵੱਡੇ ਹਿੱਸੇ ਦੀਆਂ ਦੁੱਖਾਂ ਤਕਲੀਫ਼ਾਂ ਨੂੰ ਦੇਸ ਦੀ ਸਭ ਤੋਂ ਵੱਡੀ ਪੰਚਾਇਤ ਵਿੱਚ ਰੱਖ ਕੇ ਉਨ੍ਹਾਂ ਦੇ ਹੱਲ ਲਈ ਸੰਜੀਦਾ ਯਤਨ ਕਰਨ।

ਭਾਰਤ ਦੇ ਹਰ ਆਗੂ ਦਾ ਫ਼ਰਜ਼ ਹੈ ਕਿ ਜੇਕਰ ਕਿਤੇ ਵੀ ਮਨੁੱਖਤਾ ਦਾ ਘਾਣ ਹੁੰਦਾ ਹੈ ਤਾਂ ਉਸ ਦਾ ਡਟਵਾਂ ਵਿਰੋਧ ਕਰਨਾ ਚਾਹੀਦਾ ਹੈ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ ਹੈ, ਇਸ ਦੀ ਲੋਕਤੰਤਰਿਕ ਰਵਾਇਤਾਂ ਨੂੰ ਢਾਹ ਨਹੀਂ ਲੱਗਣੀ ਚਾਹੀਦੀ ਅਤੇ ਭਾਰਤੀ ਲੋਕਤੰਤਰ ਨੂੰ ਸਰਮਸਾਰ ਨਹੀ ਕਰਨਾ ਚਾਹੀਦਾ।

# ਦੇਸ਼ ਲਈ ਘਾਤਕ ਹਨ, ਲੋਕ ਓਹਲਾ ਰੱਖਣ ਵਾਲੀਆਂ ਡੰਗ ਟਪਾਊ ਨੀਤੀਆਂ



ਗੁਰਮੀਤ ਸਿੰਘ ਪਲਾਹੀ
91-98158-02070

**ਵਿਸ਼ਵ ਪੱਧਰੀ ਕੀਮਤਾਂ ਘੱਟਣ ਦੇ ਬਾਵਜੂਦ ਵੀ ਸਰਕਾਰ ਨੇ ਕਿਸਾਨਾਂ ਅਤੇ ਆਮ ਲੋਕਾਂ ਉਤੇ ਪਿਆ ਭਾਰ ਵੀ ਨਾ ਘਟਾਇਆ ਅਤੇ ਬਹੁਤੇ ਥਾਈਂ ਕਾਰਪੋਰੇਟ ਸੈਕਟਰ ਦੀਆਂ ਵੱਡੀਆਂ ਬੀਮਾ ਕੰਪਨੀਆਂ ਨਾਲ ਰਲਕੇ ਖਾਸ ਤੌਰ ਤੇ ਕਿਸਾਨਾਂ ਨੂੰ ਅਤੇ ਸਰਕਾਰੀ ਖਜ਼ਾਨੇ ਨੂੰ ਵੱਡਾ ਚੂਨਾ ਲੱਗਣ ਦਿਤਾ। ਪ੍ਰਧਾਨਮੰਤਰੀ ਫਸਲ ਬੀਮਾ ਯੋਜਨਾ ਨੂੰ ਮੌਜੂਦਾ ਸਰਕਾਰ ਕਿਸਾਨਾਂ ਨੂੰ ਫਸਲ ਬੀਮਾ ਲਈ ਵੱਡੀ ਰਾਹਤ ਮੰਨਦੀ ਹੈ। ਪਰ ਅੰਕੜੇ ਤਾਂ ਕੁਝ ਹੋਰ ਹੀ ਬਿਆਨ ਕਰਦੇ ਹਨ ਅਤੇ ਦਸਦੇ ਹਨ ਕਿ ਬੀਮਾ ਕੰਪਨੀਆਂ ਨੇ ਇਸ ਸਕੀਮ 'ਚ ਕਿਸਾਨਾਂ ਦੀ ਵੱਡੀ ਲੁੱਟ ਕੀਤੀ ਹੈ।**

ਦੇਸ਼ 'ਤੇ ਰਾਜ ਕਰਦੀਆਂ ਕੇਂਦਰ, ਸੂਬਾ ਸਰਕਾਰਾਂ ਦਾ ਪੂਰਾ ਜ਼ੋਰ ਇਸ ਗੱਲ 'ਤੇ ਲੱਗਿਆ ਹੋਇਆ ਹੈ ਕਿ ਕਿਸੇ ਵੀ ਢੰਗ ਨਾਲ "ਸ਼ਾਹੀ-ਖਜ਼ਾਨਾ" ਨੇਤਾਵਾਂ ਦੇ ਐਸ਼ੋ ਆਰਾਮ ਲਈ ਨੱਕੋ-ਨੱਕ ਭਰੇ ਅਤੇ ਆਮ ਆਦਮੀ ਨੂੰ ਬਣਦੀ-ਸਰਦੀ ਸਹੂਲਤ ਦੇਣ ਦੇ ਪਹਿਲੇ ਛੇੜੇ ਕੰਮਾਂ ਤੋਂ ਵੀ ਪਿੱਛਾ ਛੁਡਾ ਲਿਆ ਜਾਵੇ। ਦੇਸ਼ 'ਚ ਡੀਜ਼ਲ, ਪੈਟਰੋਲ ਦੀ ਅੰਤਰਰਾਸ਼ਟਰੀ ਪੱਧਰ ਉਤੇ ਲਗਾਤਾਰ ਘੱਟ ਰਹੀ ਕੀਮਤ ਤੇ ਖ਼ਪਤਕਾਰਾਂ ਨੂੰ ਉਸਦਾ ਬਣਦਾ ਹਿੱਸਾ ਨਾ ਦੇ ਸਰਕਾਰ ਵਲੋਂ ਆਪਣਾ ਖ਼ਜ਼ਾਨਾ ਭਰਨਾ ਇਸਦੀ ਵੱਡੀ ਉਦਾਹਰਨ ਹੈ ਅਤੇ ਇਸ ਤੋਂ ਵੀ ਵੱਡੀ ਉਦਾਹਰਨ ਦੇਸ਼ ਦੇ ਨਾਗਰਿਕਾਂ ਤੋਂ ਸਿਹਤ, ਸਿੱਖਿਆ ਸਹੂਲਤਾਂ ਲਗਾਤਾਰ ਸਰਕਾਰਾਂ ਵਲੋਂ ਖੋਹੇ ਜਾਣਾ ਹੈ।

26 ਮਈ 2014 ਨੂੰ ਮੋਦੀ ਸਰਕਾਰ, ਦੇਸ਼ ਦੀ ਹਾਕਮ ਬਣੀ। ਲੋਕਾਂ ਨੂੰ ਭਲੇ ਦਿਨ ਆਉਣ ਦੀ ਆਸ ਬੱਝੀ। "ਊਠ ਦਾ ਬੁਲ੍ਹ ਹੁਣੇ ਡਿੱਗਾ ਕਿ ਡਿੱਗਾ" ਵਾਂਗਰ "ਕਦੋਂ ਆਉਣਗੇ ਭਲੇ ਦਿਨ" ਇਸ ਆਸ ਨਾਲ ਆਮ ਬੰਦਾ ਗਰੀਬੀ ਭੁੱਖ ਨਾਲ ਨਿੱਤ ਦੋ-ਚਾਰ ਹੁੰਦਾ ਨਿਰਾਸ਼ਾ ਦੇ ਆਲਮ ਵਿਚ ਹੈ। ਇਸੇ ਲਈ ਸਰਕਾਰ ਦਾ ਖਾਸਾ ਪਹਿਲੀ ਸਰਕਾਰ ਤੋਂ ਲੋਕਾਂ ਨੂੰ ਵੱਖਰਾ ਨਹੀਂ ਦਿਸ ਰਿਹਾ। ਸਰਕਾਰੀ ਭਲੇ ਦੀ ਆਸ ਤਾਂ ਦੂਰ, ਲੋਕਾਂ ਦਾ ਆਪਣਾ ਪੱਲਾ ਵੀ ਖਿਸਕਣ ਲੱਗਾ ਹੈ। ਸਰਕਾਰੀ ਨੀਤੀਆਂ, ਨੀਤਾਂ, ਲੁੱਟਾਂ ਬਿਲਕੁਲ ਉਵੇਂ ਹੀ ਜਾਰੀ ਹਨ ਜਿਵੇਂ ਪਹਿਲਾਂ ਸਨ। ਲੋਕਾਂ ਉਤੇ ਲੁਕਵੇਂ ਟੈਕਸ, ਸਹੂਲਤਾਂ ਵਿੱਚ ਕਮੀ, ਨੇਤਾਵਾਂ ਦੀ ਐਸ਼ਪ੍ਰਸਤੀ, ਵੱਢੀ-ਖੋਰੀ, ਧੱਕਾ-ਧੌਂਸ ਵਾਲੀ ਸਿਆਸਤ ਅਤੇ ਲੋਕਾਂ ਤੋਂ ਓਹਲਾ ਰੱਖਕੇ ਰਾਜ ਕਰਨ ਦੀ ਲੁੱਟ-ਖਸੁੱਟ ਵਾਲੀ ਨੀਤੀ ਨਿਰੰਤਰ ਜਾਰੀ ਹੈ। ਜੇ ਇੰਜ ਨਾ ਹੁੰਦਾ, ਤਾਂ ਭਲਾ ਜਦੋਂ ਵਿਸ਼ਵ ਪੱਧਰ ਉਤੇ ਕੱਚੇ ਤੇਲ ਦੇ ਭਾਅ 108 ਡਾਲਰ ਤੋਂ ਘੱਟ ਕੇ 45.64 ਡਾਲਰ ਰਹਿ ਗਏ ਸਨ ਤਾਂ ਇਸ ਦਾ ਲਾਭ ਖਪਤਕਾਰਾਂ ਨੂੰ ਕਿਉਂ ਨਾ ਮਿਲਿਆ? ਉਹਨਾ ਨੂੰ 2014 ਵਿੱਚ ਪੈਟਰੋਲ 71 ਰੁਪਏ ਮਿਲਦਾ ਸੀ, ਹੁਣ 68 ਰੁਪਏ ਮਿਲਦਾ ਹੈ। ਉਹਨਾ ਨੂੰ 2014 ਵਿੱਚ ਡੀਜ਼ਲ ਜੇ 56 ਰੁਪਏ 71 ਪੈਸੇ ਮਿਲਦਾ ਸੀ ਤਾਂ ਹੁਣ ਵੀ 54 ਰੁਪਏ 74 ਪੈਸੇ ਮਿਲਦਾ ਹੈ। ਕਿਉਂ ਸਰਕਾਰ ਵਲੋਂ ਆਪਣਾ ਢਿੱਡ ਮੋਟਾ ਕਰਨ ਲਈ ਪੈਟਰੋਲ ਤੇ ਐਕਸਾਈਜ ਡਿਊਟੀ 9 ਰੁਪਏ 48 ਪੈਸੇ ਪ੍ਰਤੀ ਲਿਟਰ ਤੋਂ ਵਧਾਕੇ 21 ਰੁਪਏ 48 ਪੈਸੇ ਪ੍ਰਤੀ ਲਿਟਰ ਕਰ ਦਿਤੀ ਅਤੇ ਡੀਜ਼ਲ ਉਤੇ ਐਕਸਾਈਜ ਡਿਊਟੀ 3 ਰੁਪਏ 56 ਪੈਸੇ ਤੋਂ 17 ਰੁਪਏ 33 ਪੈਸੇ ਤੱਕ ਵਧਾ ਦਿਤੀ। ਜਿਹੜਾ 1,62,000 ਕਰੋੜ ਰੁਪਏ ਦਾ ਸਲਾਨਾ ਫਾਇਦਾ ਆਮ ਲੋਕਾਂ ਨੂੰ ਦਿਤਾ ਜਾਣਾ ਬਣਦਾ ਸੀ, ਇਸ 3.2 ਕਰੋੜ ਕਿਲੋ ਲਿਟਰ ਪੈਟਰੋਲ ਅਤੇ 9 ਕਰੋੜ ਲਿਟਰ ਡੀਜ਼ਲ ਦੀ ਵੇਚ-ਵੱਟਤ ਤੋਂ, ਉਹ ਸਰਕਾਰ ਦੀ ਝੋਲੀ 'ਚ ਪੈ ਗਿਆ।

ਆਮ ਖਪਤਕਾਰ ਨੂੰ ਡੀਜ਼ਲ/ਪੈਟਰੋਲ ਦੀਆਂ ਕੀਮਤਾਂ ਕਾਰਨ ਮਹਿੰਗਾਈ ਦੀ ਮਾਰ ਝੱਲਣੀ ਪਈ! ਅਤੇ ਹੁਣ ਦੇਸ਼ ਦੀਆਂ ਬਾਕੀ ਚੀਜ਼ਾਂ ਉਤੇ ਤਾਂ "ਇਕੋ ਦੇਸ਼-ਇਕ ਕਰ" ਦਾ ਨਾਹਰਾ ਦੇ ਕੇ ਬਾਕੀ ਸਾਰੇ ਟੈਕਸ ਹਟਾ ਕੇ ਜੀ ਐਸ ਟੀ ਲਾਗੂ ਕਰ ਦਿਤੀ ਤਾਂ ਪੈਟਰੋਲ-ਡੀਜ਼ਲ ਦੀ ਐਕਸਾਈਜ਼ ਡਿਊਟੀ(ਕਰ) ਨੂੰ ਨਾ ਹਟਾਕੇ ਲੋਕਾਂ ਦੀ ਲੁੱਟ ਹੁਣ ਵੀ ਜਾਰੀ ਰੱਖੀ ਜਾ ਰਹੀ ਹੈ। ਕੀ ਇਹ ਸਰਕਾਰ ਦੀ ਦੋਗਲੀ ਪਾਲਿਸੀ ਨਹੀਂ ਹੈ? ਕੀ ਇਹ ਲੋਕ ਹਿੱਤੂ ਸਰਕਾਰ ਦਾ ਖਾਸਾ ਹੈ ਕਿ ਲੋਕਾਂ ਦੇ ਖੀਸੇ ਖਾਲੀ ਕਰੋ, ਅਤੇ ਆਪ ਆਪਣੇ ਖਜ਼ਾਨੇ ਭਰਕੇ ਲੋਕਾਂ ਨੂੰ ਰੀਂਗ-ਰੀਂਗ ਕੇ ਮਰਨ ਲਈ ਮਜ਼ਬੂਰ ਕਰਦੇ ਜਾਓ! ਅੱਜ ਵੀ ਦੇਸ਼ ਦੇ ਇਕ ਤਿਹਾਈ ਲੋਕਾਂ ਨੂੰ ਪੇਟ ਭਰਕੇ ਦੋ ਡੰਗ ਰੋਟੀ ਵੀ ਨਸੀਬ ਨਹੀਂ ਹੁੰਦੀ।

ਸਿਰਫ ਡੀਜ਼ਲ-ਪੈਟਰੋਲ-ਤੇਲ ਹੀ ਇਕ ਇਹੋ ਜਿਹੀ ਵਸਤੂ ਨਹੀਂ ਜਿਸਦਾ ਵਿਸ਼ਵ ਪੱਧਰ ਉਤੇ ਕੀਮਤਾਂ ਘੱਟ ਹੋਣ ਦੇ ਬਾਵਜੂਦ ਬਣਦਾ ਲਾਭ ਖਪਤਕਾਰਾਂ ਤੱਕ ਕਪਟੀ, ਖਚਰੀ ਸਰਕਾਰ ਵਲੋਂ ਪਹੁੰਚਦਾ ਨਹੀਂ ਕੀਤਾ ਗਿਆ, ਸਗੋਂ ਕਿਸਾਨਾਂ ਦੇ ਹਿੱਤਾਂ ਲਈ ਟਾਹਰਾਂ ਮਾਰਨ ਵਾਲੀ ਮੋਦੀ ਸਰਕਾਰ ਵਲੋਂ ਖਾਦਾਂ ਦੇ ਮੁਆਮਲੇ ਵਿਚ ਵੀ ਇੰਜ ਹੀ ਕੀਤਾ ਗਿਆ ਹੈ। ਸਾਲ 2011-12 ਵਿੱਚ ਕਿਸਾਨਾਂ ਵਲੋਂ ਸਭ ਤੋਂ ਵੱਧ ਵਰਤੀ ਜਾਣ ਵਾਲੀ ਖਾਦ ਡੀ ਏ ਪੀ ਦੀ ਕੀਮਤ 650 ਡਾਲਰ ਪ੍ਰਤੀ ਟਨ ਤੋਂ 370 ਡਾਲਰ ਪ੍ਰਤੀ ਟਨ ਵਿਸ਼ਵ ਮੰਡੀ 'ਚ ਹੋ ਗਈ ਭਾਵ 43 ਪ੍ਰਤੀਸ਼ਤ ਕੀਮਤਾਂ ਘਟੀਆਂ ਜਾਂ ਇਉਂ ਸਮਝ ਲਵੋ ਰੁਪਏ ਦੇ ਮੁੱਲ ਦੀ ਮੰਦੀ ਕਾਰਨ 23 ਪ੍ਰਤੀਸ਼ਤ ਕੀਮਤਾਂ 'ਚ ਕਮੀ ਆਈ। ਪਰ ਭਾਰਤੀ ਮੰਡੀ 'ਚ ਇਸ ਦੀ ਕੀਮਤ 20,000 ਰੁਪਏ ਪ੍ਰਤੀ ਟਨ ਹੀ ਰਹੀ। 2012-13 ਵਿਚ 26500 ਰੁਪਏ ਪ੍ਰਤੀ ਟਨ ਅਤੇ ਅਗਲੇ ਤਿੰਨ ਸਾਲਾਂ 'ਚ 24 ਜਾਂ 25 ਹਜ਼ਾਰ ਪ੍ਰਤੀ ਟਨ ਅਤੇ ਹੁਣ ਵੀ 20500 ਰੁਪਏ ਪ੍ਰਤੀ ਟਨ ਹੈ। ਜਿਹੜੀ ਕਿ ਜੀ ਐਸ ਟੀ ਲਾਗੂ ਹੋਣ ਨਾਲ 125 ਰੁਪਏ ਪ੍ਰਤੀ ਬੋਰਾ ਹੋਰ ਵਧ ਗਈ ਹੈ। ਪੋਟਾਸ਼ ਖਾਦ ਵਿੱਚ ਵੀ ਉਹ ਇੱਕ ਤਿਹਾਈ ਕਟੌਤੀ ਜਿਹੜੀ ਵਿਸ਼ਵ ਪੱਧਰ ਉਤੇ ਹੋਈ, ਉਹ ਦੇਸ਼ ਵਿਚ ਵੇਖਣ ਨੂੰ ਨਾ ਮਿਲੀ। ਹੁਣ ਪੋਟਾਸ਼ ਦੀ ਕੀਮਤ 12000 ਰੁਪਏ ਪ੍ਰਤੀ ਟਨ ਹੈ, ਜੋ ਵਿਸ਼ਵ ਮੁੱਲ ਦੇ ਨੇੜੇ-ਤੇੜੇ ਵੀ ਨਹੀਂ। ਸਵਾਲ ਉਠਦਾ ਹੈ ਕਿ ਜਦ ਦੁਨੀਆਂ ਭਰ 'ਚ ਅਮੋਨੀਆ, ਫਾਸਫੋਰਿਕ ਐਸਿਡ ਅਤੇ ਸਲਫਰ ਦੀਆਂ ਕੀਮਤਾਂ 'ਚ ਕਮੀ ਆਈ ਤਾਂ ਉਹ ਭਾਰਤੀ ਕਿਸਾਨਾਂ ਦੇ ਪੇਟੇ ਕਿਉਂ ਨਾ ਪਾਈ ਗਈ? ਕਿਉਂ ਮੌਜੂਦਾ ਸਰਕਾਰ ਨੇ ਇਹਨਾ ਖਾਦਾਂ ਉਤੇ ਭਾਰੀ-ਭਰਕਮ ਟੈਕਸ ਲਾ ਕੇ ਇਸ ਮਿਲਣ ਵਾਲੇ ਫਾਇਦੇ ਨੂੰ ਹੜੱਪ ਲਿਆ? ਕੀ ਇਸ ਹਾਲਤ ਵਿੱਚ ਸਰਕਾਰ ਨੂੰ ਉਹਨਾ ਕਿਸਾਨਾਂ, ਖੇਤ ਮਜ਼ਦੂਰਾਂ ਦੀ ਹਿਤੂ ਸਰਕਾਰ ਕਹਾਂਗੇ ਜਿਹੜੇ ਖੇਤੀ ਕਾਰਨ ਕਰਜ਼ੇ ਹੇਠ ਦੱਬੇ ਨਿੱਤ ਖੁਦਕੁਸ਼ੀਆਂ ਕਰ ਰਹੇ ਹਨ। ਦੇਸ਼ ਭਰ 'ਚ ਹੁਣ ਤੱਕ ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਦਸ ਵਰ੍ਹਿਆਂ 'ਚ ਹਜ਼ਾਰਾਂ ਕਿਸਾਨ,ਖੇਤ ਮਜ਼ਦੂਰ ਆਰਥਿਕ ਤੰਗੀ ਦੀ ਬਲੀ ਚੜ੍ਹ ਚੁੱਕੇ ਹਨ। ਇਥੇ ਹੀ ਬੱਸ ਨਹੀਂ ਕੱਚੇ-ਤੇਲ, ਖਾਦਾਂ, ਦੀਆਂ ਕੀਮਤਾਂ 'ਚ ਵਿਸ਼ਵ ਕਟੌਤੀ ਦੇ ਬਾਵਜੂਦ ਘਟੀਆਂ ਕੀਮਤਾਂ ਦਾ ਵਾਧਾ-ਘਾਟਾ ਹੜੱਪਣਵਾਲੀ ਸਰਕਾਰ ਵਲੋਂ ਖਾਦਾਂ ਦੀ ਸਬਸਿਡੀ ਵੀ ਘਟਾ ਦਿਤੀ ਗਈ। ਡੀ ਏ ਪੀ ਉਤੇ ਖਾਦ ਬਨਾਉਣ ਵਾਲੀਆਂ ਫੈਕਟਰੀਆਂ ਨੂੰ ਦਿਤੀ ਜਾਣ ਵਾਲੀ ਸਬਸਿਡੀ 2011-12 'ਚ ਜੋ 19763 ਕਰੋੜ ਰੁਪਏ ਸੀ ਉਹ ਮੌਜੂਦਾ ਸਮੇਂ 8937 ਕਰੋੜ ਰੁਪਏ ਰਹਿ ਗਈ ਹੈ। ਦਰਾਮਦਕਾਰਾਂ ਨੂੰ ਮਿਲਦੀ ਇਸ ਸਮੇਂ 'ਚ ਸਬਸਿਡੀ 16054 ਕਰੋੜ ਤੋਂ 7437 ਕਰੋੜ ਰਹਿ ਗਈ। ਇਹੋ ਹਾਲ ਨਾਈਟਰੋਜਨ, ਫਾਸਫੋਰਸ, ਪੋਟਾਸ਼, ਸਲਫਰ ਖਾਦਾਂ 'ਚ ਹੋਇਆ। ਯੂਰੀਆ ਖਾਦ ਸਬੰਧੀ ਸਰਕਾਰ ਵਲੋਂ ਕਿਸਾਨਾਂ ਦੀ ਕੀਤੀ ਜਾਂਦੀ ਲੁੱਟ ਵੀ ਵੱਖਰੀ ਨਹੀਂ। ਇੰਮਪੋਰਟਿਡ ਯੂਰੀਆ ਦੀ ਪ੍ਰਤੀ ਟਨ ਕੀਮਤ ਹੁਣ 13550 ਰੁਪਏ ਟਨ ਹੈ ਜਦਕਿ 2011-12 ਵਿਚ ਇਸ ਕੀਮਤ 22678 ਰੁਪਏ ਪ੍ਰਤੀ ਟਨ ਸੀ। ਇੰਜ ਦੋਹਾਂ ਕੀਮਤਾਂ ਦੇ ਫਰਕ ਨਾਲ ਵੀ ਸਰਕਾਰ ਸਬਸਿਡੀ ਬਚਾ ਰਹੀ ਹੈ ਅਤੇ ਕਿਸਾਨਾਂ ਨੂੰ ਖਾਦ ਉਸੇ ਪਿਛਲੇ ਭਾਅ ਵੇਚ ਰਹੀ ਹੈ।

ਇਸੇ ਤਰ੍ਹਾਂ ਕੇਂਦਰ 2012-13 ਵਿਚ ਪੈਟਰੋਲੀਅਮ ਵਸਤੂਆਂ ਉਤੇ ਕੇਂਦਰ 96880 ਕਰੋੜ ਦੀ ਸਬਸਿਡੀ ਦਿੰਦਾ ਸੀ, ਹੁਣ ਇਹ ਦਿਤੀ ਜਾਣ ਵਾਲੀ ਸਬਸਿਡੀ ਘਟਾਕੇ 27532 ਕਰੋੜ ਰਹਿ ਗਈ ਹੈ। ਖਾਦ ਉਤੇ ਸਬਸਿਡੀ ਜੋ 2011-12 ਵਿਚ 70,000 ਕਰੋੜ ਸੀ ਹੁਣ ਨਾਨ-ਯੂਰੀਆ ਖਾਦਾਂ ਉਤੇ 36088 ਕਰੋੜ ਤੋਂ ਘੱਟਕੇ ਸਾਲ 2016-17 ਵਿੱਚ 19000 ਕਰੋੜ ਰੁਪਏ ਰਹਿ ਗਈ ਜਦਕਿ ਯੂਰੀਆ ਖਾਦ ਉਤੇ ਜੋ ਸਬਸਿਡੀ 33924 ਕਰੋੜ ਸੀ ਹੁਣ ਵਧਕੇ 51000 ਕਰੋੜ ਹੋ ਗਈ, ਇੰਜ ਸਰਕਾਰ ਨੇ ਖਾਦਾਂ ਦੀ ਕੀਮਤਾਂ ਜੀ ਐਸ ਟੀ ਤੋਂ ਪਹਿਲਾਂ ਸਥਿਰ ਰੱਖੀਆਂ, ਪਰ ਵਿਸ਼ਵ ਮੰਡੀ ਤੋਂ ਸਸਤੇ ਭਾਅ ਖਰੀਦਕੇ ਉਹਨਾ ਉਤੇ ਦਿਤੀ ਜਾਣ ਵਾਲੀ ਸਬਸਿਡੀ ਬਚਾਕੇ ਆਪਣਾ ਵੱਡਾ ਪੈਸਾ ਬਚਾ ਲਿਆ। ਇੰਜ ਕਿਸਾਨਾਂ ਨੂੰ ਵਿਸ਼ਵ ਮੰਡੀ 'ਚ ਹੋਣ ਵਾਲੀਆਂ ਘੱਟ ਕੀਮਤਾਂ ਦਾ ਕੋਈ ਫਾਇਦਾ ਨਾ ਪਹੁੰਚਾ ਪਰ ਸਰਕਾਰ ਨੇ ਹੱਥੋ-ਹੱਥੀ ਲੋਕਾਂ ਅੱਖੀਂ ਘਟਾ ਪਾਕੇ ਹੱਥ ਰੰਗ ਲਏ।

ਵਿਸ਼ਵ ਪੱਧਰੀ ਕੀਮਤਾਂ ਘੱਟਣ ਦੇ ਬਾਵਜੂਦ ਵੀ ਸਰਕਾਰ ਨੇ ਕਿਸਾਨਾਂ ਅਤੇ ਆਮ ਲੋਕਾਂ ਉਤੇ ਪਿਆ ਭਾਰ ਵੀ ਨਾ ਘਟਾਇਆ ਅਤੇ ਬਹੁਤੇ ਥਾਈਂ ਕਾਰਪੋਰੇਟ ਸੈਕਟਰ ਦੀਆਂ ਵੱਡੀਆਂ ਬੀਮਾ ਕੰਪਨੀਆਂ ਨਾਲ ਰਲਕੇ ਖਾਸ ਤੌਰ ਤੇ ਕਿਸਾਨਾਂ ਨੂੰ ਅਤੇ ਸਰਕਾਰੀ ਖਜ਼ਾਨੇ ਨੂੰ ਵੱਡਾ ਚੂਨਾ ਲੱਗਣ ਦਿਤਾ। ਪ੍ਰਧਾਨਮੰਤਰੀ ਫਸਲ ਬੀਮਾ ਯੋਜਨਾ ਨੂੰ ਮੌਜੂਦਾ ਸਰਕਾਰ ਕਿਸਾਨਾਂ ਨੂੰ ਫਸਲ ਬੀਮਾ ਲਈ ਵੱਡੀ ਰਾਹਤ ਮੰਨਦੀ ਹੈ। ਪਰ ਅੰਕੜੇ ਤਾਂ ਕੁਝ ਹੋਰ ਹੀ ਬਿਆਨ ਕਰਦੇ ਹਨ ਅਤੇ ਦਸਦੇ ਹਨ ਕਿ ਬੀਮਾ ਕੰਪਨੀਆਂ ਨੇ ਇਸ ਸਕੀਮ 'ਚ ਕਿਸਾਨਾਂ ਦੀ ਵੱਡੀ ਲੁੱਟ ਕੀਤੀ ਹੈ। ਸਾਲ 2016 ਵਿਚ ਖਰੀਫ ਦੀ ਫਸਲ ਦੌਰਾਨ ਬੀਮਾ ਕੰਪਨੀਆਂ ਨੇ ਭਾਰਤੀ ਕਿਸਾਨਾਂ ਤੋਂ 9081 ਕਰੋੜ ਰੁਪਏ ਫਸਲ ਬੀਮਾ ਕਿਸ਼ਤਾਂ ਦੇ ਇੱਕਠੇ ਕੀਤੇ। ਇਹਨਾ ਕਿਸ਼ਤਾਂ 'ਚ ਕਿਸਾਨਾਂ ਦਾ 1643 ਕਰੋੜ ਰੁਪਇਆ ਸੀ, ਬਾਕੀ 7438 ਕਰੋੜ ਰਾਜ ਤੇ ਕੇਂਦਰ ਸਰਕਾਰਾਂ (3708 ਕਰੋੜ ਕੇਂਦਰ ਵਲੋਂ, 3730 ਸੂਬਾ ਸਰਕਾਰ ਵਲੋਂ) ਦਾ ਹਿੱਸਾ ਸੀ ਅਤੇ 2.5 ਕਰੋੜ ਕਿਸਾਨਾਂ ਨੂੰ ਇਸ ਬੀਮਾ ਯੋਜਨਾ 'ਚ ਰੱਖਿਆ ਗਿਆ। ਹੈਰਾਨੀ ਦੀ ਗੱਲ ਹੈ ਕਿ ਕੁਲ ਮਿਲਾਕੇ 2725 ਕਰੋੜ ਦੇ ਕਲੇਮ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਹਨ ਤੇ 31 ਮਾਰਚ 2017 ਤੱਕ ਕੰਪਨੀਆਂ ਵਲੋਂ ਸਿਰਫ 638 ਕਰੋੜ ਹੀ ਦਿਤੇ ਗਏ। ਜੇਕਰ ਮੰਨ ਲਿਆ ਜਾਵੇ ਕਿ ਕਿਸਾਨਾਂ ਨੂੰ ਸਾਰੇ ਕਲੇਮ ਦੇ ਵੀ ਦਿਤੇ ਜਾਣ ਤਾਂ ਕੰਪਨੀਆਂ ਨੂੰ ਤਦ ਵੀ 6357 ਕਰੋੜ ਰੁਪਏ ਦੀ ਬੱਚਤ ਇਕੋ ਫਸਲ 'ਤੇ ਹੋ ਗਈ।

ਕੀ ਸਰਕਾਰ ਉਹ ਰਕਮ ਜਿਹੜੀ ਬੀਮਾ ਕੰਪਨੀਆਂ ਦੇ ਵੱਟੇ-ਖਾਤੇ ਪਾ ਦਿਤੀ ਗਈ ਕਿਸਾਨਾਂ ਨੂੰ ਉਹਨਾ ਦੇ ਨੁਕਸਾਨ ਬਦਲੇ ਵੰਡ ਨਹੀਂ ਸੀ ਸਕਦੀ? ਬੀਮਾ ਕੰਪਨੀਆਂ ਜੋ ਕਰੋੜਾਂ ਰੁਪਏ ਹਾਲੇ ਤੱਕ ਵੀ ਉਹਨਾ ਦੇ ਬਰਬਾਦ ਹੋਈ ਫਸਲ ਦੇ ਕਲੇਮ ਦੇ ਵੰਡ ਨਹੀਂ ਰਹੀ, ਕੀ ਲੱਖਾਂ ਰੁਪਏ ਉਹਨਾ ਦੇ ਵਿਆਜ ਦਾ ਆਪਣੀ ਝੋਲੀ ਨਹੀਂ ਪਾ ਰਹੀ? ਇਸੇ ਕਰਕੇ ਭਾਰਤ ਦੀ ਸੁਪਰੀਮ ਕੋਰਟ ਨੇ ਨਿਤ ਦਿਹਾੜੇ ਸਰਕਾਰਾਂ ਵਲੋਂ ਕਾਰਪੋਰੇਟ ਸੈਕਟਰ ਨਾਲ ਖਿਚੜੀ ਪਕਾਕੇ ਹੁੰਦੀ ਅੰਦਰ ਖਾਤੇ ਲੁੱਟ ਅਤੇ ਕਿਸਾਨਾਂ ਦੀ ਅਰਥਿਕ ਹਾਲਤ ਦੀ ਅਣਦੇਖੀ ਕਾਰਨ ਹੋ ਰਹੀਆਂ ਖੁਦਕੁਸ਼ੀਆਂ ਬਾਰੇ ਸਖਤ ਟਿਪਣੀ ਕਰਦਿਆਂ ਕਿਹਾ ਹੈ ਕਿ ਕਿਉਂ ਨਹੀਂ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦੇ ਤਹਿਤ ਕਿਸਾਨ ਦੀ ਤਬਾਹ ਹੋ ਰਹੀ ਫਸਲ ਦੇ ਮੁਆਵਜ਼ਾ ਵੰਡਣ ਲਈ ਯੋਗ ਪ੍ਰਬੰਧ ਕੀਤੇ ਗਏ। ਇਸੇ ਕਿਸਮ ਦੀ ਇੱਕ ਸਖਤ ਟਿਪਣੀ ਕਿਸਾਨਾਂ ਦੀ ਖੁਦਕੁਸ਼ੀਆਂ ਦੇ ਸਬੰਧ ਵਿੱਚ ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਵਲੋਂ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਨੂੰ ਫਿਟਕਾਰਿਆ ਹੈ ਕਿ ਉਸ ਵਲੋਂ ਅਜੇ ਤੱਕ ਆਤਮ ਹੱਤਿਆਵਾਂ ਰੋਕਣ ਸਬੰਧੀ ਕੋਈ ਠੋਸ ਨੀਤੀ ਕਿਉਂ ਨਹੀਂ ਬਣਾਈ ਗਈ?

ਦੇਸ਼ ਦਾ ਆਮ ਆਦਮੀ ਅਤੇ ਖਾਸ ਕਰ ਕਿਸਾਨ, ਖੇਤ ਮਜ਼ਦੂਰ ਆਰਥਿਕ ਤੰਗੀ ਕੱਟ ਰਿਹਾ ਹੈ ਅਤੇ ਦੇਸ਼ ਦਾ ਰਾਜਾ ਆਪਣੇ ਢੰਗ ਨਾਲ ਸਰਕਾਰੀ-ਕਾਰੋਬਾਰ ਅਤੇ ਵੋਟਾਂ ਬਟੋਰਨ ਦੇ ਆਹਰ 'ਚ ਲੱਗਿਆ ਹੋਇਆ ਹੈ ਇਹ ਜਾਣਦਿਆਂ ਹੋਇਆ ਵੀ ਕਿ ਦੇਸ਼ ਦਾ ਅਰਥਚਾਰਾ ਮੁੱਖ ਰੂਪ ਵਿੱਚ ਖੇਤੀ ਉਤੇ ਨਿਰਭਰ ਹੈ, ਅਤੇ ਕਿਸਾਨ ਉਸਦੀ ਰੀੜ੍ਹ ਦੀ ਹੱਡੀ ਹਨ। ਕਿਸਾਨਾਂ ਦੇ ਮਨਾਂ 'ਚ ਅਸੰਤੁਸ਼ਟਤਾ ਤੇ ਨਿਰਾਸ਼ਾ ਕਾਰਨ ਖੁਦਕੁਸ਼ੀਆਂ, ਕਿਸਾਨਾਂ ਦਾ ਅੰਦੋਲਨ ਰਾਹ ਪੈਣਾ, ਭੁੱਖੇ ਢਿੱਡ ਸੜਕਾਂ ਉਤੇ ਨਿਕਲ ਆਉਣਾ, ਦੇਸ਼ ਦੇ ਅਰਥਚਾਰੇ ਦੀ ਤਬਾਹੀ ਦਾ ਕਾਰਨ ਤਾਂ ਬਣੇਗਾ ਹੀ, ਵਿਕਾਸ ਦੇ ਰਾਹ ਪਏ ਦੇਸ਼ ਨੂੰ ਕਈ ਦਹਾਕੇ ਪਿੱਛੇ ਵੀ ਸੁੱਟ ਦਵੇਗਾ।

ਇਹ ਗੱਲ ਦੇਸ਼ ਦੀ ਸਰਕਾਰ ਨੂੰ ਸਮਝਣੀ ਪਵੇਗੀ ਕਿ ਲੋਕਾਂ ਤੋਂ ਓਹਲਾ ਰੱਖਕੇ ਬਣਾਈਆਂ ਡੰਗ ਟਪਾਊ ਸਰਕਾਰੀ ਨੀਤੀਆਂ ਦੇਸ਼ ਦੇ ਲੋਕਾਂ 'ਚ ਉਹਨਾ ਪ੍ਰਤੀ ਬੇ-ਭਰੋਸਗੀ ਪੈਦਾ ਕਰੇਗੀ। ਸਿਰਫ ਸਰਕਾਰੀ ਕੰਮਾਂ 'ਚ ਪਾਰਦਰਸ਼ਤਾ ਅਤੇ ਲੋਕਾਂ ਹਿੱਤੂ ਫੈਸਲੇ, ਨੀਤੀਆਂ ਅਤੇ ਕਾਰਜ ਹੀ ਦੇਸ਼ ਨੂੰ ਗੁਰਬਤ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਜਿਹੀ ਜਿਲੱਣ ਵਿੱਚੋਂ ਕੱਢਣ ਅਤੇ ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਹਾਈ ਹੋ ਸਕਦੇ ਹਨ।

## ਮੱਛੀ ਬਨਾਮ ਮਨੁੱਖ!



'ਸੈਟ' ਹੋਣ ਲਈ ਜਾਲ਼ਦੇ ਜਫਰ ਲੋਕੀਂ
ਕਰਿਆ ਲਾਲਚ ਪਰ ਸੁੱਟਦੈ ਪੱਟ ਕੇ ਜੀ।

ਆਖਰ ਸਬਰ ਸੰਤੋਖ ਹੀ ਤ੍ਰਿਪਤ ਕਰਦੇ
ਕੋਈ ਨਾ ਰੱਜਿਆ ਮਾਇਆ ਨੂੰ ਖੱਟ ਕੇ ਜੀ।

ਮਗਰੋਂ ਫੇਰ ਪਛਤਾਇਆਂ ਕੀ ਹੱਥ ਆਉਂਦੈ
ਨੀਤੀਵਾਨਾਂ ਦੇ ਕਥਨਾਂ ਨੂੰ ਕੱਟ ਕੇ ਜੀ।

ਦੁਨੀਆਂ ਵਿਚ ਉਹ ਲੋਕ ਮਿਸਾਲ ਬਣਦੇ
ਦੁਨੀਆਂਦਾਰੀ ਤੋਂ ਜਿਊਂਦੇ ਜੋ ਹੱਟ ਕੇ ਜੀ।

ਅਮਲ ਕਰੇ ਤੋਂ ਜ਼ਿੰਦਗੀ ਸੁਧਰ ਜਾਵੇ
ਨਾ ਕਿ ਸਿਰਫ ਅਸੂਲਾਂ ਨੂੰ ਰੱਟ ਕੇ ਜੀ।

ਮੱਛੀ ਫੇਰ ਵੀ ਚੰਗੀ ਇਨਸਾਨ ਨਾਲੋਂ
ਮੁੜ ਤਾਂ ਪੈਂਦੀ ਏ ਪੱਥਰ ਨੂੰ ਚੱਟ ਕੇ ਜੀ!

- ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

## ਰਾਮ ਨਾਥ ਕੋਵਿੰਦ- ਕੱਖਾਂ ਦੀ ਕੁੱਲੀ ਤੋਂ ਰਾਸ਼ਟਰਪਤੀ ਤੱਕ ਦਾ ਸਫਰ

ਰਾਮ ਨਾਥ ਕੋਵਿੰਦ ਵੱਲੋਂ ਦੇਸ਼ ਦੇ 14ਵੇਂ ਰਾਸ਼ਟਰਪਤੀ ਵਜੋਂ ਹਲਫ਼ ਲਏ ਜਾਣ ਨਾਲ ਕੌਮੀ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਆਰੰਭ ਹੋ ਗਿਆ ਹੈ। ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਉਨ੍ਹਾਂ ਨੂੰ ਅਹੁਦੇ ਤੇ ਸੰਵਿਧਾਨ ਦੀ ਹਿਫਾਜ਼ਤ ਦਾ ਹਲਫ਼ ਭਾਰਤ ਦੇ ਚੀਫ ਜਸਟਿਸ ਜਗਦੀਸ਼ ਸਿੰਘ ਖੇਹਰ ਨੇ ਦਿਵਾਇਆ। ਕੇ. ਆਰ. ਨਾਰਾਇਣਨ ਤੋਂ ਬਾਅਦ ਸ੍ਰੀ ਕੋਵਿੰਦ ਦੇਸ਼ ਦੇ ਦੂਜੇ ਦਲਿਤ ਰਾਸ਼ਟਰਪਤੀ ਹਨ। ਇਸ ਤੋਂ ਇਲਾਵਾ ਉਹ ਸੰਘ ਪਰਿਵਾਰ ਵਾਲੇ ਪਿਛੋਕੜ ਵਾਲੀ ਪਹਿਲੀ ਹਸਤੀ ਹਨ ਜਿਸ ਨੂੰ ਰਾਸ਼ਟਰਪਤੀ ਦੇ ਅਹੁਦੇ 'ਤੇ ਸੁਸ਼ੋਭਿਤ ਹੋਣ ਦਾ ਮਾਣ ਹਾਸਲ ਹੋਇਆ ਹੈ। ਇਸੇ ਲਈ ਇੱਕ ਪਾਸੇ ਉਹ ਦਲਿਤ ਚੇਤਨਾ ਦੇ ਪ੍ਰਤੀਕ ਹਨ ਅਤੇ ਦੂਜੇ ਪਾਸੇ ਉਸ ਵਿਚਾਰਧਾਰਾ ਦੀ ਉਪਜ ਹਨ ਜਿਸ ਤੋਂ ਭਾਰਤੀ ਵਸੋਂ ਦਾ ਇੱਕ ਵੱਡਾ ਵਰਗ ਭੈਅ ਖਾਂਦਾ ਹੈ। ਅਜਿਹੇ ਵਿਰੋਧਾਭਾਸਾਂ ਕਾਰਨ ਹੀ ਸ੍ਰੀ ਕੋਵਿੰਦ ਦਾ ਰਾਸ਼ਟਰਪਤੀ ਭਵਨ ਵਿੱਚ ਅਗਲੇ ਪੰਜ ਵਰ੍ਹਿਆਂ ਦਾ ਕਿਆਮ ਇੱਕ ਵੰਗਾਰ ਵਜੋਂ ਦੇਖਿਆ ਜਾ ਰਿਹਾ ਹੈ। ਇਹ ਉਨ੍ਹਾਂ ਉੱਤੇ ਨਿਰਭਰ ਕਰੇਗਾ ਕਿ ਉਹ ਇਸ ਕਿਆਮ ਰਾਹੀਂ ਭਾਰਤ ਦਾ ਧਰਮ ਨਿਰਪੇਖ ਅਤਿਆਧੁਨਿਕ ਰਾਸ਼ਟਰ ਵਾਲਾ ਅਕਸ ਉਭਾਰਦੇ ਹਨ ਜਾਂ ਰਾਸ਼ਟਰਪਤੀ ਭਵਨ ਉੱਤੇ ਵੀ ਇੱਕ-ਧਰਮੀ ਛਾਪ ਛੱਡ ਜਾਂਦੇ ਹਨ।



ਸ੍ਰੀ ਕੋਵਿੰਦ ਦਾ ਜੀਵਨ ਜਾਤੀਵਾਦ ਖ਼ਿਲਾਫ਼ ਸੰਘਰਸ਼ ਅਤੇ ਹਰ ਕਿਸਮ ਦੀਆਂ ਮੁਸ਼ਕਲਾਂ ਉੱਪਰ ਮਿਹਨਤ ਤੇ ਲਗਨ ਨਾਲ ਹਾਵੀ ਹੋਣ ਦੀ ਪ੍ਰੇਰਨਾਮਈ ਗਾਥਾ ਹੈ। ਉਹ ਕਾਨਪੁਰ ਦਿਹਾਤ ਜ਼ਿਲ੍ਹੇ ਦੇ ਘੋਰ ਗ਼ਰੀਬ ਪਰਿਵਾਰ ਨਾਲ ਸਬੰਧਤ ਹਨ। ਬਚਪਨ ਵਿੱਚ ਹੀ ਕੰਮ ਕਰਨ ਲੱਗ ਪਏ ਸਨ। ਸਕੂਲੀ ਜੀਵਨ ਦੌਰਾਨ ਪੜ੍ਹਾਈ ਨਾਲ ਬਹੁਤ ਲਗਾਉ ਸੀ। ਕਾਨਪੁਰ ਤੋਂ ਕਾਨੂੰਨ ਦੇ ਖੇਤਰ ਵਿੱਚ ਗ੍ਰੈਜੂਏਸ਼ਨ ਕਰਨ ਮਗਰੋਂ ਉਨ੍ਹਾਂ ਨੇ ਸਿਵਿਲ ਸੇਵਾਵਾਂ ਪ੍ਰੀਖਿਆ ਤਿੰਨ ਵਾਰ ਦਿੱਤੀ। ਤੀਜੀ ਵਾਰ ਪਾਸ ਹੋ ਗਏ ਪਰ ਆਈਏਐੱਸ ਨਾ ਬਣ ਸਕਣ ਕਾਰਨ ਵਕਾਲਤ ਸ਼ੁਰੂ ਕਰ ਦਿੱਤੀ। ਪਹਿਲਾਂ ਉਹ ਅਲਾਹਾਬਾਦ ਹਾਈ ਕੋਰਟ, ਫਿਰ ਦਿੱਲੀ ਹਾਈ ਕੋਰਟ ਤੇ ਫਿਰ 15 ਵਰ੍ਹਿਆਂ ਤਕ ਸੁਪਰੀਮ ਕੋਰਟ ਵਿੱਚ ਵਕਾਲਤ ਕਰਦੇ ਰਹੇ। ਉਹ ਬਾਰਾਂ ਵਰ੍ਹਿਆਂ ਤਕ ਰਾਜ ਸਭਾ ਦੇ ਮੈਂਬਰ ਵੀ ਰਹੇ। 8 ਅਗਸਤ 2015 ਨੂੰ ਉਨ੍ਹਾਂ ਨੂੰ ਬਿਹਾਰ ਦਾ ਰਾਜਪਾਲ ਥਾਪਿਆ ਗਿਆ ਜਿੱਥੇ ਉਨ੍ਹਾਂ ਦੇ ਹਲੀਮੀ ਤੇ ਸ਼ਿਸ਼ਟਾਚਾਰੀ ਆਚਾਰ-ਵਿਹਾਰ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਇਸ ਹੱਦ ਤਕ ਉਨ੍ਹਾਂ ਦਾ ਪ੍ਰਸ਼ੰਸਕ ਬਣਾ ਦਿੱਤਾ ਕਿ ਉਨ੍ਹਾਂ ਨੇ ਰਾਸ਼ਟਰਪਤੀ ਚੋਣ ਸਮੇਂ 'ਮਹਾਂਗਠਬੰਧਨ' ਦੀਆਂ ਸਫ਼ਾਂ ਤਿਆਗ ਕੇ ਸ੍ਰੀ ਕੋਵਿੰਦ ਦੀ ਹਮਾਇਤ ਕੀਤੀ।

ਰਾਸ਼ਟਰਪਤੀ ਵਜੋਂ ਸ੍ਰੀ ਕੋਵਿੰਦ ਦੀ ਪਹਿਲੀ ਤਕਰੀਰ ਪ੍ਰਭਾਵਸ਼ਾਲੀ ਰਹੀ। ਇਸ ਨੇ ਉਨ੍ਹਾਂ ਦੇ ਸ਼ਖ਼ਸੀ ਗੁਣਾਂ ਨੂੰ ਪ੍ਰਤੀਬਿੰਬਤ ਕੀਤਾ। ਉਨ੍ਹਾਂ ਵਾਅਦਾ ਕੀਤਾ ਕਿ 125 ਕਰੋੜ ਦੇਸ਼ ਵਾਸੀਆਂ ਨੇ ਜੋ ਵਿਸ਼ਵਾਸ ਉਨ੍ਹਾਂ ਵਿੱਚ ਦਰਸਾਇਆ ਹੈ, ਉਹ ਉਸ ਉੱਤੇ ਖ਼ਰਾ ਉਤਰਨ ਦਾ ਯਤਨ ਕਰਨਗੇ। ਉਨ੍ਹਾਂ ਨੇ ਭਾਰਤ ਦੀ ਵਿਵਿਧਤਾ ਨੂੰ ਦੇਸ਼ ਦੀ ਕਾਮਯਾਬੀ ਦਾ ਰਾਜ਼ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਇਸ ਬਹੁਰੰਗੀ ਵਿਵਿਧਤਾ ਨੂੰ ਹੋਰ ਪ੍ਰਫੁੱਲਤ ਕਰਨ ਦੀ ਰਹੇਗੀ। ਪਰੰਪਰਾ ਤੇ ਤਕਨੀਕ ਦੇ ਸੁਮੇਲ ਉੱਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਯੁੱਗਾਂ ਪੁਰਾਣੇ ਭਾਰਤ ਨਾਲ ਜੁੜੀ ਸੂਝ-ਬੂਝ ਤੇ ਸਮਕਾਲੀ 'ਇੰਡੀਆ' ਦੇ ਵਿਗਿਆਨ ਦਾ ਸੁਮੇਲ ਭਾਰਤ ਨੂੰ ਵਿਕਾਸ ਤੇ ਵਿਗਾਸ ਦੀਆਂ ਮੰਜ਼ਿਲਾਂ ਸਰ ਕਰਨ ਦੇ ਸਮਰੱਥ ਬਣਾਏਗਾ। ਇਹ ਤਕਰੀਰ ਨਵੇਂ ਰਾਸ਼ਟਰਪਤੀ ਦੇ ਗ਼ਹਿਰ ਗਿਆਨਵਾਨ ਹੋਣ ਦੀ ਤਸਦੀਕ ਕਰਦੀ ਹੈ ਪਰ ਉਨ੍ਹਾਂ ਨੂੰ ਅਸਲ ਵੰਗਾਰ ਉਸੇ ਪਰਿਵਾਰ ਤੋਂ ਪੇਸ਼ ਆਵੇਗੀ ਜੋ ਵਿਵਿਧਤਾ ਦੀ ਥਾਂ ਸਾਰੇ ਦੇਸ਼ ਉੱਤੇ ਭਗਵੀ ਕੂਚੀ ਫੇਰਨ 'ਤੇ ਉਤਾਰੂ ਹੈ।

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ- ਨਿਧੜਕ ਅਤੇ ਮਦਨ ਵੀਰਾ

# "ਅਪਣੇ ਸਮੇਂ ਦੇ ਨਿਧੜਕ ਸ਼ਾਇਰ" ਚਰਨ ਦਾਸ ਨਿਧੜਕ



ਚਰਨ ਦਾਸ ਨਿਧੜਕ ਆਪਣੇ ਸਮਿਆਂ ਦੇ ਪ੍ਰਸਿੱਧੀ ਪ੍ਰਾਪਤ ਸਟੇਜੀ ਸ਼ਾਇਰ ਅਤੇ ਰਿਪਬਲਿਕਨ ਪਾਰਟੀ ਦੇ ਨਿਧੜਕ ਆਗੂ ਸਨ। ਉਨ੍ਹਾਂ ਦਾ ਸਮੁੱਚਾ ਜੀਵਨ ਅੰਬੇਡਕਰੀ ਵਿਚਾਰਧਾਰਾ ਪ੍ਰਤੀ ਸਮਰਪਿਤ ਸੀ ਅਤੇ ਉਹ ਇਕ ਪ੍ਰਤੀਬੱਧ ਸ਼ਾਇਰ ਸਨ। ਨਿਧੜਕ ਨੇ ਆਪਣਾ ਰਾਜਨੀਤਕ ਤੇ ਸਮਾਜਿਕ ਜੀਵਨ ਆਦਿ ਧਰਮ ਮੰਡਲ ਦੀ ਲਹਿਰ ਤੋਂ ਸ਼ੁਰੂ ਕੀਤਾ ਅਤੇ ਉਸ ਉਪਰੰਤ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਸਥਾਪਤ ਸ਼ਡਿਊਲਡ ਕਾਸਟਸ ਫੈਡਰੇਸ਼ਨ ਵਿਚ ਸਰਗਰਮ ਹੈਸੀਅਤ ਵਜੋਂ ਸ਼ਾਮਲ ਹੋਏ। 1940 ਵਿਚ ਉਨ੍ਹਾਂ ਦਾ ਸੰਪਰਕ ਡਾ. ਅੰਬੇਡਕਰ ਜੀ ਨਾਲ ਹੋਇਆ ਅਤੇ 1942 ਵਿਚ ਕਾਨਪੁਰ (ਯੂ. ਪੀ.) ਵਿਖੇ ਹੋਈ ਵਿਸ਼ਾਲ ਅਛੂਤ ਕਾਨਫਰੰਸ ਵਿਚ ਉਨ੍ਹਾਂ ਨੇ ਪੰਜਾਬ ਦੀ ਨੁਮਾਇੰਦਗੀ ਕੀਤੀ। ਉਹ ਸਮਤਾ ਸੈਨਿਕ ਦਲ ਦੇ ਕਮਾਂਡਰ ਵੀ ਰਹੇ। 1945 ਵਿਚ ਸੇਠ ਕਿਸ਼ਨ ਦਾਸ ਬੂਟਾਂ ਮੰਡੀ, ਤਤਕਾਲੀਨ ਐਮ. ਐਲ. ਏ. ਦੀ ਪ੍ਰਧਾਨਗੀ ਹੇਠ ਉਹ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਉਪ ਪ੍ਰਧਾਨ ਬਣੇ ਅਤੇ 1957 ਵਿਚ ਆਰ. ਪੀ. ਆਈ. ਦੀ ਸਥਾਪਨਾ ਉਪਰੰਤ ਨਿਧੜਕ ਸਾਹਿਬ ਇਸਦੇ ਵੀ ਉਪ ਪ੍ਰਧਾਨ ਨਿਯੁਕਤ ਹੋਏ। ਆਰ. ਪੀ. ਆਈ. ਵੱਲੋਂ 1964 ਵਿਚ ਸ਼ਡਿਊਲਡ ਕਾਸਟਸ ਦੇ ਅਧਿਕਾਰਾਂ ਦੀ ਪ੍ਰਾਪਤੀ ਲਈ ਆਰੰਭੇ ਗਏ ਰਾਸ਼ਟਰ ਵਿਆਪੀ ਮੋਰਚੇ ਵਿਚ ਉਹਨਾਂ ਨੇ ਜੇਲ੍ਹ ਯਾਤਰਾ ਵੀ ਕੀਤੀ। 15 ਜੂਨ 1964 ਨੂੰ ਫਗਵਾੜਾ ਤੋਂ ਦਿੱਲੀ ਵਿਖੇ ਸਮਕਾਲੀਨ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੀ ਕੋਠੀ ਅੱਗੇ ਸਤਿਆਗ੍ਰਹਿ ਕਰਨ ਵਾਲੇ 101 ਮੈਂਬਰੀ ਸਾਈਕਲ ਜਥੇ ਦੀ ਅਗਵਾਈ ਵੀ ਸ੍ਰੀ ਚਰਨ ਦਾਸ ਨਿਧੜਕ ਨੇ ਕੀਤੀ। ਆਪ ਪਾਰਟੀ ਦੇ ਉਸ ਡੈਲੀਗੇਸ਼ਨ ਵਿਚ ਵੀ ਸ਼ਾਮਲ ਸਨ, ਜਿਸਨੇ 24 ਜੂਨ 1964 ਨੂੰ ਦਲਿਤਾਂ ਦੇ ਅਧਿਕਾਰਾਂ ਸਬੰਧੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ।

ਨਿਧੜਕ ਜੀ ਦਾ ਜਨਮ 25 ਦਸੰਬਰ 1899 ਨੂੰ ਪਿੰਡ ਚੈੜਾਂ ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਹ ਬੇਹੱਦ ਉਚੇ, ਲੰਮੇ ਕੱਦ ਤੇ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਸਨ। ਉਹਨਾਂ ਦਾ ਕੱਦ ਛੇ ਫੁੱਟ ਦੋ ਇੰਚ ਸੀ ਅਤੇ ਕੁੱਲੇ ਸਮੇਤ ਤੁਰਲੇ ਵਾਲੀ ਪੱਗ ਬੰਨ੍ਹ ਕੇ ਉਹਨਾਂ ਦੀ ਉਚਾਈ ਸੱਤ ਫੁੱਟ ਤੋਂ ਵੀ ਜ਼ਿਆਦਾ ਹੋ ਜਾਂਦੀ ਸੀ। ਆਪ ਆਪਣੇ ਜੱਦੀ ਪਿੰਡ ਚੈੜਾਂ ਨੂੰ ਛੱਡ ਕੇ ਪੱਕੇ ਤੌਰ ਤੇ ਫਗਵਾੜਾ ਦੇ ਮੁਹੱਲਾ ਸੰਤੋਖ ਪੁਰਾ ਵਿਖੇ ਆ ਵੱਸੇ। ਅੰਬੇਡਕਰੀ ਵਿਚਾਰਧਾਰਾ ਨਾਲ ਜੁੜਨ ਅਤੇ ਮਿਸ਼ਨ ਪ੍ਰਤੀ ਪ੍ਰਤੀਬੱਧਤਾ ਕਾਰਨ ਉਨ੍ਹਾਂ ਨੂੰ ਜ਼ਿੰਦਗੀ ਵਿਚ ਬੜਾ ਸੰਘਰਸ਼ ਕਰਨਾ ਪਿਆ। ਪਰ ਉਨ੍ਹਾਂ ਨੇ ਸਾਰੀ ਉਮਰ ਪੂਰੀ ਲਗਨ, ਇਮਾਨਦਾਰੀ ਅਤੇ ਪ੍ਰਪੱਕਤਾ ਨਾਲ ਅੰਬੇਡਕਰਵਾਦ 'ਤੇ ਪਹਿਰਾ ਦਿੱਤਾ। ਉਹ ਕਥਨੀ ਤੇ ਕਰਨੀ ਦੇ ਪੂਰੇ ਸਨ। ਹਜ਼ਾਰਾਂ ਸਾਲਾਂ ਤੋਂ ਅਛੂਤਾਂ ਨੂੰ ਗੁਲਾਮ ਬਣਾਈ ਰੱਖਣ ਲਈ ਧਰਮ ਅਤੇ ਸਿਆਸਤ ਵੱਲੋਂ ਫੈਲਾਏ ਰੂੜ੍ਹੀਵਾਦੀ ਭਰਮ-ਜਾਲ, ਕਰਮ-ਕਾਂਡ, ਅੰਧ-ਵਿਸ਼ਵਾਸ ਅਤੇ ਵਹਿਮਾਂ, ਭਰਮਾਂ ਦੇ ਉਹ ਸਖਤ ਵਿਰੋਧੀ ਸਨ। ਪ੍ਰੋਹਿਤਵਾਦ ਵੱਲੋਂ ਰਚੇ ਪਾਖੰਡਾਂ ਅਤੇ ਆਡੰਬਰਾਂ 'ਤੇ ਆਪਣੀ ਕਵਿਤਾ ਰਾਹੀਂ ਨਿਰੰਤਰ ਲੰਮਾ ਸਮਾਂ ਪ੍ਰਸਤੁਤੀ ਦੀ ਉਹਨਾਂ ਵਿਚ ਅਥਾਹ ਸਮਰੱਥਾ ਸੀ। ਆਪਣੀ ਬੁਲੰਦ ਆਵਾਜ਼, ਤਰਕਸ਼ੀਲ ਵਿਚਾਰਾਂ ਅਤੇ ਅਕੱਟ ਦਲੀਲਾਂ ਰਾਹੀਂ ਉਹ ਸਰੋਤਿਆਂ ਦੀਆਂ ਭਾਵਨਾਵਾਂ ਨੂੰ ਕੀਲਣ ਦੀ ਸ਼ਕਤੀ ਰੱਖਦੇ ਸਨ। ਨਿਧੜਕ ਜੀ ਦੀ ਕਵਿਤਾ ਸਮਾਜ ਦੇ ਅਤੀ ਗਰੀਬ, ਪੀੜਤ, ਸ਼ੋਸ਼ਿਤ ਵਰਗ ਅਤੇ ਇਸਤਰੀ ਸਮਾਜ ਦੀ ਦੁਰਦਸ਼ਾ, ਕਿਰਤੀ-ਕਿਸਾਨਾਂ ਦੇ ਹਉਕੇ-ਹਾਵਿਆਂ, ਤਨ ਢਕਣ ਲਈ ਪਹਿਨੀਆਂ ਪਾਟੀਆਂ ਲੀਰਾਂ, ਅਛੂਤ ਦੇ ਤਰਲਿਆਂ, ਝਿੜਕਾਂ, ਝਾੜਾਂ, ਸ਼ਰਮਿੰਦਗੀ, ਨਿਰਾਦਰੀ, ਬੇਇਨਸਾਫੀ, ਤੰਗੀਆਂ, ਤੁਰਸ਼ੀਆਂ, ਸਹਿਮੇ ਹੋਏ ਚਿਹਰਿਆਂ ਅਤੇ ਧਿਰਕਾਰੇ ਹੋਏ ਜੀਵਨ ਦੀ ਤਰਜਮਾਨੀ ਕਰਦੀ ਹੈ। ਉਹ ਵਰਤਮਾਨ ਨਿਗੁਣੀ ਰਾਜਨੀਤਿਕ ਆਜ਼ਾਦੀ ਤੇ ਵਿਅੰਗ ਕਸਦਿਆਂ ਸਮਾਜਿਕ ਤੇ ਆਰਥਿਕ ਆਜ਼ਾਦੀ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਵਿਅੰਗ, ਤਣਾਉ, ਚੋਟ ਤੇ ਚੁਣੌਤੀ ਉਸ ਦੇ ਕਾਵਿ ਦੀ ਪ੍ਰਮੁੱਖ ਜੁਗਤ ਹੈ। ਉਸਨੇ ਜਾਗੀਰਦਾਰੀ ਨਿਜ਼ਾਮ ਅਤੇ ਪ੍ਰੋਹਿਤਵਾਦ ਦੀਆਂ ਕਰੂਰ ਅਮਾਨਵੀ ਪ੍ਰਸਥਿਤੀਆਂ ਅਤੇ ਸਿਆਸ ਛਲ-ਤੰਤਰ ਨੂੰ ਆਪਣੇ ਕਾਵਿ ਵਿਚ ਚਿਤ੍ਰਿਤ ਕੀਤਾ ਹੈ।

ਡਾ. ਅੰਬੇਡਕਰ ਸਾਹਿਬ ਦੇ ਸਦੀਵੀ ਵਿਛੋੜੇ ਦੀ ਅਸਹਿ ਤੇ ਅਕਹਿ ਪੀੜਾ ਨੇ ਉਸ ਨੂੰ ਧੁਰ ਅੰਦਰੋਂ ਝੰਬ ਸੁੱਟਿਐ, ਪਰ ਉਹ ਆਸਵੰਦ ਹੈ ਕਿ ਅੰਬੇਡਕਰਵਾਦ ਨੂੰ ਆਪਣਾ ਕੇ ਅਛੂਤ ਵਰਗ ਆਪਣੀ ਦਸ਼ਾ ਅਤੇ ਦਿਸ਼ਾ ਨੂੰ ਪਰਿਵਰਤਿਤ ਕਰਕੇ ਲਹੂ ਪੀਣੀਆਂ ਸਰਮਾਏਦਾਰ ਜੋਕਾਂ ਤੋਂ ਮੁਕਤੀ ਪ੍ਰਾਪਤ ਕਰ ਲਏਗਾ। ਉਸ ਦੀ ਕਵਿਤਾ ਸਮਾਜ ਦੀਆਂ ਦਮਨ-ਪ੍ਰਵਿਰਤੀਆਂ ਦੇ ਵਿਰੁੱਧ ਬਗਾਵਤ ਦੀ ਕਵਿਤਾ ਹੈ, ਇਹ ਲੁੱਟੇ-ਪੁੱਟੇ ਅਤੇ ਹਾਰੇ ਹੋਏ ਮਨੁੱਖ ਨੂੰ ਉਤਸ਼ਾਹਿਤ ਕਰਦੀ ਨਿਰੰਤਰ ਸੰਘਰਸ਼ ਲਈ ਵੰਗਾਰਦੀ ਹੈ, ਪ੍ਰੇਰਿਤ ਕਰਦੀ ਹੈ।

ਸਾਰੰਸ਼ ਰੂਪ ਵਿਚ, ਉਸਦੀ ਕਵਿਤਾ ਅਖੌਤੀ ਪਾਰਲੌਕਿਕ ਸ਼ਕਤੀਆਂ ਅਤੇ ਇਸ ਨਾਲ ਜੁੜੀਆਂ ਬੇ-ਸਿਰ-ਪੈਰ ਮਿੱਥਾਂ ਅਤੇ ਆਡੰਬਰਾਂ ਵਿਰੁੱਧ ਵਿਦਰੋਹ ਦੀ ਗਾਥਾ ਹੈ।

**- ਡਾ ਜੀ. ਸੀ. ਕੌਲ (91-94632-23223)**

## ਬਾਗੀ ਹੋਣਾ ਦੱਸ ਗਿਆ

ਜਥੇਬੰਦ ਹੋ ਪੈਰਾਂ ਉਤੇ, ਆਪ ਖਲੋਣਾ ਦੱਸ ਗਿਆ।
ਝੰਡਾ ਚੁੱਕ ਬਗਾਵਤ ਦਾ, ਤੂੰ ਬਾਗੀ ਹੋਣਾ ਦੱਸ ਗਿਆ।

ਭੀਮ ਤੂੰ ਇਸ ਧਰਤੀ ਉਤੇ, ਬੀਜ ਕੋਈ ਐਸਾ ਬੋ ਦਿੱਤਾ।
ਸੜਿਆ ਬੁਸਿਆ ਸਦੀਆਂ ਦਾ, ਤੈਂ ਉਹ ਵੀ ਫੜਕੇ ਧੋ ਦਿੱਤਾ।

ਪੈਰਾਂ ਦੇ ਵਿਚ ਰੁਲਦਾ ਮੋਤੀ, ਤੈਂ ਲੜੀ ਦੇ ਵਿਚ ਪਰੋ ਦਿੱਤਾ।
ਭਾਰਤ ਦੀ ਤਕਦੀਰ ਬਣਾ ਕੇ, ਢੋਅ ਕਿਸੀ ਨੂੰ ਢੋਅ ਦਿੱਤਾ।

ਗਿਆਨ ਗੈਸ ਦੀ ਜੋਤ ਜਗਾ ਕੇ, ਫੇਰ ਕਿਉਂ ਸਾਥੋਂ ਨੱਸ ਗਿਆ।
ਝੰਡਾ ਚੁੱਕ ਬਗਾਵਤ ਦਾ, ਤੂੰ ਬਾਗੀ ਹੋਣਾ ਦੱਸ ਗਿਆ।

ਪਤਾ ਨਹੀਂ ਤੇਰੇ ਦਿਲ ਦੇ ਅੰਦਰ, ਕਿਉਂ ਗਰੀਬੀ ਵਸਦੀ ਸੀ।
ਜਦ ਲਿਖਦਾ ਤਦਬੀਰਾਂ ਨੂੰ, ਤਕਦੀਰ ਵੀ ਤੈਥੋਂ ਨੱਸਦੀ ਸੀ।

ਜਾਣੀ ਜਾਣ ਸੀ ਦੁਨੀਆਂ ਦਾ ਤੂੰ, ਕਲਮ ਤੇਰੀ ਇਹ ਦੱਸਦੀ ਸੀ।
ਗਾਂਧੀ ਦੀ ਤੂੰ ਜਾਨ ਬਚਾਈ, ਅਜਬ ਤੇਰੀ ਕੋਈ ਹਸਤੀ ਸੀ।

ਜਾਂਦਾ ਹੋਇਆ ਦੁਨੀਆਂ ਵਿਚੋਂ, ਰਸਤਾ ਸੋਹਣਾ ਦੱਸ ਗਿਆ।
ਝੰਡਾ ਚੁੱਕ ਬਗਾਵਤ ਦਾ, ਤੂੰ ਬਾਗੀ ਹੋਣਾ ਦੱਸ ਗਿਆ।

ਇੱਕੀ ਸਾਲ ਮਰਨੇ ਤੋਂ ਪਹਿਲੇ, ਕਸਮ ਤੈਂ ਐਸੀ ਖਾਧੀ।
ਹਿੰਦੂ ਧਰਮ ਵਿਚ ਨਹੀਂ ਮਰਾਂਗਾ, ਹਿੰਦੂ ਧਰਮ ਅਪਰਾਧੀ।

ਬੁੱਧ ਧਰਮ ਜਾਂ ਤੈਂ ਅਪਣਾਇਆ, ਕਰਨ ਫਸਾਦ ਫਸਾਦੀ।
ਪਰ ਜਿੰਦਰੇ ਮਾਰ ਕੇ ਭੀਮ ਸਿਆਣਾ, ਪਾਸ ਲੈ ਗਿਆ ਚਾਬੀ।

ਸੀਸ ਤਲੀ ਧਰ ਗਲੀ ਵਿਚ ਆਓ, ਅੱਗੇ ਖੜ੍ਹੀ ਆਜ਼ਾਦੀ।
ਮਾਰਚ ਕਰਦਾ ਜਾਈਂ 'ਨਿਧੜਕਾ' ਮੰਜ਼ਿਲ ਬਹੁਤ ਦੁਰਾਡੀ।

ਅੰਨ੍ਹਿਆਂ ਦੇ ਹੱਥ ਡੰਡਾ ਫੜਾ ਕੇ, ਰਸਤਾ ਟੋਹਣਾ ਦੱਸ ਗਿਆ।
ਝੰਡਾ ਚੁੱਕ ਬਗਾਵਤ ਦਾ, ਤੂੰ ਬਾਗੀ ਹੋਣਾ ਦੱਸ ਗਿਆ।

**- ਚਰਨ ਦਾਸ ਨਿਧੜਕ**

## ਬਖਸ਼ ਗਿਆ ਇਨਸਾਨੀ

ਨਾ ਵਰਜੀ ਨੀ ਭਾਬੀ ਮੈਨੂੰ, ਮੈਂ ਹਾਂ ਭੀਮ ਦੀਵਾਨੀ।
ਉਹ ਸਾਨੂੰ ਇਨਸਾਨ ਬਣਾ ਕੇ, ਬਖਸ਼ ਗਿਆ ਇਨਸਾਨੀ।
ਸਾਡੀ ਖਾਤਰ ਵਿਚ ਵਲੈਤਾਂ ਜਾ 'ਕੱਲਾ ਹੀ ਖੜ੍ਹਿਆ।
ਹੱਕ ਅਸਾਂ ਦੇ ਲੈਣੇ ਖਾਤਰ ਵਿਚ ਮੈਦਾਨੀ ਲੜਿਆ।
ਜਦ ਉਸ ਆਪਣੇ ਹੱਕ ਮੰਗ ਲਏ ਕੋਈ ਨਾ ਮੂਹਰੇ ਅੜਿਆ।
ਜੁਦਾਗਾਨਾ ਮੰਗੀ ਨਿਆਮਤ ਗਾਂਧੀ ਅੰਦਰੋਂ ਸੜਿਆ।
ਛਲਬਾਜ਼ੀ ਕਰ ਗਿਆ ਛਲੇਡਾ ਸਬਕ ਸ਼ੈਤਾਨੀ ਪੜ੍ਹਿਆ।
ਮਰਨ ਵਰਤ ਰੱਖ ਲਿਆ ਉਸ ਨੇ ਜੇਲ੍ਹ ਪੂਨੇ ਦੀ ਵੜਿਆ।
ਮੈਂ ਰੋਵਾਂ ਤੂੰ ਖਿੜ-ਖਿੜ ਹੱਸੇਂ ਕਰਕੇ ਅੱਖ ਮਸਤਾਨੀ।
ਨਾ ਤੂੰ ਪਹੁੰਚੀ ਵਿਚ ਸਕੂਲਾਂ ਕੀ ਤੇਰੀ ਜ਼ਿੰਦਗਾਨੀ।
ਨਾ ਤੂੰ ਪੜ੍ਹੀ ਮਨੂੰ-ਸਿਮਰਤੀ ਨਾ ਤੂੰ ਬਣੀ ਸਿਆਣੀ।
ਭਾਬੀ ਉਹ ਸਾਨੂੰ ਇਨਸਾਨ ਬਣਾ ਕੇ ਬਖਸ਼ ਗਿਆ ਇਨਸਾਨੀ।
ਗੱਲ ਵਿਚ ਪੱਲਾ ਪਾ ਕਸਤੂਰਾਂ ਭੀਮ ਦੁਆਰੇ ਆਈ।
ਜੋ ਕੁਝ ਬੀਤੀ ਨਾਲ ਉਸਦੇ ਸਾਰੀ ਖੋਲ੍ਹ ਸੁਣਾਈ।
ਦੇਸ਼ ਦੀ ਦੇਵੀ ਰੰਡੀ ਕਰਦਾਂ ਕੀ ਤੇਰੀ ਵਡਿਆਈ।
ਜੋ ਕੁਝ ਲੈਣਾ ਲੈ ਲੈ ਮੈਥੋਂ ਭੱਜੀ ਫਿਰੇ ਲੋਕਾਈ।
ਅਕਲਾਂ ਵਾਲਿਆ ਦੇਸ਼ ਬਚਾ ਲੈ ਮੈਂ ਤੇਰੇ ਕੋਲ ਆਈ।
ਤਿੰਨ ਟੁਕੜੇ ਜੇ ਹੋ ਗਏ ਦੇਸ਼ ਦੇ ਹੋ ਜਾਊ ਦੇਸ਼ ਤਬਾਹੀ।
ਗਾਂਧੀ ਦੀ ਤੂੰ ਜਾਨ ਬਖਸ਼ ਦੇ ਮੇਰੀ ਰਾਮ ਦੁਹਾਈ।
ਲਿਖਣੇ ਜੋਗਾ ਕਾਗਜ਼ ਮੰਗਵਾਇਆ ਕਲਮ ਜੋਗੀ ਕਾਨੀ।
ਕੁਝ ਗੱਲਾਂ ਵਿਧਾਨ 'ਚ ਲਿਖ ਗਿਆ ਕੁਝ ਕਹਿ ਗਿਆ ਮੂੰਹ ਜ਼ੁਬਾਨੀ।
ਤਕੜੇ ਹੋ ਪੈਰਾ 'ਤੇ ਖੜ੍ਹ ਜਾਓ ਕਿਤੇ ਹੋ ਨਾ ਜਾਏ ਸ਼ੈਤਾਨੀ।
ਭਾਬੀ ਉਹ ਸਾਨੂੰ ਇਨਸਾਨ ਬਣਾ ਕੇ ਬਖਸ਼ ਗਿਆ ਇਨਸਾਨੀ।
ਟੁੱਟ ਗਈਆਂ ਮੇਰੇ ਦਿਲ ਦੀਆਂ ਤਾਰਾਂ ਇਹ ਜੋੜ ਕੋਈ ਨਾ ਸੱਕੇ।
ਜਦ ਡੋਲੀ ਚੁੱਕ ਲਈ ਕਹਾਰਾਂ ਮੋੜ ਕੋਈ ਨਾ ਸੱਕੇ।
ਇਸ ਦੁਨੀਆਂ ਦੇ ਝੂਠੇ ਯਰਾਨੇ ਲੋੜ ਕੋਈ ਨਾ ਰੱਖੇ।
ਬਿਨ੍ਹਾਂ ਭੀਮ ਦੇ ਆਹ ਬਿਖਰੇ ਮੋਤੀ ਜੋੜ ਕੋਈ ਨਾ ਸੱਕੇ।
ਰੱਬ ਖੁਦਾ ਪਰਮੇਸ਼ਰ ਏਥੇ ਕਰਦੇ ਰਹੇ ਮਨਮਾਨੀ।

**- ਚਰਨ ਦਾਸ ਨਿਧੜਕ**

## ਦੁਖੀ ਭੈਣ ਦੀ ਪੁਕਾਰ

ਭੀਮ ਰਾਓ ਆ ਕੇ ਸਾਨੂੰ ਮੁੱਖੜਾ ਦਿਖਾ ਵੇ,
ਦੁੱਖਾਂ ਦੀ ਕਹਾਣੀ ਤੈਨੂੰ ਦਿਆਂ ਮੈਂ ਸੁਣਾ ਵੇ।
ਠੰਡੀ-ਠੰਡੀ ਹਵਾ ਕਿਤੇ ਮੁੜਕੇ ਵਗਾ ਵੇ,
ਠੰਡੀ ਠੰਡੀ ਹਵਾ ....।

ਚੰਦਰੇ ਸਮਾਜ ਨੇ ਹੈ ਅਸਾਂ ਨੂੰ ਲਤਾੜਿਆ,
ਬਿਨਾਂ ਆਈ ਮੌਤ ਸਾਨੂੰ ਜੀਊਂਦਿਆਂ ਨੂੰ ਮਾਰਿਆ।
ਦੁੱਖਾਂ ਦੇ ਪਹਾੜ ਦਿੱਤੇ ਅਸਾਂ ਉਤੇ ਢਾਅ ਵੇ,
ਠੰਡੀ-ਠੰਡੀ ਹਵਾ ਕਿਤੇ ਮੁੜਕੇ ਵਗਾ ਵੇ,
ਠੰਡੀ ਠੰਡੀ ਹਵਾ ....।

ਪੈ ਰਹੀ ਸੰਸਾਰ ਦੀ ਇਸ ਜ਼ਿੰਦਗੀ ਦੀ ਸ਼ਾਮ ਏ,
ਮਿਲਦਾ ਹਵਾ ਦੇ ਵਿਚੋਂ ਮੌਤ ਦਾ ਪੈਗਾਮ ਏ।
ਦੁੱਖਾਂ ਮਾਰਿਆਂ ਨੂੰ ਆਉਂਦਾ ਕੋਈ ਕੋਈ ਸਾਹ ਵੇ,
ਠੰਡੀ ਠੰਡੀ ਹਵਾ ਕਿਤੇ ਮੁੜਕੇ ਵਗਾ ਵੇ।
ਠੰਡੀ ਠੰਡੀ ਹਵਾ ....।

ਜੀਂਦਿਆਂ ਨੂੰ ਚਿਖਾ ਵਿਚ ਪੈਰ ਧਰਨਾ ਪੈ ਗਿਆ,
ਕੋਮਲਾਂ ਨੂੰ ਕੋਲਿਆਂ 'ਤੇ ਪੰਧ ਕਰਨਾ ਪੈ ਗਿਆ।
ਸੜਦੀਆਂ ਜਵਾਨੀਆਂ ਨੂੰ ਲਵੀਂ ਤੂੰ ਬਚਾ ਵੇ,
ਠੰਡੀ ਠੰਡੀ ਹਵਾ ਕਿਤੇ ਮੁੜਗੇ ਵਗਾ ਵੇ।
ਠੰਡੀ ਠੰਡੀ ਹਵਾ ....।

ਲੁੱਟ ਲਿਆ ਦੇਸ਼ ਅੱਜ ਦੇਸ਼ ਦੇ ਪੁਜਾਰੀਆਂ,
ਰੋਟੀ ਪਿੱਛੇ ਵਿਕਦੀਆਂ ਸੱਧਰਾਂ ਕੁਆਰੀਆਂ।
ਕੂਕਦਾ ਨਿਧੜਕ ਕੋਈ ਚਲਦੀ ਨਾ ਵਾਹ ਵੇ,
ਠੰਡੀ ਠੰਡੀ ਹਵਾ ਕਿਤੇ ਮੁੜਕੇ ਵਗਾ ਵੇ।
ਠੰਡੀ ਠੰਡੀ ਹਵਾ ....।

ਭੀਮ ਰਾਓ ਆ ਕੇ ਸਾਨੂੰ ਮੁੱਖੜਾ ਦਿਖਾ ਵੇ,
ਦੁੱਖਾਂ ਦੀ ਕਹਾਣੀ ਤੈਨੂੰ ਦਿਆਂ ਮੈਂ ਸੁਣਾ ਵੇ।
ਠੰਡੀ ਠੰਡੀ ਹਵਾ ਕਿਤੇ ਮੁੜਗੇ ਵਗਾ ਵੇ।
ਠੰਡੀ ਠੰਡੀ ਹਵਾ ....।

**- ਚਰਨ ਦਾਸ ਨਿਧੜਕ**

## ਅਛੂਤ ਦੀ ਜ਼ਿੰਦਗੀ

ਅਛੂਤਾ ਤੇਰੀ ਜ਼ਿੰਦਗੀ, ਇਹ ਜੀਣੇ ਦੀ ਨਾਹੀਉਂ ਜ਼ਿੰਦਗੀ,
ਇਹ ਹਉਕਿਆਂ ਦੀ ਜ਼ਿੰਦਗੀ, ਇਹ ਤਰਲਿਆਂ ਦੀ ਜ਼ਿੰਦਗੀ।

ਦੁੱਖਾਂ ਦੀ ਤੇਰੀ ਜ਼ਿੰਦਗੀ, ਰੰਜਾਂ ਦੀ ਤੇਰੀ ਜ਼ਿੰਦਗੀ,
ਉਏ ਦੇਖ ਤੇਰੀ ਜ਼ਿੰਦਗੀ, ਆਉਂਦੀ ਪਈ ਸ਼ਰਮਿੰਦਗੀ।

ਝਿੜਕਾਂ ਤੇ ਝਾੜਾਂ ਪੈਂਦੀਆਂ, ਕਈਆ ਤੋਂ ਮਾਰਾਂ ਪੈਂਦੀਆਂ,
ਦੇਖ ਜੀਵਨ ਆਪਣਾ, ਕਿਉਂ ਨਹੀਂ ਵਿਚਾਰਾਂ ਪੈਂਦੀਆਂ।

ਕੀ ਇਹ ਸਿੱਧੀਆਂ ਬੇਇਨਸਾਫੀਆਂ, ਤੇਰੇ ਲਈ ਹੀ ਬਣ ਗਈਆਂ,
ਗਾਲ੍ਹੀਆਂ ਬੇਇਜ਼ਤੀਆਂ ਸੰਗ, ਆਂਦਰਾਂ ਵੀ ਛਣ ਗਈਆਂ।

ਡਰਿਆ ਹੋਇਆ, ਉਲਝਿਆ, ਧਿਰਕਾਰਿਆ ਜੀਵਨ ਤੇਰਾ,
ਤੰਗੀਆਂ ਦੀ ਅੱਗ ਨੇ, ਹੈ ਸਾੜਿਆ ਜੀਵਨ ਤੇਰਾ।

ਲਾਲ ਤੇਰੇ ਬੁਰਕੀ ਟੁੱਕ ਨੂੰ ਪਏ ਵਿਲਕਦੇ,
ਔਹ ਵਿਹਲੜਾਂ ਦੇ ਬੱਚਿਆਂ ਦੇ ਮਾਸ ਗਲੋਂ ਢਿਲਕਦੇ।

ਤੇਰੇ ਹਿੱਸੇ ਦੀ ਖੰਡ ਲੋਕੀਂ ਰਾਹ ਵਿਚ ਹੀ ਖਾ ਗਏ,
ਤੇਰੇ ਹਿੱਸੇ ਦਾ ਕੱਪੜਾ ਉਹ ਖੱਦਰ ਨਾਲ ਵਟਾ ਗਏ।

ਬਹੁਤੀਆਂ ਜੋਕਾਂ ਅਛੂਤਾ ਲਹੂ ਤੇਰਾ ਪੀਂਦੀਆਂ,
ਔਹ ਮੋਈਆਂ ਜੋ ਗੋਗੜਾਂ ਤੇਰੇ ਸਹਾਰੇ ਜੀਂਦੀਆਂ।

ਤੇਰਿਆਂ ਪੈਰਾਂ 'ਚ ਪਈਆਂ ਗੁਲਾਮੀ ਦੀਆਂ ਬੇੜੀਆਂ,
ਏਹ ਮੋਟੀਆਂ ਨੇ ਬੇੜੀਆਂ, ਏਹ ਭਾਰੀਆਂ ਨੇ ਬੇੜੀਆਂ।

ਇਕੱਠੇ ਹੋ ਕੇ ਲੜਨ ਬਿਨਾ, ਏਹ ਲੈਹਣੀਆਂ ਨਹੀਂ ਬੇੜੀਆਂ,
ਉੱਠ ਏਕੇ ਦੀ ਮਾਰ ਸੱਟ, ਇਹ ਟੁੱਟ ਜਾਵਣ ਬੇੜੀਆਂ।

ਇਕੱਠੇ ਹੋ ਕੇ ਸਭ ਗੁਲਾਮੋ, ਜੁੱਗ ਨੂੰ ਪਲਟਾ ਦਿਉ,
ਜ਼ੋਰ ਤੇ ਇਸ ਜ਼ੁਲਮ ਵਾਲੀ ਰਾਤ ਨੂੰ ਸਰਕਾ ਦਿਉ।
ਪਲਟਾ ਦਿਉ ਸਾਰੀ ਦੁਨੀਆਂ, ਪਲਟਾ ਦਿਉ ਸਾਰਾ ਜਹਾਨ।

**- ਚਰਨ ਦਾਸ ਨਿਧੜਕ**

## ਹੌਲੀ ਹੌਲੀ ਰੋ ਕੁੜੀਏ

ਹੌਲੀ ਹੌਲੀ ਰੋ ਕੁੜੀਏ ਨੀ, ਹੌਲੀ ਹੌਲੀ ਰੋ ਮਨਜੀਤ ਕੁੜੇ।
ਹੱਕ ਅਸਾਂ ਦੇ ਖਾ ਗਏ ਜਾਬਰ, ਨਹੀਂ ਜੰਮਣਾ ਕੋਈ ਭੀਮ ਬਰਾਬਰ।
ਇਹ ਉਮਰਾਂ ਦਾ ਪੈ ਗਿਆ ਰੋਣਾ, ਭੀਮ ਜਿਹਾ ਨਹੀਂ ਪੈਦਾ ਹੋਣਾ।
ਤੂੰ ਹੰਝੂਆਂ ਦੇ ਹਾਰ ਪਰੋ ਕੁੜੀਏ ਨੀ,
ਲੱਗੇ ਦਾਗ ਜਿਗਰ ਦੇ ਧੋ ਕੁੜੀਏ ਨੀ।
ਤੂੰ ਹੌਲੀ-ਹੌਲੀ ਰੋ ਕੁੜੀਏ ਨੀ, ਹੌਲੀ-ਹੌਲੀ ਰੋ ਮਨਜੀਤ ਕੁੜੇ।
ਨਾ ਉਹਦੀ ਅਮੜੀ ਨਾ ਉਹਦਾ ਭਾਹੀ,
ਭੀਮ ਨੂੰ ਰਾਤ 'ਕੱਲੇ ਨੂੰ ਆਈ।
ਮੌਤ ਨਿਮਾਣੀ ਨੇ ਝੱਪਟ ਮਾਰ ਕੇ, ਲਿਆ ਅਸਾਂ ਤੋਂ ਖੋਹ ਕੁੜੀਏ ਨੀ।
ਹੌਲੀ ਹੌਲੀ ਰੋ ਕੁੜੀਏ ਨੀ, ਹੌਲੀ ਹੌਲੀ ਰੋ ਮਨਜੀਤ ਕੁੜੇ।
ਇਹ ਦੁਨੀਆਂ ਚੋਰਾਂ ਦੀ ਮੰਡੀ, ਵਿੰਗ ਧੜੰਗੀ ਹੈ ਪਗਡੰਡੀ।
ਤੇਰਾ ਦੀਪਕ ਕਿਸੇ ਬੁਝਾਇਆ।
ਹੁਣ ਕਿੱਥੋਂ ਢੂੰਡਦੀ ਲੋਅ ਕੁੜੀਏ ਨੀ।
ਹੌਲੀ ਹੌਲੀ ਰੋ ਕੁੜੀਏ ਨੀ, ਹੌਲੀ ਹੌਲੀ ਰੋ ...।
ਕਿਨ ਰੋਂਦੀ ਨੂੰ ਚੁੱਪ ਕਰਾਉਣਾ,
ਬਿਨਾ ਭੀਮ ਤੈਨੂੰ ਕਿਨ ਸਮਝਾਉਣਾ।
ਰੋ ਰੋ ਨੈਣ ਗੁਆ ਨਾ ਬੈਠੀਂ, ਫਿਰ ਰਸਤਾ ਟੁਰੇਂਗੀ ਟੋਹ ਕੁੜੀਏ ਨੀ।
ਹੌਲੀ ਹੌਲੀ ਰੋ ਕੁੜੀਏ ਨੀ, ਹੌਲੀ ਹੌਲੀ ਰੋ ...।
ਪੂੰਜੀਪਤੀ ਜੋ ਦੁਨੀਆਂ ਵਾਲੇ, ਮੂੰਹ ਦੇ ਗੋਰੇ ਦਿਲ ਦੇ ਕਾਲੇ।
ਵੱਸ ਵਿਚ ਲੈ ਕੇ ਜਿੰਦੜੀ ਕਿਸੇ ਦੀ,
ਦਿੰਦੇ ਨੇ ਤੀਰ ਖੁਭੋ ਕੁੜੀਏ ਨੀ।
ਤੂੰ ਹੌਲੀ ਹੌਲੀ ਰੋ ਮਨਜੀਤ ਕੁੜੇ, ਹੌਲੀ ਹੌਲੀ ਰੋ ਕੁੜੀਏ ਨੀ।
ਭੀਮ ਦਾ ਰਸਤਾ ਛੋੜ ਨਾ ਬੈਠੀਂ,
ਦੇਖੀਂ ਬੇੜੀਆਂ ਰੋੜ੍ਹ ਨਾ ਬੈਠੀਂ।
ਮੰਜ਼ਲ ਤੇਰੀ ਦੂਰ ਨਿਧੜਕਾ,
ਤੇਰਾ ਜਾਏ ਨਾ ਕਦਮ ਖਲੋ ਕੁੜੀਏ ਨੀ।
ਹੱਕ ਅਸਾਂ ਦੇ ਖਾ ਗਏ ਜਾਬਰ,
ਨਹੀਂ ਜੰਮਣਾ ਕੋਈ ਭੀਮ ਬਰਾਬਰ।
ਤੂੰ ਹੰਝੂਆਂ ਦੇ ਹਾਰ ਪਰੋ ਕੁੜੀਏ ਨੀ,
ਹੌਲੀ ਹੌਲੀ ਰੋ ਕੁੜੀਏ ਨੀ,
ਹੌਲੀ ਹੌਲੀ ਰੋ ਮਨਜੀਤ ਕੁੜੇ ..।

**- ਚਰਨ ਦਾਸ ਨਿਧੜਕ**

## ਭੀਮ ਰਾਓ ਜੀ ਮਰਨਾ ਤੇਰਾ

ਭੀਮ ਰਾਓ ਜੀ ਮਰਨਾ ਤੇਰਾ, ਇਹ ਜਨਤਾ ਨੂੰ ਮਾਰ ਗਿਆ।
ਤੂੰ ਜੋ ਕਹਿੰਦਾ ਸੀ ਕਰ ਦਿਖਾਇਆ, ਪੂਰੇ ਕਰ ਇਕਰਾਰ ਗਿਆ।
ਵਿਚ ਸਮੁੰਦਰ ਬੇੜੀ ਮੇਰੀ, ਕਿਹੜੀ ਗੱਲੋਂ ਛੋੜ ਗਿਆ।
ਨਾਲ ਤੂੰ ਸਾਡੇ ਗੁੱਸੇ ਹੋ ਕੇ, ਅੱਜ ਕਿਉਂ ਮੁੱਖੜਾ ਮੋੜ ਗਿਆ।
ਫਰਜ਼ ਤੇਰਾ ਸੀ ਬੰਨੇ ਲਾਉਂਣੀ, ਕਾਹਨੂੰ ਛੱਡ ਵਿਚਕਾਰ ਗਿਆ।
ਭੀਮ ਰਾਓ ਜੀ ਮਰਨਾ ਤੇਰਾ ...।

ਕਈ ਹਜ਼ਾਰਾਂ ਵਰਸਾਂ ਏਥੇ, ਤੇਰੇ ਜੈਸਾ ਲੱਭਣਾ ਨਹੀਂ।
ਭਰੀ ਸਭਾ ਵਿਚ ਵਾਂਗ ਸ਼ੇਰ ਦੇ, ਹੋਰ ਕਿਸੇ ਨੇ ਗੱਜਣਾ ਨਹੀਂ।
ਦੁਖੀ ਹੋ ਰੋਂਦੇ ਸਭ ਨਰ ਨਾਰੀ, ਕਿਉਂ ਨਾ ਦੁੱਖ ਨਿਵਾਰ ਗਿਆ।
ਤੂੰ ਜੋ ਕਹਿੰਦਾ ਸੀ ਕਰ ਦਿਖਾਇਆ ... ।
ਭੀਮ ਰਾਓ ਜੀ ਮਰਨਾ ਤੇਰਾ .... ।

ਔਹ ਗੁੰਡੇ ਤੇਰਾ ਬਾਗ ਉਜਾੜਨ, ਨਾ ਪੱਤ ਛਡਿਆ ਨਾ ਡਾਲੀ।
ਬੁਲ-ਬੁਲ ਬੈਠੀ ਸ਼ੋਰ ਮਚਾਵੇ, ਕਿੱਥੇ ਗਿਆ ਬਾਗ ਦਾ ਮਾਲੀ।
ਬੂਟੇ ਰੋਂਦੇ, ਪੰਛੀ ਰੋਂਦੇ, ਕਿੱਥੇ ਹੈ ਸਰਦਾਰ ਗਿਆ।
ਤੂੰ ਜੋ ਕਹਿੰਦਾ ਸੀ ਕਰ ਦਿਖਾਇਆ ....।
ਭੀਮ ਰਾਓ ਜੀ ਮਰਨਾ ਤੇਰਾ ...।

ਕਹੇ ਨਿਧੜਕ ਤੂੰ ਜੋਤ ਇਲਾਹੀ, ਕਿੱਥੇ ਜਾ ਜਗਾਈ ਏ।
ਆਪ ਤੂੰ ਸੌਂ ਗਿਆ ਸੁੱਖ ਦੀ ਨੀਂਦੇ, ਦੁਨੀਆਂ ਮਰਨ ਤੇ ਆਈ ਏ।
ਨਾਲ ਪਹਾੜਾਂ ਟੱਕਰ ਲਾ ਕੇ ਖੜ੍ਹਕੇ ਇਹ ਲਲਕਾਰ ਗਿਆ।
ਜੋ ਕਹਿੰਦਾ ਸੀ ਕਰ ਦਿਖਾਇਆ,
ਤੂੰ ਪੂਰੇ ਕਰ ਇਕਰਾਰ ਗਿਆ।
ਭੀਮ ਰਾਓ ਜੀ ਮਰਨਾ ਤੇਰਾ,
ਇਹ ਜਨਤਾ ਨੂੰ ਮਾਰ ਗਿਆ।

**- ਚਰਨ ਦਾਸ ਨਿਧੜਕ**

# ਪ੍ਰਸਿੱਧ ਸ਼ਾਇਰ ਮਦਨ ਵੀਰਾ ਦੀਆਂ ਕੁਝ ਰਚਨਾਵਾਂ ਦੀ ਝਲਕ

## ਅੱਗ ਦਾ ਵਰਦਾਨ

ਪਿੰਡਾ ਜਾਣਦਾ ਹੈ
ਜਾਣਦਾ ਹੈ ਕਿ-ਮਾਸੂਮ ਕੰਜਕ ਨੂੰ
ਕੋਂਹਦੇ ਰਹੇ ਹਵਸ ਦੇ ਅੰਨ੍ਹੇ ਦਰਿੰਦੇ
ਇੱਕ ਘੁੱਗੀ ਦਾ ਮਾਸ
ਨੋਚਦੇ ਰਹੇ ਮਾਸਾਹਾਰੀ ਸ਼ਿਕਰੇ
ਪਰ ਕੋਈ ਨਹੀ ਬਹੁੜਿਆ
ਸ਼ਾਮ ਬਣਕੇ
ਕੋਈ ਨਹੀਂ ਆਇਆ ਰਾਮ ਬਣਕੇ
ਪਰ ਪਿੰਡ ਨੂੰ ਨਹੀਂ ਸੀ ਇਲਮ
ਨਹੀਂ ਜਾਣਦਾ ਸੀ ਪਿੰਡ
ਕਿ ਜ਼ਖਮੀ ਜੋਤੀ ਪਰਤੇਗੀ
ਪਰਤੇਗੀ ਜਵਾਲਾ ਦੇ ਵੇਸ 'ਚ
ਫੱਟੜ ਸ਼ੀਹਣੀ ਦੇ ਭੇਸ 'ਚ
ਆਏਗੀ ਆਖਰੀ ਵਾਰ
ਹੋਣੀ ਦੇ ਰੱਥ ਉੱਤੇ ਹੋ ਕੇ ਸਵਾਰ
ਆਏਗੀ ਪਿੰਡ ਦੀ ਮਛੋ੍ਰ ਧੀ
ਇੱਕ ਬਦਕਿਸਮਤ ਭੈਣ
ਆਏਗੀ ਇੱਕ ਅਭਾਗਣ
ਬੇਜ਼ਮੀਰੇ-ਬੇਅਣਖੇ
ਪਿੰਡ ਨੂੰ ਦਾਗਣ
ਆਪਣਾ ਸਾਰਾ ਰੋਸ
ਆਪਣਾ ਸਾਰਾ ਜੋਸ਼
ਬਰੂਦ ਵਿੱਚ ਭਰਕੇ
ਲਹੂ ਦੀ ਨਦੀ 'ਚ ਡੁੱਬਕੇ-ਤਰਕੇ
ਮਾਰੇਗੀ ਆਵਾਜ਼
ਸਦਮੇ ਨਾਲ ਮਰ ਗਏ ਬਾਪ ਨੂੰ
ਭੁਗਤੇਗੀ ਇੱਕ ਵਾਰ ਫੇਰ ਸਰਾਪ ਨੂੰ
ਭਿੱਜੀਆਂ ਅੱਖਾਂ ਨਾਲ ਭਾਲ਼ੇਗੀ
ਵਿਹੜੇ ਦੀ ਛਾਂ ਨੂੰ
ਸਦਮੇ ਨਾਲ ਬੁੱਤ ਹੋ ਗਈ
ਲਾਚਾਰ ਮਾਂ ਨੂੰ
ਲੱਭੇਗੀ ਮਾਂ ਜਾਏ
ਮਾਂ-ਜਾਏ ਨੂੰ
ਜੋ ਨਮੋਸ਼ੀ ਦੇ ਸੱਲ 'ਚ
ਖੁਦਕਸ਼ੀ ਕਰ ਗਿਆ ਸੀ
ਰੇਲ ਦੀ ਪਟੜੀ
ਤਰ ਕਰ ਗਿਆ ਸੀ
ਪਛਾਣੇਗੀ ਗਲ਼ੀ ਗੁਆਂਢ ਦੇ ਜੀਆਂ ਨੂੰ
ਸ਼ਰਮਿੰਦਗੀ ਨਾਲ
ਮੂੰਹ ਛਪਾਉਂਦੇ ਬਜ਼ੁਰਗਾਂ ਨੂੰ
ਕਾਵਾਂ ਚੂਹਿਆਂ ਦੇ ਮਕਰ-ਜਾਲ 'ਚ
ਫਸਦੀਆਂ-ਫਟਕਦੀਆਂ ਧੀਆਂ ਨੂੰ
ਕੰਬਦੀ ਡੰਗੋਰੀ ਦੇ ਪੂੰਝੇਗੀ ਅੱਥਰੂ
ਦਏਗੀ ਦਿਲਾਸਾ
ਕੂੰਜਾਂ ਨੂੰ ਦਏਗੀ ਧਰਵਾਸਾ
'ਤੇ ਉਹਦੀ 'ਪੱਕੀ ਕਚਹਿਰੀ' ਦਾ
ਅੱਗ ਦੇ ਹਰਫ਼ਾਂ ਨਾਲ ਲਿਖਿਆ
ਜ਼ਾਰੀ ਹੋਵੇਗਾ ਫਰਮਾਨ
ਕਿ ਅੱਗੇ 'ਤੋਂ ਕੋਈ ਕੰਜਕ
ਚੂਹਿਆਂ ਦੇ ਭੈਅ ਤੋਂ
ਜਾਂ ਕਾਵਾਂ ਦੇ ਡਰ ਤੋਂ
ਨਹੀਂ ਛੱਡੇਗੀ
ਆਪਣੇ ਹਿੱਸੇ ਦਾ ਅਸਮਾਨ
ਨਮੋਸ਼ੀ ਨਾਲ ਨਹੀਂ ਮੋਏਗਾ
ਕੋਈ ਬਾਬਲ
ਤੇ ਸਦਮੇ ਦੇ ਸੱਲ ਨਾਲ
ਪੱਥਰ ਨਹੀਂ ਹੋਣਗੇ
ਕਿਸੇ ਮਾਂ ਦੇ ਅਰਮਾਨ
'ਤੇ ਨਾ ਹੀ ਰੇਲ ਦੀ ਰੰਗੇਗਾ ਪਟੜੀ
ਕੋਈ ਬੇਵਸ ਨੌਜਵਾਨ।



ਮਦਨ ਵੀਰਾ
91-94176-83769

## ਲ਼ੋਹੇ ਦੀ ਚਿੱਪਰ

ਲੋਹੇ ਦੀ ਇੱਕ ਚਿੱਪਰ
ਤੇਰੇ ਕੋਲ ਸੀ
ਇੱਕ ਚਿੱਪਰ ਮੇਰੇ ਕੋਲ
ਤੂੰ ਬਣਾ ਲਿਆ ਉਸਦਾ ਹਥਿਆਰ
ਬਣ ਗਿਆ ਮੇਰਾ ਰਾਖਾ
ਰਾਖੇ ਤੋਂ ਰਹਿਬਰ ਤਤ
ਮੈਂ ਬਣਾ ਲਿਆ ਹਲ ਦਾ ਫਾਲ
ਵਾਹ ਲਈ ਪੈਲੀ
ਬੀਜ ਲਈ ਫ਼ਸਲ
ਤੇਰੇ ਹਥਿਆਰ ਜਿੱਥੇ ਵੀ ਲਿਸ਼ਕੇ
ਜਿੱਥੇ ਵੀ ਚਮਕੇ
ਥਾਂ ਤੇਰੀ ਹੋ ਗਈ
ਮੈਂ ਜਿੱਥੇ ਵੀ ਸਿਆੜ ਕੱਢੇ
ਬੀਜ ਪਾਇਆ
ਹਰਿਆਵਲ ਫੁੱਟ ਪਈ
ਧਰਤੀ ਹਰੀ ਭਰੀ ਹੋ ਗਈ
ਹੁਣ ਤੇਰੇ ਬਰੂਦ ਦੀ ਮੁਸ਼ਕ ਨਾਲ
ਹਥਿਆਰਾਂ ਦੀ ਲਿਸ਼ਕ ਨਾਲ
ਮੱਧਮ ਪੈ ਗਈ ਹੈ ਖੇਤਾਂ ਦੀ ਹਰਿਆਵਲ
ਪੂਣ ਕੱਤਦੀਆਂ ਦੋਧੀਆ ਛੱਲੀਆਂ 'ਚੋਂ
ਸੁੱਕ ਰਿਹਾ ਹੈ ਰਸ
ਤਾਂ ਮੇਰੇ ਹਲ ਦਾ ਘਸਿਆ ਫਾਲ
ਨਾ ਸੰਦ ਬਣ ਰਿਹਾ ਹੈ
ਨਾ ਢਾਲ ਤਤ
ਹੁਣ ਮੈਨੂੰ ਫਿਰ ਤਲਾਸ਼ ਹੈ
ਲੋਹੇ ਦੀ ਚਿੱਪਰ ਦੀ
ਮੈਂ ਹਲ ਦਾ ਫਾਲ ਬਦਲਣਾ ਹੈ
ਦੋਧੀਆ ਛੱਲੀਆਂ ਦੀ ਰਾਖੀ ਲਈ
ਸੰਦ ਘੜਨਾ ਹੈ
ਤੂੰ ਮੇਰਾ ਰਾਖਾ ਨਹੀਂ
ਰਹਿਬਰ ਨਹੀਂ
ਕੋਈ ਹੋਰ ਹੈਂ
ਕਾਲਾ ਚੋਰ ਹੈ ......

– ਮਦਨ ਵੀਰਾ

## ਬੱਚਾ ਗਾ ਰਿਹਾ ਹੈ

ਗੁਲਾਬੀ ਰੰਗ ਦੇ ਪਰਦੇ ਹੇਠ
ਸਲ੍ਹਾਬੇ ਸਹਿਮ ਦੇ ਗਰਦੇ ਹੇਠ
ਖਿੜ ਰਹੀ ਹੈ
ਰੂਹ ਦੀ ਸੋਹਲ ਕਚਨਾਰ
ਮੌਲ ਰਹੀ ਹੈ
ਰੇਸ਼ਮ ਦੀ ਲਗਰ ਕੂਲ੍ਹੀ
ਵਹਿ ਰਹੀ ਹੈ ਪੱਥਰਾਂ ਵਿੱਚ
ਨਵੇਂ-ਫੁੱਟੇ ਚਸ਼ਮੇ ਦੀ ਧਾਰ
'ਤੇ ਬੱਚਾ ਗਾ ਰਿਹਾ ਹੈ
ਗਾ ਰਿਹਾ ਹੈ
ਫਿਲਮੀ ਗੀਤ
ਉਸਦੀਆਂ ਅੱਖਾਂ 'ਚ ਲਿਸ਼ਕੇ
ਚੁਲਬਲਾਪਨ
ਉਸਦਿਆਂ ਹੋਠਾਂ 'ਤੇ ਖੇਡੇ
ਭਾਅ-ਸੂਹੀ
ਉਘੜ ਰਹੇ ਨੇ ਚਿਹਰੇ 'ਤੇ
ਨਟਖਟ ਜਿਹੇ ਭਾਵ
ਇਸ ਘੜੀ ਉਹਨੂੰ ਵਿਸਰ ਗਏ ਨੇ
ਸਭ ਸੰਸੇ – ਸਭ ਫ਼ਿਕਰ
ਤਿੱਤਰ-ਵਿੱਤਰ ਹੋ ਹਏ ਸਾਰੇ ਦਬਾਵ
ਤੇ ਬੱਚਾ ਗਾ ਰਿਹਾ ਹੈ
ਗਾ ਰਿਹਾ ਹੈ
ਫਿਲਮੀ ਗੀਤ
ਬਾਲ-ਸਭਾ ਦੀ ਇਸ ਘੰਟੀ ਵਿੱਚ
ਸੁਰ-ਲੈਅ ਵਿੱਚ ਲਰਜ਼ਦੀ ਹੈ
ਬਾਲ-ਹੂਕ
ਹੌਲੀ-ਹੌਲੀ ਪਿਘਲ ਰਹੀ ਹੈ
ਜੰਮੀ ਹੋਈ ਸਰਦ ਕੂਕ
ਚੇਤਿਆਂ 'ਚੋਂ ਕਿਰ ਗਈ ਹੈ
ਫੀਸ ਮੰਗਦੀ 'ਭੈਣ ਜੀ' ਦੀ
ਤਿੱਖੀ ਘੂਰ
'ਤੇ ਘਰ ਦਾ ਨਕਸ਼ਾ ਕਰੂਰ
ਨਿੰਮੀ-ਨਿੰਮੀ ਵਰ੍ਹ ਰਹੀ ਹੈ
ਲਵੇ-ਲਵੇ ਭਾਵਾਂ ਦੀ ਭੂਰ
ਹੈ ਖਿੰਡ ਰਿਹਾ ਧਰਤੀ 'ਤੇ ਨੂਰ
ਤੇ ਬੱਚਾ ਗਾ ਰਿਹਾ ਹੈ
ਗਾ ਰਿਹਾ ਹੈ ਜ਼ਿੰਦਗੀ ਦਾ ਗੀਤ
ਗਾ ਰਿਹਾ ਹੈ ਜ਼ਿੰਦਗੀ ਦਾ ਮੀਤ।

– ਮਦਨ ਵੀਰਾ

## ਹਲਫ਼ਨਾਮਾ

ਤੁਸੀਂ ਮੈਨੂੰ
ਜਦੋਂ ਵੀ ਚਿਤਵਿਆ ਹੋਣਾ
ਦੇਖਿਆ ਹੋਣਾ
ਇੱਕ ਮਾਸੂਮ ਲੇਲੇ ਦੇ ਰੂਪ 'ਚ
ਡਰੇ ਸਹਿਮੇ ਤੇ ਘਾਬਰੇ ਹੋਏ ਨੂੰ
ਬੇਕਾਰੀ ਦੇ ਬੋਝ ਨਾਲ ਝੁਕੇ ਹੋਏ
ਝਕੇ ਹੋਏ ਤੇ ਡਰੇ ਹੋਏ ਨੂੰ
ਮੇਰੀਆਂ ਅੱਖਾਂ 'ਚ ਦੇਖੀ ਹੋਣੀ
ਉਦਾਸੀ
ਬੇਬਸੀ
ਭਟਕਣ
ਤੇ ਬੇਚਾਰਗੀ
ਮੇਰੇ ਮੱਥੇ ਤੋਂ ਪੜ੍ਹਿਆ ਹੋਣਾ
ਨਿਰਾਸ਼ਾ ਤੇ ਹਾਰਾਂ ਦਾ ਰੋਜ਼-ਨਾਮਚਾ
ਤੇ ਤੁਹਾਡੇ ਅੰਦਰਲਾ ਭੇੜੀਆ
ਬਹੁਤ ਹੱਸਿਆ ਹੋਣਾ
ਬਹੁਤ ਖੁਸ਼ ਹੋਣਾ
ਕਿ ਤੁਹਾਡਾ ਗੁੜ ਵੀ ਬਚਿਆ ਰਹੇਗਾ
ਜ਼ਹਿਰ ਵੀ
ਤੇ ਮਾਸੂਮ ਦੇ ਕਤਲ ਦਾ ਇਲਜ਼ਾਮ ਵੀ
ਤੁਹਾਡੇ ਸਿਰ ਨਹੀਂ ਲੱਗੇਗਾ
ਤੁਸੀਂ ਸੋਚਿਆ ਹੋਣਾ
ਕਿ ਮੇਰੀ ਕਾਇਆ ਦਾ ਸਫ਼ਰ
ਜੀਵਨ-ਲੀਲ੍ਹਾ ਦਾ ਸਿਖਰ
ਲਹੂ-ਰੰਗੀ ਰੇਲ ਦੀ ਪੱਟੜੀ
ਜਾਂ ਸਲਫ਼ਾਸ ਦੀ ਗੋਲੀ ਹੋਵੇਗਾ
ਪਰ ਤੁਸੀਂ ਨਹੀਂ ਸਮਝ ਸਕੇ
ਕਿ ਕਿਉਂ ਮੇਰੀ ਹਿੱਕ 'ਚ ਜੰਮਿਆ
ਅੱਧੀ ਸਦੀ ਦਾ ਲਾਵਾ
ਬਰੂਦ 'ਚ ਵਟ ਗਿਆ
ਮੇਰੇ ਚੂਲ੍ਹੀ ਕੁ ਲਹੂ 'ਚ
ਕਿੰਝ ਦਗ ਪਈ ਹੈ ਜਵਾਲਾ
ਕਿਉਂ ਮੇਰੇ ਲੂੰ-ਲੂੰ 'ਚ
ਮਚ ਰਹੀਆਂ ਨੇ ਮਸ਼ਾਲਾਂ
ਤੇ ਮੈਂ ਹੁਣ ਕਾਹਲਾ ਹਾਂ
ਗੁਰੀਲੇ ਦੇ ਦਸਤੀ ਬੰਬ ਵਾਂਗ
ਤੁਹਾਡੇ ਮੀਟਿੰਗ ਹਾਲ 'ਚ ਫਟਣ ਲਈ
ਜਿੱਥੇ ਕਰੋੜਾਂ ਜ਼ਿੰਦਗੀਆਂ ਨੂੰ
ਮੌਤ ਦੇ ਮੂੰਹ ਧੱਕਣ ਦੀ
ਖਿਚੜੀ ਪੱਕਦੀ ਹੈ
ਜਿਸ ਨੂੰ ਕਾਬਜ਼ ਧਿਰ ਤੇ ਅਪੋਜ਼ੀਸ਼ਨ
ਰਲ-ਮਿਲ ਕੇ ਛਕਦੀ ਹੈ।

## ਜਨਤਾ ਮੇਰੀ ਬਾਗ ਬਗੀਚਾ

ਜਨਤਾ ਮੇਰੀ ਬਾਗ ਬਗੀਚਾ ਪਰ ਚਲੀ ਗਈ ਹਰਿਆਲੀ।
ਉਸ ਬਾਗ ਦਾ ਕੁਝ ਨਹੀਂ ਬਣਦਾ ਬੇਈਮਾਨ ਜੇ ਮਾਲੀ।
ਪੰਛੀ ਵੀ ਉਡ ਜਾਂਦੇ ਉਥੋਂ ਪੱਤ ਨਹੀਂ ਰਹਿੰਦਾ ਡਾਲੀ।
ਉਸੀ ਬਾਗ ਦੇ ਵੰਡੇ ਪੈਂਦੇ ਨਹੀਂ ਮਿੱਤਰਾ ਤੂੰ ਹੋਸ਼ ਸੰਭਾਲੀ।
ਤਨ ਤੇਰੇ ਤੇ ਹੈ ਨਹੀਂ ਲੀਰਾਂ ਜ਼ਾਲਮ ਪਹਿਨਣ ਨੇਫ ਨਿਹਾਲੀ।
ਉਹ ਖਾਂਦੇ ਨੇ ਦੁੱਧ ਮਲਾਈਆਂ ਪੇਟ ਤੇਰਾ ਰੋਟੀ ਤੋਂ ਖਾਲੀ।
ਉੱਧਰ ਦਿਨ ਨੂੰ ਬੱਲਬ ਜਗਦੇ ਤੇਰੀ ਕੁੱਲੀ ਵਿਚ ਰਾਤ ਹੈ ਕਾਲੀ।
ਕੱਪੜੇ ਦੀ ਥਾਂ ਚਮੜੀ ਹੰਢਾਵੇਂ ਚਮੜੀ ਹੈ ਤੇਰੀ ਨੇਫ ਨਿਹਾਲੀ।
ਤੇਰੀ ਕੁੱਲੀ ਵਿਚ ਰਹੇ ਅੰਧੇਰਾ ਉਧਰ ਬਲਦੀ ਸ਼ਮ੍ਹਾਂ ਦੀਵਾਲੀ।
ਬੇਸ਼ੱਕ ਦੇਸ਼ ਆਜ਼ਾਦ ਹੋ ਗਿਆ ਤੇਰੇ ਹਿੱਸੇ ਆਈ ਕੰਗਾਲੀ।
ਧੀ ਤੇਰੀ ਨੂੰ ਪੈਂਦੀਆਂ ਗਾਲ੍ਹਾਂ ਜਿਸਦੀ ਜੱਗ ਵਿਚ ਸ਼ਾਨ ਨਿਰਾਲੀ।
ਗੈਰਤਮੰਦਾ ਲੜ ਕੇ ਮਰ ਜਾ ਉੱਠ ਤੂੰ ਬਾਗ ਦੀ ਕਰ ਰਖਵਾਲੀ।
ਨਾ ਤੂੰ ਹਿੰਦੂ ਨਾ ਤੂੰ ਮੁਸਲਿਮ ਤੇਰੀ ਹੈ ਇਕ ਜਾਤ ਨਿਰਾਲੀ।
ਤੂੰ ਮਜ਼ੂਬਾਂ ਨੂੰ ਜੱਫੀਆਂ ਪਾਉਂਦਾ ਇਹ ਸਭ ਤੇਰੀ ਵਹਿਮ ਖਿਆਲੀ।
ਹਿੰਦੂ ਧਰਮ ਤੋਂ ਪਾ ਛੁਟਕਾਰਾ ਹੋ ਜਾਵੇ ਤੇਰੀ ਜਿੰਦ ਸੁਖਾਲੀ।
ਗਿਣ-ਗਿਣ ਬਦਲੇ ਲੈ ਵੈਰੀ ਤੋਂ ਇਹੋ ਮੇਰੀ ਗੁਰ ਪ੍ਰਣਾਲੀ।
ਭੇਡਾਂ ਵਾਂਗੂੰ ਹੱਕੀ ਫਿਰਦੇ ਪਿੱਛੇ ਬੇਈਮਾਨ ਅਜਾਲੀ।
ਚਾੜ੍ਹ ਮਰੋੜਾ ਥੋੜ੍ਹਾ-ਥੋੜ੍ਹਾ ਤੋੜ ਗੁਲਾਮੀ ਦੀ ਪੰਜਾਲੀ।
ਤੈਨੂੰ ਦੁਨੀਆਂ ਕਰੂ ਸਲਾਮਾਂ ਜਦ ਪੀਵੇਂਗਾ ਮੌਤ ਪਿਆਲੀ।
ਸੀਸ ਤਲੀ ਧਰ ਗਲੀ 'ਚ ਆ ਜਾ ਤੈਨੂੰ ਮਿਲ ਜਾਊ ਹੀਰ ਸਿਆਲੀ।
ਬੱਸ ਕਿਤਾਬਾਂ ਠੱਪ 'ਨਿਧੜਕਾ' ਔਹ ਦੇਖ ਰੋਂਦੀ ਭੈਣ ਨਿਹਾਲੀ।
ਗਿਣ-ਗਿਣ ਬਦਲੇ ਲੈ ਵੈਰੀ ਤੋਂ ਇਹੋ ਮੇਰੀ ਗੁਰ ਪ੍ਰਣਾਲੀ।
ਇਹੋ ਮੇਰੀ ਗੁਰ-ਪ੍ਰਣਾਲੀ।

– ਚਰਨ ਦਾਸ ਨਿਧੜਕ

## ਦੇਸ਼ ਦੀ ਤਸਵੀਰ

ਆ ਸੱਜਣਾ ਤੈਨੂੰ ਦੇਸ਼ ਤੇਰੇ ਦੀ, ਪਾਟੀ ਹੋਈ ਤਸਵੀਰ ਦਿਖਾਵਾਂ।
ਟੁਕੜੇ ਹੋਇਆਂ ਦੇਸ਼ ਵਿਖਾਵਾਂ, ਰੁੱਠੀ ਹੋਈ ਤਕਦੀਰ ਵਿਖਾਵਾਂ।

ਇਕ ਪਾਸੇ ਔਹ ਮਹਿਲਾਂ ਅੰਦਰ, ਡੁੱਲ੍ਹ ਡੁੱਲ੍ਹ ਪੈਂਦੇ ਹਾਸੇ।
ਦੂਜੇ ਪਾਸੇ ਫਿਰੇ ਜੁਆਨੀ, ਲੈ ਹੱਥਾਂ ਵਿਚ ਕਾਸੇ।
ਹੱਥ ਜੋੜ ਕੇ ਭਿਖਿਆ ਮੰਗਦੀ, ਜੋ ਮਰਜ਼ੀ ਕੋਈ ਆਖੇ।

ਪੱਲੇ ਦੇ ਵਿਚ ਹੌਕੇ ਹਾਵੇ, ਗਲ ਵਿਚ ਪਾਟੀ ਲੀਰ ਵਿਖਾਵਾਂ।
ਆ ਸੱਜਣਾ ਤੈਨੂੰ ਦੇਸ਼ ਤੇਰੇ ਦੀ, ਪਾਟੀ ਹੋਈ ਤਸਵੀਰ ਵਿਖਾਵਾਂ।

ਬਣਦੇ ਤੈਨੂੰ ਮਹਿਲ ਦਿਖਾਵਾਂ, ਹੁੰਦੇ ਤੈਨੂੰ ਕਹਿਰ ਦਿਖਾਵਾਂ।
ਭੁੱਖ ਦੇ ਦੁੱਖੋਂ ਆਪਣੇ ਹੱਥੀਂ, ਪੀਂਦੇ ਤੈਨੂੰ ਜ਼ਹਿਰ ਵਿਖਾਵਾਂ।
ਰੰਗਦਾਰ ਸ਼ੀਸ਼ੀ ਦੇ ਵਿਚੋਂ, ਪੀਂਦੇ ਰੱਤ ਅਮੀਰ ਵਿਖਾਵਾਂ।

ਦਰ ਦਰ ਬੱਚੇ ਮੰਗਦੇ ਟੁਕੜੇ, ਕੁੱਤੇ ਖਾਂਦੇ ਖੀਰ ਵਿਖਾਵਾਂ।
ਆ ਸੱਜਣਾ ਤੈਨੂੰ ਦੇਸ਼ ਤੇਰੇ ਦੀ, ਪਾਟੀ ਹੋਈ ਤਸਵੀਰ ਵਿਖਾਵਾਂ।

ਸਿਨਮੇ ਕੋਲਡ ਸਟੋਰ ਦੇਖ ਲਓ, ਲੁੱਟੀ ਜਾਂਦੇ ਚੋਰ ਦੇਖ ਲਓ।
ਨਾਲ ਚੋਰਾਂ ਦੇ ਹਿੱਸੇ ਰੱਖਦੇ, ਏਥੇ ਦੇ ਵਜ਼ੀਰ ਦੇਖ ਲਓ।
ਜਨਤਾ ਪਈ ਲਾਚਾਰ ਦੇਖ ਲਓ, ਹੁੰਦੇ ਮਿੱਤਰੋ ਕਹਿਰ ਦੇਖ ਲਓ।

ਆ 'ਨਿਧੜਕਾ' ਤੈਨੂੰ ਬੱਚੇ, ਮੰਗਦੇ ਵਾਂਗ ਫਕੀਰ ਵਿਖਾਵਾਂ।
ਆ ਸੱਜਣਾ ਤੈਨੂੰ ਦੇਸ਼ ਤੇਰੇ ਦੀ, ਪਾਟੀ ਹੋਈ ਤਸਵੀਰ ਦਿਖਾਵਾਂ।

– ਚਰਨ ਦਾਸ ਨਿਧੜਕ

## ਰੰਗ ਦੇ ਸ਼ਹੀਦੀ ਬਾਣਾ

ਮਾਏਂ ਮੇਰਾ ਰੰਗ ਦੇ ਸ਼ਹੀਦੀ ਬਾਣਾ,
ਮਾਏ ਮੇਰਾ ਰੰਗ ਦੇ ਨੀ।
ਉਹੀਓ ਰੰਗ ਰੰਗੀ ਜਿਹੜਾ ਰਵੀ ਨੇ ਰੰਗਾਇਆ ਸੀ।
ਚਾੜ੍ਹ ਦੇ ਉਹ ਰੰਗ ਜਿਹੜਾ ਭੀਮ ਨੇ ਚੜ੍ਹਾਇਆ ਸੀ।
ਉਹ ਰੰਗ ਮਾਏਂ ਵੱਡਾ ਨੀ ਸੁਹਾਣਾ।
ਮਾਏਂ ਮੇਰਾ ਰੰਗ ਦੇ ਨੀ ...।
ਕੌਮ ਦੇ ਪਿਆਰ ਵਿਚ ਅੰਗ-ਅੰਗ ਰੰਗ ਦੇ।
ਮੰਗਦੇ ਨੀ ਮਾਏਂ ਮੈਨੂੰ ਮੌਤ ਨਾਲ ਮੰਗਦੇ।
ਮੇਰਾ ਹੋਣ ਦੇ ਤੂੰ ਗੋਰ (ਕਬਰ) ਟਿਕਾਣਾ।
ਮਾਏਂ ਮੇਰਾ ਰੰਗ ਦੇ ਨੀ ..।
ਦੇਸ਼ ਹੈ ਆਜ਼ਾਦ ਭਾਵੇਂ ਅਸੀਂ ਹਾਂ ਗੁਲਾਮ ਨੀ।
ਕੌਮ ਉਤੋਂ ਜਿੰਦੜੀ ਨੂੰ ਕਰਾਂ ਕੁਰਬਾਨ ਨੀ।
ਗਾਨੇ ਬੰਨ੍ਹ ਕੇ ਜੇਲ੍ਹ ਨੂੰ ਜਾਣਾ।
ਮਾਏਂ ਮੇਰਾ ਰੰਗ ਦੇ ਨੀ ...।
ਬੁਜ਼ਦਿਲ ਬੰਦਿਆਂ ਤੋਂ ਚੰਗੀਆਂ ਨੇ ਨਾਰੀਆਂ।
ਸੋਹਣੀ ਨੇ ਝਨਾ ਦੇ ਵਿਚ ਜਾ ਕੇ ਲਾਈਆਂ ਤਾਰੀਆਂ।
ਉਹਦਾ ਮੁੱਕ ਗਿਆ ਆਣਾ ਜਾਣਾ।
ਮਾਏਂ ਮੇਰਾ ਰੰਗ ਦੇ ਨੀ ...।
ਰੋਂਦੀਆਂ ਭੈਣਾਂ ਨੂੰ ਮੈਂ ਵੇਖ ਨਹੀਂ ਸਕਦੀ।
ਰੋਟੀ ਪਿੱਛੇ ਇੱਜ਼ਤ ਮੈਂ ਵੇਚ ਨਹੀਂ ਸਕਦੀ।
ਪਿਆ ਖਪਦਾ ਨਿਧੜਕ ਨਿਮਾਣਾ।
ਮਾਏਂ ਮੇਰਾ ਰੰਗ ਦੇ ਨੀ।
ਰੰਗਦੇ ਸ਼ਹੀਦੀ ਬਾਣਾ, ਮਾਏ ਮੇਰਾ ਰੰਗ ਦੇ ਨੀਂ।

– ਚਰਨ ਦਾਸ ਨਿਧੜਕ



# ਆਵਾਜ਼ ਰਹਿ ਫਿਲਮਾਂ ਦਾ ਬੜਾ ਪਿਆਰਾ ਦੌਰ ਸੀ


## ਬਾਲੀਵੁੱਡ ਹਲਚਲ

ਤਰਸੇਮ ਬੱਧਣ
097796-27888




ਆਵਾਜ਼ ਰਹਿਤ ਫਿਲਮਾਂ (ਸਾਈਲੈਂਟ ਮੂਵੀਜ਼) ਯਾਨਿ ਕਿ ਚੁੱਪ ਫਿਲਮਾਂ ਦਾ ਬੜਾ ਪਿਆਰਾ ਤੇ ਗੋਲਡਨ ਸਮਾਂ ਸੀ। ਇਸ ਭਾਗਾਂ ਵਾਲੇ ਸਮੇਂ ਦੀ ਸ਼ੁਰੂਆਤ ਫਾਲਕੇ ਐਂਡ ਕੰਪਨੀ ਨੇ 1913 'ਚ ਰਾਜਾ ਹਰੀਸ਼ ਚੰਦਰ ਫਿਲਮ ਤੋਂ ਹੋਈ, ਜਿਸ ਨੂੰ ਫਾਲਕੇ ਸਾਹਿਬ ਨੇ ਤਿਆਰ ਕੀਤਾ। ਡੀ. ਡੀ. ਦੇਵਕੇ, ਸਾਲੌਂਕੇ, ਬਾਲਾ ਚੰਦਰ ਫਾਲਕੇ, ਮਾਨੇ, ਤੇਲੰਗ ਸ਼ਿੰਦੇ ਅਤੇ ਔਂਧਦਰ ਆਦਿ ਸਟੇਜ ਦੇ ਕਲਾਕਾਰਾਂ ਨੇ ਬੜੀਆਂ ਪਿਆਰੀਆਂ ਭੂਮਿਕਾ ਨਿਭਾਈਆਂ। ਦਾਦਾ ਸਾਹਿਬ ਫਾਲਕੇ ਦਾ ਪੂਰਾ ਪਰਿਵਾਰ ਫਿਲਮ ਸਨਅਤ ਲਈ ਸਮਰਪਿਤ ਸੀ। ਜਿਸ ਕਰਕੇ ਉਹਨਾਂ ਦਾ ਉੱਠਣਾ, ਬੈਠਣਾ, ਸੌਣਾ, ਖਾਣਾ-ਪੀਣਾ ਸਟੂਡੀਓ ਤੇ ਲੈਬਾਰਟਰੀ 'ਚ ਹੀ ਹੁੰਦਾ। ਸਾਲੌਂਕੇ ਨਾਂਅ ਦੇ ਨੌਜਵਾਨ ਨੇ ਹਮੇਸ਼ਾ ਔਰਤ ਦੀ ਹੀ ਭੂਮਿਕਾ ਨਿਭਾਈ, ਕਿਉਂਕਿ ਫਿਲਮਾਂ 'ਚ ਲੜਕੀਆਂ ਨੂੰ ਮਾਪੇ ਭੇਜ ਕੇ ਰਾਜ਼ੀ ਨੀਂ ਸਨ ਕਿ ਇਹ ਫਿਲਮ ਲਾਈਨ ਬੜੀ ਅਜੀਬ ਲਾਈਨ ਹੈ। ਰਾਜਾ ਹਰੀਸ਼ ਚੰਦਰ 'ਚ ਕੰਮ ਕਰਨ ਵਾਲੇ ਕਲਾਕਾਰ ਸਾਰੇ ਹੀ ਮੰਨੇ ਪ੍ਰਮੰਨੇ ਸਟੇਜ ਦੇ ਕਲਾਕਾਰ ਸਨ। ਜਿਹਨਾਂ ਦੇ ਕੀਤੇ ਅਭਿਨੈ ਨੇ ਇਹ ਸਿੱਧ ਕਰ ਦਿੱਤਾ ਕਿ ਇਹਨਾਂ ਤੋਂ ਵੱਡਾ ਕੋਈ ਕਲਾਕਾਰ ਹੀ ਨਹੀਂ ਹੋ ਸਕਦਾ।

ਇਤਿਹਾਸਕ ਫਿਲਮ 'ਮੋਹਿਨੀ ਭਸਮਾਸੁਰ' 'ਚ ਦੁਰਗਾਬਾਈ ਤੇ ਕਮਲਾ ਨਾਂਅ ਦੀਆਂ ਕਲਾਕਾਰਾਂ ਨੇ ਕੰਮ ਕੀਤਾ ਤਾਂ ਫਾਲਕੇ ਸਾਹਿਬ ਬੜੇ ਖੁਸ਼ ਹੋਏ ਕਿ ਚੱਲ ਕੋਈ ਤਾਂ ਕਲਾਕਾਰ (ਔਰਤ) ਆਇਆ। ਇਸ ਸਮੇਂ ਫਿਲਮਾਂ 'ਚ ਆਵਾਜ਼ ਨਹੀਂ ਸੀ ਹੁੰਦੀ, ਬੱਸ ਚਿਹਰੇ ਦੇ ਹਾਵ-ਭਾਵ ਤੇ ਸੰਗੀਤ ਨਾਲ ਹੀ ਅਭਿਨੈ ਕਰਨਾ ਪੈਂਦਾ ਸੀ। ਦਰਸ਼ਕ ਇਹਨਾਂ ਫਿਲਮਾਂ ਦੇ ਦੀਵਾਨੇ ਸਨ ਤੇ ਅਗਲੀ ਨਵੀਂ ਫਿਲਮ ਦੀ ਬੇਚੈਨੀ ਨਾਲ ਉਡੀਕ ਕਰਦੇ ਸਨ। 1913 ਤੋਂ ਲੈ ਕੇ 1934 ਦੇ ਸਮੇਂ ਤੱਕ 1330 ਸ਼ੁਰੂ ਫਿਲਮਾਂ ਦਾ ਨਿਰਮਾਣ ਹੋਇਆ।

ਆਵਾਜ਼ ਰਹਿਤ ਫਿਲਮਾਂ 'ਚ ਖਾਸ ਫਿਲਮਾਂ ਇਹ ਸਨ ਜਿਹਨਾਂ ਨੇ ਅੰਤਰ ਰਾਸ਼ਟਰੀ ਬਾਜ਼ਾਰ'ਚ ਵੀ ਤਹਿਲਕਾ ਮਚਾਇਆ ਤੇ ਕਈ ਐਵਾਰਡ ਵੀ ਜਿੱਤੇ, ਇਹ ਫਿਲਮਾਂ ਸਨ ਲੰਕਾ, ਦਹਾਂ, ਪ੍ਰਹਲਾਦ ਚਰਿਤਰ, ਦਾਤਾ ਕਰਨਾ, ਜੈਮਿਨੀ, ਕਬੀਰ ਕਮਲ, ਮਹਾਭਾਰਤ, ਨਰਸਿਮਹਾ ਅਵਤਾਰ, ਵਾਲਮੀਕੀ,



ਦਾਮਾਜੀ, ਦਰੋਪਦੀ ਸਵੰਬਰ, ਵਿਰਾਟ ਪਰਵਾ, ਜਨਕ ਵਿਦੋਹੀ, ਧਰਮਾ ਵਿਜੇ, ਸਤੀ ਨਰਮਦਾ, ਲਾਰਡ ਬੁੱਧਾ, ਸੀਤਾ ਵਨਵਾਸ, ਵਸੰਤ ਪ੍ਰਭਾ, ਵੀਰ ਅਹੀਰ, ਬਲੈਕ ਬੀਫ, ਚਰਖਾ, ਦੇਵ ਦਾਸੀ, ਗੁਲ-ਏ-ਅਨਾਰ, ਜਲ ਕੁਮਾਰੀ, ਕਾਲੀ ਨਾਗਿਨ, ਮਾਸਟਰ ਸਟਰੈਕ, ਨਕਲੀ ਰਾਨੀ, ਨੇਤਾ ਜੀ ਮਾਲਕਰ, ਪਾਪਾ'ਜ਼ ਵਾਈਫ, ਪ੍ਰਿੰਮਸਲੈਲਾ, ਸਤਿਸੰਗ, ਦਾ ਮਿਸ਼ਨ ਗਰਲ, ਵਿਲੇਜ ਗਰਲ, ਅਨਾਰਕਲੀ, ਆਂਖ ਦਾ ਨਸ਼ਾ, ਮਾਧੁਰੀ, ਰਾਜ ਕੁਮਾਰ, ਸਿਲਵਰ ਕਲਾਉਡ, ਸਰੋਜਨੀ, ਮਧੂ ਬੰਸਰੀ, ਲਾਅ ਆਫ ਲਵ, ਕੁਸਮ ਕੁਮਾਰੀ, ਕੁਮੁਦ ਕੁਮਾਰੀ, ਮਿਸ ਡੌਲੀ, ਨਸੀਬ ਕੀ ਦੇਵੀ, ਪੰਜਾਬ ਕੇਸਰੀ, ਰਾਜ ਹੰਸਾ, ਰਾਜ ਸਨਿਆਸ, ਪਤੀ-ਪਤਨੀ, ਰਾਮ ਦਾਸ, ਸ਼ਿਰਾਜ਼, ਸਟੇਜ ਗਰਲ, ਵੀਰ ਪੂਜਨ, ਯੰਗ ਇੰਡੀਆ, ਦੇਵਰਾਨੀ, ਗਿਰੀਬਾਲਾ, ਸੈਂਬਲਰ, ਗਣੇਸ਼ ਜਨਮ, ਰਾਧਾਰਾਣੀ, ਰਾਮ ਰਹੀਮ, ਬਲੈਕ ਰਾਈਡਰ, ਛੋਟਾ ਚੋਰ, ਗੁਰਜਰਵੀਰ, ਹਨੁਮਾਨ ਜਨਮ, ਵਿਜੇ ਡੰਕਾ ਅਤੇ ਕਮਲ ਹਾਸਨ ਦੀ ਫਿਲਮ ਛੋਟਾ ਚੇਤਨ ਆਦਿ ਹਨ। ਇੰਪੀਅਰਲ ਕੰਪਨੀ ਦੀ 1931 'ਚ ਆਲਮ ਆਰਾ ਟਾਕੀ ਫਿਲਮ (ਬੋਲਦੀ ਫਿਲਮ) ਆਉਣ ਨਾਲ ਆਵਾਜ਼ ਰਹਿਤ ਫਿਲਮਾਂ ਬਣਨੀਆਂ ਬੰਦ ਹੋ ਗਈਆਂ। ਮਾਸਟਰ ਵਿਠਲ ਅਤੇ ਨਾਇਕਾ ਜ਼ੁਬੇਦਾ ਨੇ ਜਦੋਂ ਪਰਦੇ ਤੇ ਸੰਵਾਦ ਬੋਲੇ ਤਾਂ ਦਰਸ਼ਕਾਂ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਫਿਰੋਜ਼ ਸ਼ਾਹ ਮਿਸਤਰੀ ਨੇ ਜਦੋਂ ਡਬਲਿਊ ਐਮ ਖਾਨ ਦੀ ਆਵਾਜ਼ 'ਚ ਗੀਤ ਗਵਾਏ ਤਾਂ ਦਰਸ਼ਕਾਂ ਨੇ ਇਸ ਆਵਾਜ਼ ਦਾ ਬੜਾ ਆਨੰਦ ਉਠਾਇਆ। 'ਦੇ ਦੇ ਅੱਲਾ ਦੇ ਨਾਮ' ਗੀਤ ਹਿਟ ਸੀ।

ਆਵਾਜ਼ ਰਹਿਤ ਫਿਲਮਾਂ ਦੇ ਕਲਾਕਾਰ ਕਈ ਪ੍ਰਸਿੱਧ ਹੋਏ ਜਿਵੇਂ ਖਲਿਲ, ਪੀ ਮਦਨ, ਸੁਸ਼ੀਲਾ ਦੇਵੀ, ਪੇਸ਼ੈਂਟ ਕਪੂਰ, ਕੇ. ਅਡਜਾਨੀਆ, ਕੁਸੁਮ ਕੁਮਾਰੀ, ਦੁਰਗਾ ਰਾਣੀ, ਨਿਰੋਦਾ ਸੁੰਦਰੀ, ਗੌਹਰ, ਲੀਨਾ ਵੈਲਨਟਾਈਨ, ਫਾਤਿਮਾ, ਮਿਸ ਚੰਦਾ, ਨਿਲੀਮਾ, ਇਜ਼ਰਾ ਮੀਰ, ਅਹਿੰਦਸਰਾ ਚੌਧਰੀ, ਰਾਜਾ ਸੈਂਡੋ, ਤਾਰਾ, ਸੁਲਤਾਨਾ, ਜ਼ੁਬੇਦਾ, ਜਮਨਾ, ਬੱਚੂ ਪਵਾਰ, ਸ਼ਿੰਦੇ, ਪ੍ਰਭਾ ਦੇਵੀ, ਨਿਰਮਲਾ ਦੇਵੀ, ਲਹਿਰੀ, ਦੁਲਾਰੀ, ਫਾਤਿਮਾ ਬੇਗਮ, ਮਿਸ ਯਕਬਲ, ਮੋਹਨ ਲਾਲਾ, ਗੁਲਾਬ, ਗੰਗਾ ਰਾਮ, ਏ. ਕੇ. ਚੱਕਰਾਵਰਤੀ, ਦੁਰਗਾ ਦਾਸ, ਮੁਹੰਮਦ ਹੁਸੈਨ, ਵੀ. ਸ਼ਾਂਤਾਰਾਮ, ਕਮਲਾ ਦੇਵੀ, ਗੌਹਰ, ਮੋਤੀ, ਪੁਤਲੀ, ਸੁਲੋਚਨਾ, ਐਮ. ਵਕੀਲ, ਜਿਲੋ, ਜੰਬੂ ਨਿਸਾ, ਗੰਗੂ ਬਾਈ, ਕੇਦਾਰ ਚੈਟਰਜੀ, ਸ਼ਹਿਜਾਦੀ, ਰਾਣੀ ਸੁੰਦਰੀ, ਰਮੇਲਾ, ਨਰੇਸ਼ ਮਿੱਤਰ, ਦੇਵਕੀ ਬੋਸ, ਲਲੀਤਾ ਪਵਾਰ, ਬੋਮਨ ਸ਼ਰਾਫ, ਪਦਮਾ, ਮਹਿਤਾਬ ਹੋਸ਼ੀ ਮਾਸਟਰ, ਆਰ. ਐਨੀ ਵੈਦਿਆ, ਮੰਜੁਲਾ, ਵਿਜਿਆ, ਕੇ. ਈ. ਹੁਰਕਸਨੀ, ਲੋਬੋ ਆਦਿ ਕਲਾਕਾਰਾਂ ਨੂੰ ਵੱਖ ਵੱਖ ਨਿਰਦੇਸ਼ਕ ਨੇ ਨਿਰਦੇਸ਼ਿਤ ਕੀਤਾ।

ਆਵਾਜ਼ ਰਹਿਤ ਫਿਲਮਾਂ ਦੇ ਕਈ ਨਿਰਦੇਸ਼ਕ ਹੋਏ ਜਿਹਨਾਂ ਨੇ ਫਿਲਮ ਇਤਿਹਾਸ ਦੇ ਪੰਨਿਆਂ 'ਚ ਆਪਣਾ ਨਾਂਅ ਦਰਜ ਕੀਤਾ। ਇਹ ਨਿਰਦੇਸ਼ਕ ਸਨ ਡੀ. ਜੀ. ਫਾਲਕੇ, ਐਮ. ਐਨ. ਪਾਟਨਕਰ, ਸੁਚੇਤ ਸਿੰਘ, ਬਾਬੂ ਰਾਓ ਪੇਂਟਰ, ਧੀਰੇਨ ਗੰਗੋਲੀ, ਐਸ. ਕੇ. ਭਾਦੁਰੀ, ਜੇ. ਜੇ. ਮਦਨ, ਸੀ. ਲੈਗਰਾਂਡ, ਮਨੀ ਲਾਲ ਜੋਸ਼ੀ, ਹੋਮੀ ਮਾਸਟਰ, ਕਾਸ਼ੀਨਾਥ ਚੈਟਰਜੀ, ਨਵਲ ਗਾਂਧੀ, ਆਹੁਦੇਸ਼ਿਰ ਇਰਾਨੀ ਲਾਲਾ ਦੇਸਾਈ, ਐਨ. ਡੀ. ਸਰਪੋਤਦਰ, ਚੰਦੂ ਲਾਲ ਸ਼ਾਹ, ਭਗਨਾਨੀ, ਕੇ. ਰਾਠੌੜ, ਐਚ. ਮਹਿਤਾ, ਆਰ. ਐਸ. ਚੌਧਰੀ, ਫਾਤਮਾ ਬੇਗਮ, ਕੇ. ਪੀ. ਭਾਵੇ, ਫਰਾਂਜ਼ ਆਸਟਨ, ਜੀ. ਐਸ. ਡੰਵਾਰੇ, ਪ੍ਰਿਆਨਾਥ ਗੰਗੋਲੀ, ਜੈ ਗੋਪਾਲ ਪਿਲੇ, ਐਮ. ਭਵਨਾਨੀ, ਕੇ. ਪੀ ਘੋਸ਼, ਪ੍ਰਫੁੱਲਾ ਘੋਸ਼, ਐਨ. ਮਜੂਮਦਾਰ, ਏ. ਪੀ. ਕਪੂਰ, ਐਨ. ਡੀ. ਸਰਪੋਤਦਾਰ, ਡੀ. ਏ. ਡਾਂਡੇਕਰ, ਰਮਾਕਾਂਤ ਰੰਗਨਾਥ, ਹਰੀ ਭਾਈ ਦੇਸਾਈ ਦੇ ਇਲਾਵਾ ਹੋਰ ਵੀ ਕਈ ਨਿਰਦੇਸ਼ਕ ਹਨ। ਜਿਹਨਾਂ ਨੇ ਮੂਕ ਫਿਲਮਾਂ ਦਾ ਨਿਰਦੇਸ਼ਨ ਕਰਕੇ ਫਿਲਮ ਇਤਿਹਾਸ ਦੇ ਪੰਨਿਆਂ 'ਚ ਨਾਂਅ ਦਰਜ ਕੀਤਾ ਹੈ। ਕਮਲ ਹਾਸਲ, ਡੇਵਿਡ ਧਵਨ, ਅਨੀਸ ਬਜ਼ਮੀ ਤੇ ਹੋਰ ਕਈ ਵਿਦੇਸ਼. ਕੰਪਨੀਆਂ ਵੀ ਆਵਾਜ਼ ਰਹਿਤ ਫਿਲਮਾਂ ਦਾ ਨਿਰਮਾਣ ਕਰਨ ਵਾਲੀਆਂ ਹਨ। ਦੱਖਣ ਦੇ ਨਿਰਮਾਤਾ ਰਾਮਾ ਜੀ ਰਾਓ ਪ੍ਰੋਡਕਸ਼ਨ ਸ਼੍ਰੀ ਡੀ. ਮੂਨ ਫਿਲਮ ਦਾ ਨਿਰਮਾਣ ਕਰਨ ਵਾਲੇ ਸਨ।

---

## ਖਾਲਿਸਤਾਨੀ ਤੂਫਾਨ ਸਿੰਘ ਦੀ ਲੜਾਈ ਪੁੱਜੀ ਸੁਪਰੀਮ ਕੋਰਟ !

ਖਾੜਕੂ ਜੁਗਰਾਜ ਸਿੰਘ ਤੂਫ਼ਾਨ ਦੇ ਜੀਵਨ 'ਤੇ ਬਣੀ ਫ਼ਿਲਮ 'ਤੂਫ਼ਾਨ ਸਿੰਘ' ਉੱਤੇ ਸੈਂਸਰ ਬੋਰਡ ਵੱਲੋਂ ਦੂਜੀ ਵਾਰ ਰੋਕ ਲਾਏ ਜਾਣ ਦੇ ਬਾਵਜੂਦ ਫ਼ਿਲਮ ਨਿਰਮਾਤਾ ਦਿਲਬਾਗ ਸਿੰਘ ਨੇ ਹਾਰ ਨਹੀਂ ਮੰਨੀ ਹੈ ਅਤੇ ਉਨ੍ਹਾਂ ਭਾਰਤ ਵਿੱਚ ਫ਼ਿਲਮ ਰਿਲੀਜ਼ ਕਰਵਾਉਣ ਲਈ ਕਾਨੂੰਨੀ ਲੜਾਈ ਲੜਨ ਦਾ ਫ਼ੈਸਲਾ ਕੀਤਾ ਹੈ। ਇਸ ਲਈ ਉਹ ਸੁਪਰੀਮ ਕੋਰਟ ਤੱਕ ਪਹੁੰਚ ਕਰਨਗੇ। ਜ਼ਿਕਰਯੋਗ ਹੈ ਕਿ ਇਹ ਫ਼ਿਲਮ ਪਹਿਲਾਂ ਪਿਛਲੇ ਸਾਲ 16 ਜੁਲਾਈ ਨੂੰ ਰਿਲੀਜ਼ ਹੋਣੀ ਸੀ ਪਰ ਸੈਂਸਰ ਬੋਰਡ ਨੇ ਇਸ 'ਤੇ ਪਾਬੰਦੀ ਲਾ ਦਿੱਤੀ ਸੀ ਫ਼ਿਲਮ ਨਿਰਮਾਤਾ ਦਿਲਬਾਗ ਸਿੰਘ ਨੇ ਇੰਗਲੈਂਡ ਤੋਂ ਗੱਲਬਾਤ ਕਰਦਿਆਂ ਕਿਹਾ ਕਿ ਜੁਗਰਾਜ ਸਿੰਘ ਤੂਫ਼ਾਨ ਨੂੰ ਸਭ ਵਰਗਾਂ ਤੇ ਧਰਮਾਂ ਦੇ ਲੋਕ ਪਿਆਰ ਕਰਦੇ ਸਨ ਅਤੇ ਉਨ੍ਹਾਂ ਦੇ ਨਾਂ 'ਤੇ ਅੱਜ ਵੀ ਉਨ੍ਹਾਂ ਦੇ ਪਿੰਡ ਵਿੱਚ ਟੂਰਨਾਮੈਂਟ ਕਰਵਾਏ ਜਾਂਦੇ ਹਨ। ਵੱਡੇ ਬਜਟ ਨਾਲ ਇਹ ਫ਼ਿਲਮ ਬਣਾਈ ਗਈ ਹੈ, ਜਿਹੜੀ ਪੰਜਾਬੀ ਫ਼ਿਲਮ ਜਗਤ ਨੂੰ ਨਵਾਂ ਮੁਕਾਮ ਦੇਵੇਗੀ। ਫ਼ਿਲਮ 'ਚ ਕੁਝ ਵੀ ਇਤਰਾਜ਼ਯੋਗ ਨਹੀਂ ਹੈ। ਇਸ ਵਿੱਚ ਜੁਗਰਾਜ ਸਿੰਘ ਤੂਫ਼ਾਨ ਦੇ ਜੀਵਨ ਦੀ ਅਸਲ ਕਹਾਣੀ ਦਿਖਾਈ ਗਈ ਹੈ। ਦਿਲਬਾਗ ਸਿੰਘ ਨੇ ਕਿਹਾ ਕਿ ਉਹ ਛੇਤੀ ਭਾਰਤ ਆ ਕੇ ਫ਼ਿਲਮ ਨੂੰ ਰਿਲੀਜ਼ ਕਰਵਾਉਣ ਲਈ ਹਰ ਸੰਭਵ ਹੀਲਾ ਕਰਨਗੇ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ 4 ਅਗਸਤ ਨੂੰ ਉਨ੍ਹਾਂ ਦੀ ਫ਼ਿਲਮ ਭਾਰਤ ਵਿੱਚ ਰਿਲੀਜ਼ ਨਾ ਹੋਵੇ ਪਰ ਦੇਰ-ਸਵੇਰ ਜ਼ਰੂਰ ਰਿਲੀਜ਼ ਜ਼ਰੂਰ ਹੋਵੇਗੀ।

## 2017 ਦੇ 50 ਸਭ ਤੋਂ ਪ੍ਰਭਾਵਸ਼ਾਲੀ ਨੌਜਵਾਨਾਂ 'ਚ ਬਾਲੀਵੁੱਡ ਅਦਾਕਾਰ ਰਣਵੀਰ ਸਿੰਘ, ਗਾਇਕ ਦਿਲਜੀਤ ਦੋਸਾਂਝ ਸ਼ਾਮਲ

ਨਵੀਂ ਦਿੱਲੀ: ਜੀ ਕਿਊ ਮੈਗਜ਼ੀਨ ਵੱਲੋਂ ਜਾਰੀ 2017 ਦੇ 50 ਸਭ ਤੋਂ ਪ੍ਰਭਾਵਸ਼ਾਲੀ ਨੌਜਵਾਨਾਂ 'ਚ ਬਾਲੀਵੁੱਡ ਅਦਾਕਾਰ ਰਣਵੀਰ ਸਿੰਘ, ਗਾਇਕ ਦਿਲਜੀਤ ਦੋਸਾਂਝ, ਰਾਜ ਕੁਮਾਰ ਰਾਓ, ਬੈਡਮਿੰਟਨ ਖਿਡਾਰੀ ਪੀ.ਵੀ. ਸੰਧੂ ਤੇ ਪੇਟੀਐਮ ਦੇ ਸੰਸਥਾਪਕ ਵਿਜੇ ਸੇਖਰ ਸ਼ਰਮਾ ਸ਼ਾਮਲ ਹਨ। ਪੰਜਾਬੀ ਗਾਇਕ ਦਿਲਜੀਤ ਦੋਸਾਂਝ ਲਈ ਇਹ ਵੱਡੀ ਪ੍ਰਾਪਤੀ ਹੈ। ਜੀ ਕਿਊ ਨੇ ਆਪਣੀ ਲਿਸਟ 40 ਤੋਂ ਘੱਟ ਉਮਰ ਦੇ ਵੱਖ-ਵੱਖ ਦੇਸ਼ਾਂ ਤੇ ਵੱਖ-ਵੱਖ ਪੇਸ਼ਿਆਂ ਜਿਵੇਂ ਬਿਜ਼ਨਸ, ਸਿਆਸਤ, ਫੈਸ਼ਨ ਡਿਜ਼ਾਈਨ, ਮੀਡੀਆ, ਖਾਣ ਪੀਣ, ਮਨੋਰੰਜਨ ਖੇਡ ਆਦਿ ਦੀਆਂ ਹਸਤੀਆਂ ਨੂੰ ਸ਼ਾਮਲ ਕੀਤਾ ਸੀ। ਇਹ ਲਿਸਟ ਸ਼ੁੱਕਰਵਾਰ ਨੂੰ ਜਨਤਕ ਕੀਤੀ ਗਈ ਹੈ। ਇਸ ਵਿੱਚ ਗਾਇਕ ਦਿਲਜੀਤ ਦੋਸਾਂਝ ਦਾ ਨਾਂ ਆਉਣਾ ਪੰਜਾਬ ਲਈ ਵੀ ਮਾਣ ਦੀ ਗੱਲ ਹੈ।ਜੀ ਕਿਊ ਦੇ ਸੰਪਾਦਕ ਕੁਰੀਅਨ ਨੇ ਕਿਹਾ ਕਿ ਹਰ ਸਾਲ ਸੂਚੀ 'ਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਨ੍ਹਾਂ ਕੰਪਨੀਆਂ ਬਣਾਈਆਂ ਹਨ ਤੇ ਕਿਸੇ ਖੇਤਰ 'ਚ ਵੱਡੀ ਮੱਲ ਮਾਰੀ ਹੈ। ਇਸ ਲਿਸਟ 'ਚ ਅਕਾਸ਼ ਅੰਬਾਨੀ, ਅਲੰਕ੍ਰਤਾ ਸ਼੍ਰੀਵਾਸਤਵ, ਅੰਮ੍ਰਿਤ ਪਾਂਡੇ, ਨਿਤੇਸ਼ ਕੁਪਲਾਨੀ, ਅਨੀਤ ਅਰੋੜਾ, ਪ੍ਰਭਾਸ਼, ਪ੍ਰਭਾਤ ਚੌਧਰੀ, ਰਾਧਿਕਾ ਆਪਟੇ ਆਦਿ ਦੇ ਨਾਂ ਸ਼ੁਮਾਰ ਹਨ।



## ਆਯੂਸ਼ਮਨ ਖੁਰਾਨਾ 'ਟੌਫੀ' ਬਣਾਏਗਾ

ਗਾਇਕ ਹੋਣ ਦੇ ਬਾਵਜੂਦ ਆਯੂਸ਼ ਕਹਿੰਦਾ ਹੈ ਕਿ ਸਰੋਤੇ ਅਜੋਕੇ ਸੰਗੀਤ ਨੂੰ ਹਫ਼ਤੇ ਬਾਅਦ ਨਕਾਰ ਰਹੇ ਹਨ ਤੇ ਗੀਤਕਾਰ, ਗਾਇਕ, ਸੰਗੀਤਕਾਰ ਕਾਰਨ ਲੱਭਣ 'ਚ ਮਸ਼ਰੂਫ਼ ਹਨ। ਆਯੂਸ਼ਮਨ ਨੇ ਕੁਝ ਟੀ. ਵੀ. ਗੀਤ ਵੀ ਗਾਏ ਹਨ ਪਰ ਫ਼ਿਲਮੀ ਗੀਤ ਉਸ ਮੁਤਾਬਿਕ ਸਮੇਂ ਅਨੁਸਾਰ ਸਹੀ ਹਨ ਪਰ ਕਾਸ਼! ਉਹ ਸ਼ੈਲੇਂਦਰ, ਆਨੰਦ ਬਖ਼ਸ਼ੀ, ਮੁਕੇਸ਼, ਅਮਿਤ ਕੁਮਾਰ ਦੇ ਸਮੇਂ ਦਾ ਹੁੰਦਾ ਤਾਂ ਗੀਤਾਂ ਦੀ ਉਮਰ ਲੰਮੇਰੀ ਹੁੰਦੀ। ਅਭਿਨੈ ਤਾਂ ਚਲ ਹੀ ਰਿਹਾ ਹੈ, ਨਾਲ ਮਿਸਟਰ ਖੁਰਾਨਾ ਨੂੰ ਸੁੱਝਿਆ ਹੈ ਕਿ ਕਮਾਈ ਦੇ ਇਕੱਠੇ ਕੀਤੇ ਚਾਰ ਰੋਕੜੇ ਕਿਉਂ ਨਾ ਇਸ ਵਪਾਰ 'ਚ ਹੀ ਲਾ ਕੇ ਕਿਸਮਤ ਅਜ਼ਮਾਈ ਜਾਏ। ਹੁਣ ਆਯੂਸ਼ ਦੀ ਪਹਿਲੀ ਲਘੂ ਫ਼ਿਲਮ 'ਟੌਫੀ ਟੌਫੀ' ਦਾ ਨਿਰਮਾਣ ਕਾਰਜ ਸੰਭਾਲੇਗੀ ਤੇ ਨਾਲ ਹੀ 'ਟੌਫੀ' ਨੂੰ ਨਿਰਦੇਸ਼ਤ ਕਰੇਗੀ। 'ਟੌਫੀ' ਮਿੱਠੀ ਹੋਏ ਇਕ-ਦੋ ਗੀਤ ਆਯੂਸ਼ਮਨ ਗਾਏਗਾ ਤੇ ਪਹਿਲੀ ਵਾਰ ਤਾਹਿਰਾ ਇਕ ਰੁਮਾਂਟਿਕ ਗੀਤ 'ਚ ਉਸ ਦਾ ਸਾਥ ਦੇਵੇਗੀ। 'ਟੌਫੀ' ਸ਼ੁਰੂ ਕਰਨ ਦੀ ਦੇਰ ਸੀ ਕਿ ਆਯੂਸ਼ਮਨ ਨੂੰ ਮੁਕੇਸ਼ ਛਾਬੜਾ ਨੇ ਸੱਦਿਆ ਤੇ ਫਿਰ ਮੁਕੇਸ਼ ਨਾਲ ਸਹਿ-ਨਿਰਮਾਣ 'ਚ 'ਟੌਫੀ' ਤੋਂ ਬਾਅਦ ਇਕ ਹੋਰ ਫ਼ਿਲਮ ਸ਼ੁਰੂ ਹੋਏਗੀ।



## ਫ਼ਿਲਮ 'ਯੇ ਹੈ ਇੰਡੀਆ' ਨੇ ਕਾਨਜ਼ ਫ਼ਿਲਮ ਉਤਸਵ 'ਚ ਵਧਾਇਆ ਭਾਰਤ ਦਾ ਮਾਣ

ਹਾਲ ਹੀ ਵਿਚ ਹੋਏ ਕਾਨਜ਼ ਫ਼ਿਲਮ ਫੈਸਟੀਵਲ 'ਚ ਬਾਲੀਵੁੱਡ ਦੀ ਫੀਚਰ ਫ਼ਿਲਮ 'ਯੇ ਹੈ ਇੰਡੀਆ' ਨੇ ਭਾਰਤ ਅਤੇ ਭਾਰਤੀ ਸਿਨੇਮੇ ਲਈ ਖ਼ੂਬ ਪ੍ਰਸੰਸਾ ਖੱਟੀ ਹੈ। ਜੈਪੁਰ ਦੇ ਕਾਰੋਬਾਰੀ ਸ੍ਰੀ ਸੰਦੀਪ ਚੌਧਰੀ ਡੀ.ਐਲ.ਬੀ. ਬੈਨਰ ਹੇਠ ਬਣਾਈ ਗਈ ਇਸ ਫ਼ਿਲਮ ਦੀ ਖ਼ਾਸੀਅਤ ਇਹ ਹੈ ਕਿ ਆਸਟਰੇਲੀਆ 'ਚ ਜੰਮੇ-ਪਲੇ ਨੌਜਵਾਨ ਲੋਮ ਹਰਸ਼ ਨੇ ਆਪਣੇ ਨਿੱਜੀ ਤਜਰਬੇ 'ਤੇ ਅਧਾਰਤ ਫ਼ਿਲਮ ਲਿਖੀ ਅਤੇ ਨਿਰਦੇਸ਼ਤ ਕੀਤੀ ਹੈ। ਇਸ ਫ਼ਿਲਮ ਦਾ ਨਾਇਕ ਪੰਜਾਬੀ ਗੱਭਰੂ ਗੈਵੀ ਚਹਿਲ। ਇਸ ਫ਼ਿਲਮ 'ਚ ਨਾਇਕਾ ਵਜੋਂ ਮਿਸ ਇੰਡੀਆ ਯੂ. ਕੇ. ਡਿਆਨਾ ਉੱਪਲ ਨੇ ਵਧੀਆ ਭੂਮਿਕਾ ਨਿਭਾਈ ਹੈ। 4 ਅਗਸਤ ਨੂੰ ਦੁਨੀਆ ਭਰ 'ਚ ਰਿਲੀਜ਼ ਹੋਣ ਵਾਲੀ ਇਸ ਫ਼ਿਲਮ ਦਾ ਟਰੇਲਰ ਪਿਛਲੇ ਹਫਤੇ ਕੇਂਦਰੀ ਮੰਤਰੀ ਜਨਰਲ ਵੀ ਕੇ ਸਿੰਘ ਨੇ ਦਿੱਲੀ ਵਿਖੇ ਲੋਕ ਅਰਪਣ ਕੀਤਾ ਹੈ।

## ਉਮੇਸ਼ ਸ਼ੁਕਲਾ ਹੁਣ ਅਮਿਤਾਭ ਬੱਚਨ ਅਤੇ ਰਿਸ਼ੀ ਕਪੂਰ ਨੂੰ ਲੈ ਕੇ ਬਣਾ ਰਹੇ '102 ਨਾਟ ਆਊਟ'

ਓ ਮਾਈ ਗਾਡ' ਵਾਲੇ ਨਿਰਦੇਸ਼ਕ ਉਮੇਸ਼ ਸ਼ੁਕਲਾ ਹੁਣ ਅਮਿਤਾਭ ਬੱਚਨ ਅਤੇ ਰਿਸ਼ੀ ਕਪੂਰ ਨੂੰ ਲੈ ਕੇ '102 ਨਾਟ ਆਊਟ' ਬਣਾ ਰਹੇ ਹਨ। ਇਸ ਵਿਚ ਅਮਿਤਾਭ ਪਿਤਾ ਤੇ ਰਿਸ਼ੀ ਉਨ੍ਹਾਂ ਦੇ ਬੇਟੇ ਬਣੇ ਹਨ। ਫ਼ਿਲਮ ਦੀ ਖ਼ਾਸ ਗੱਲ ਇਹ ਹੈ ਕਿ ਇਸ ਵਿਚ ਅਮਿਤਾਭ ਦੀ ਉਮਰ 102 ਸਾਲ ਦਿਖਾਈ ਜਾਵੇਗੀ ਤੇ ਰਿਸ਼ੀ ਦੀ ਉਮਰ ਹੋਵੇਗੀ 75 ਸਾਲ। ਹਿੱਟ ਗੁਜਰਾਤੀ ਨਾਟਕ '102 ਨਾਟ ਆਊਟ' 'ਤੇ ਆਧਾਰਿਤ ਇਸ ਫ਼ਿਲਮ ਵਿਚ ਕਾਮੇਡੀ ਦਾ ਤੜਕਾ ਲਗਾ ਕੇ ਬਜ਼ੁਰਗਾਂ ਦੀ ਮਾਨਸਿਕਤਾ ਪੇਸ਼ ਕੀਤੀ ਜਾਵੇਗੀ। ਨਾਲ ਹੀ ਇਸ ਵਿਚ ਕੁਝ ਸੰਵਾਦ ਗੁਜਰਾਤੀ ਵਿਚ ਵੀ ਹੋਣਗੇ। ਇਹ ਫ਼ਿਲਮ ਇਸ ਸਾਲ ਦੇ ਅਖ਼ੀਰ ਵਿਚ ਪ੍ਰਦਰਸ਼ਿਤ ਹੋਵੇਗੀ।

## ਜੇ. ਪੀ. ਦੱਤਾ ਹੁਣ ਬਣਾਉਣਗੇ 'ਪਲਟਨ'

ਜੇਕਰ ਹਿੰਦੀ ਫ਼ਿਲਮਾਂ ਦੀ ਯੁੱਧ 'ਤੇ ਅਧਾਰਿਤ ਫ਼ਿਲਮਾਂ ਦੀ ਸੂਚੀ ਬਣਾਈ ਜਾਵੇ ਤਾਂ ਬਿਨਾਂ ਸ਼ੱਕ 'ਬਾਰਡਰ' ਦਾ ਇਸ ਵਿਚ ਮੁੱਖ ਸਥਾਨ ਹੋਵੇਗਾ। ਇਸ ਤਰ੍ਹਾਂ ਦੀ ਸਦਾ-ਬਹਾਰ ਫ਼ਿਲਮ ਬਣਾਉਣ ਵਾਲੇ ਜੇ. ਪੀ. ਦੱਤਾ ਨੇ ਬਾਅਦ ਵਿਚ 'ਐਲ. ਓ. ਸੀ.' ਦੇ ਰੂਪ ਵਿਚ ਦੂਜੀ ਯੁੱਧ ਫ਼ਿਲਮ ਬਣਾਈ ਅਤੇ ਹੁਣ ਉਹ 'ਪਲਟਨ' ਦੇ ਰੂਪ ਵਿਚ ਇਕ ਹੋਰ ਯੁੱਧ ਫ਼ਿਲਮ ਬਣਾਉਣ ਜਾ ਰਹੇ ਹਨ। ਇਹ ਸਾਲ 1962 ਵਿਚ ਹੋਏ ਭਾਰਤ-ਚੀਨ ਯੁੱਧ 'ਤੇ ਆਧਾਰਿਤ ਹੈ ਅਤੇ ਆਪਣੀ ਇਸ ਫ਼ਿਲਮ ਲਈ ਦੱਤਾ ਨੇ ਕਲਾਕਾਰਾਂ ਦੀ ਚੋਣ ਵੀ ਕਰ ਲਈ ਹੈ। ਅਭਿਸ਼ੇਕ ਬੱਚਨ, ਅਰਜਨ ਰਾਮਪਾਲ, ਪੁਲਕਿਤ ਸਮਰਾਟ, ਸੁਨੀਲ ਸ਼ੈਟੀ, ਸੋਨੂੰ ਸੂਦ, ਜਿੰਮੀ ਸ਼ੇਰਗਿੱਲ, ਲਵ ਸਿਨਹਾ, ਸਿਧਾਂਤ ਕਪੂਰ ਅਤੇ ਜੈਕੀ ਸ਼ਰਾਫ ਇਸ ਵਿਚ ਫੌਜੀ ਦੀ ਵਰਦੀ ਵਿਚ ਹੋਣਗੇ ਅਤੇ ਨਾਲ ਹੀ ਭਾਰਤੀ ਫੌਜ ਦੇ ਜਵਾਨ ਵੀ ਇਸ ਦੀ ਸ਼ੂਟਿੰਗ ਵਿਚ ਹਿੱਸਾ ਲੈਣਗੇ।

## ਭਾਰਤ-ਪਾਕਿ ਵੰਡ 'ਤੇ ਗੁਰਿੰਦਰ ਚੱਢਾ ਦੀ 'ਪਾਰਟੀਸ਼ਨ -1947'

ਅੱਜ ਵੀ ਘਰ ਦੇ ਵੱਡੇ ਬਜ਼ੁਰਗ ਆਪਣੀਆਂ ਗੱਲਾਂ ਵਿਚ 'ਵੰਡ ਤੋਂ ਪਹਿਲਾਂ....' ਜਾਂ 'ਪਾਕਿਸਤਾਨ ਬਣਨ ਤੋਂ ਪਹਿਲਾਂ...' ਕਹਿੰਦੇ ਹੋਏ ਉਸ ਦੌਰ ਦੀਆਂ ਗੱਲਾਂ ਕਰਦੇ ਦੇਖੇ ਜਾਂਦੇ ਹਨ। ਵੰਡ ਦੇ ਇਸ ਦਰਦ 'ਤੇ ਕਈ ਫ਼ਿਲਮਾਂ



ਵੀ ਬਣੀਆਂ ਹਨ ਅਤੇ ਇਸੇ ਲੜੀ ਵਿਚ ਹੁਣ ਗੁਰਿੰਦਰ ਚੱਢਾ 'ਪਾਰਟੀਸ਼ਨ-1947' ਲੈ ਕੇ ਪੇਸ਼ ਹੋ ਰਹੀ ਹੈ। ਆਪਣੀ ਇਸ ਫ਼ਿਲਮ ਬਾਰੇ ਗੁਰਿੰਦਰ ਦਾ ਦਾਅਵਾ ਹੈ ਕਿ ਇਸ ਵਿਚ ਉਹ ਗੱਲਾਂ ਪੇਸ਼ ਕੀਤੀਆਂ ਗਈਆਂ ਹਨ ਜੋ ਦੇਸ਼ ਦੀ ਜਨਤਾ ਤੋਂ ਲੁਕਾਈਆਂ ਗਈਆਂ ਸਨ। ਆਜ਼ਾਦੀ ਦੇ ਪੰਜਾਹ ਸਾਲ ਬਾਅਦ ਕਈ ਇਸ ਤਰ੍ਹਾਂ ਦੇ ਗੁਪਤ ਸਰਕਾਰੀ ਦਸਤਾਵੇਜ਼ ਬਾਹਰ ਆਏ ਜਿਸ ਵਿਚ ਵੰਡ ਸਬੰਧੀ ਸੰਵੇਦਨਸ਼ੀਲ ਜਾਣਕਾਰੀਆਂ ਸਨ। ਉਨ੍ਹਾਂ ਗੱਲਾਂ ਨੂੰ ਇਸ ਵਿਚ ਪੇਸ਼ ਕੀਤਾ ਗਿਆ ਹੈ।





# TIYAN MELA

**Saturday August, 5 2017 Time 4 PM to 9 PM**

**Anderson Community Service Park and Recreation, 1887 Howard Street Anderson, CA 96007**

## Items: Dance / Performance / Giddha / Food



**For participation, Please contact :-**

Paramjit Kaur (650) 452-5022
Kuldip Kaur (530) 356-6710
Baljit Kaur (530) 321-4216
Navreet Kaur (530) 840-1155
Mandeep Kaur (530) 646-7334
Harvinder Kaur (530) 605-8183

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
**650-642-0697**

# 3525 Highway 99, West Corning, CA 96021
**Across the Street from TA Truck Stop**

# NINTH ANNUAL

# IVACC PICNIC 2017

## In Honor of Late

# Commissioner Lahori Ram



## Forerunner Indo-American to become involved in California politics.

**"Nothing is ever really lost to us as long as we remember it"**
**L.M. Montgomery**

# Sunday AUGUST 6, 2017

## 11:00 AM to 6 PM

**No Charge**

*Hot Cholay Bhturas will be prepared on site (Authentic Indian Cuisine) by Jimmy's Indian Restaurant (Yuba City) - Phone (530) 821- 0121 - Fax (530) 821- 0122*

**At: Elk Grove Park**
**9950 Elk Grove-Florin Road, Section C, Elk Grove, CA**

**Program consists of:**

* Program consists of: DJ, Sports for all ages, Musical contest. Tug of war and Awards for all ages. Jump house.
* Teams contest: Volleyball, Cricket,
* Soccer and Wrestling demonstration
* We have limited time but unlimited fun.

**Directions** From Elk Grove Blvd East-Turn Right at Elk Grove-Florin Road.

**Program consists of: DJ, Sports for all ages, Musical contest. Tug of war and Awards for all ages. Jump house.**

**Teams contest:** Volleyball, Cricket,Soccer and Wrestling demonstration

***We have limited time but unlimited fun.***

## Ninth Annual Picnic in Memory of Commissioner Lahori Ram

### THEME: LAHORI RAM -- INDIAN TRAILBLAZER IN CALIFORNIA POLITICS

Lahori Ram was one of the first Indo-Americans to become involved in California politics and he encouraged many others to become a part of the political process. His motto was "United We Stand and Divided We Fall." He told all Indians to unite together and realize their political power. He said that until the Indo-American community gets active in the political process, they will have no real power in this country. Taxation without representation is the problem the early settlers of the United States faced and we as Indians were becoming victims of this same problem.

A mentor for Indians wanting to get involved in the American political process, Lahori Ram was the first Indo-American to be appointed to a statewide commission in California. Mr. Ram was first appointed to the California Small Business Commission. He later served on the California Trade, Technology, and Commerce Commission. He also served on the California Transportation Commission.

He was nominated by California State Governor Gray Davis to the highly exclusive California Economic Development Commission in 2003. In this position, he helped out many Indian community members and arranged many meetings for the Indian community to meet with many elected officials. He facilitated a dialogue between the Indian community and many distinguished politicians. The Indian community had an opportunity to tell their story and voice their opinion about the issues that directly affected them.

Lahori Ram served as an inspiration and role model to many aspiring politicians. He opened up many doors for our community. Many politicians have a special respect for the Indian community due to the great work of Mr. Lahori Ram. His contributions to the Indian community and pioneering work in the California political process justify the title of "Indian Trailblazer in California Politics" that is rightfully due to Mr. Lahori Ram.

## Important Notes

IVACC has the privilege to invite you at our picnic with no charge. Come and enjoy your day in the company of your elected representatives.

**For further information please contact:**

| | |
|---|---|
| Jack Ram | 650-455-9026 |
| Paul Ram | 650-296-4208 |
| Pawittar Nahal | 916 601 8885 |
| Amarjeet Bedi/Lodi | 209 368 0415 |
| Manisha Sharma | 530 682 8328 |
| Sukh C. Singh | 916-802-5776 |